



The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar






Vol: 9 No: 197 Website : www.punjabiakhbaar.ca EmaiÍ: editor@punjabiakhbaar.ca Friday, 3 June 2022


# ਪੰਜ ਤੱਤਾਂ 'ਚ ਵਿਲੀਨ ਹੋਏ ਸਿੱਧੂ ਮੂਸੇ ਵਾਲਾ

## ਪਿਤਾ ਨੇ ਦਿੱਤੀ ਮੁੱਖ ਅਗਨੀ, ਹਜਾਰਾਂ ਨਮ ਅੱਖਾਂ ਨੇ ਕਿਹਾ ਅਲਵਿਦਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਅੱਜ ਪੰਜ ਤੱਤਾਂ 'ਚ ਵਿਲੀਨ ਹੋ ਗਏ ਹਨ। ਸਿੱਧੂ ਮੂਸੇ ਵਾਲਾ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਪਿਤਾ ਵਲੋਂ ਮੁੱਖ ਅਗਨੀ ਦਿੱਤੀ ਗਈ। ਸਿੱਧੂ ਦਾ 29 ਮਈ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਦੀ



ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਦੇ ਗੋਲਡੀ ਬਰਾੜ ਨੇ ਲਈ।

ਸਿੱਧੂ ਮੂਸੇ ਵਾਲਾ ਦਾ ਅੰਤਿਮ ਸੰਸਕਾਰ ਪਹਿਲਾਂ ਮੂਸਾ ਪਿੰਡ ਦੇ ਸ਼ਮਸ਼ਾਨਘਾਟ ਵਿਖੇ ਹੋਣਾ ਸੀ ਪਰ ਮਾਪਿਆਂ ਨੇ ਉਸ ਦਾ ਅੰਤਿਮ ਸੰਸਕਾਰ ਸਿੱਧੂ ਦੇ ਖੇਤਾਂ 'ਚ ਕਰਨ ਦਾ ਫੈਸਲਾ ਕੀਤਾ। ਨਾਲ ਹੀ ਉਨ੍ਹਾਂ ਸਿੱਧੂ ਦਾ ਸਟੈਚੂ ਬਣਾਉਣ ਦੀ ਵੀ ਗੱਲ ਆਖੀ।

ਸਿੱਧੂ ਤੇ ਅੰਤਿਮ ਸੰਸਕਾਰ ਤੋਂ ਪਹਿਲਾਂ ਉਸ ਨੂੰ ਆਖਰੀ ਵਾਰ ਤਿਆਰ ਕਰਨ ਦੀ ਵੀਡੀਓ ਨੇ ਲੋਕਾਂ ਨੂੰ ਬੇਹੱਦ ਭਾਵੁਕ ਕੀਤਾ। ਮਾਪਿਆਂ ਨੂੰ ਆਖਰੀ ਰਸਮਾਂ ਨਿਭਾਉਂਦੇ ਦੇਖ ਹਰ ਕਿਸੇ ਦਾ ਦਿਲ ਉਦਾਸ ਹੋ ਗਿਆ।

ਸਿੱਧੂ ਦੇ ਪ੍ਰਸ਼ੰਸਕ ਸਵੇਰ ਤੋਂ ਹੀ ਉਸ ਦੇ ਅੰਤਿਮ ਦਰਸ਼ਨਾਂ ਲਈ ਮੂਸਾ ਪਿੰਡ ਪਹੁੰਚ ਰਹੇ ਸਨ। ਪਰਿਵਾਰ ਦੇ ਨਾਲ-ਨਾਲ ਉਸ ਨੂੰ ਚਾਹੁਣ ਵਾਲੇ ਪ੍ਰਸ਼ੰਸਕ ਬੇਹੱਦ ਭਾਵੁਕ ਹੁੰਦੇ ਨਜਰ ਆਏ। 28 ਸਾਲ ਦੀ ਉਮਰ 'ਚ ਆਪਣੇ ਚਹੇਤੇ ਸਿਤਾਰੇ ਨੂੰ ਗਵਾਉਣ ਦਾ ਹਰ ਕਿਸੇ ਨੂੰ ਦੁੱਖ ਹੈ। ਦੱਸ ਦੇਈਏ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਖਿਲਾਫ ਵੀ ਸਿੱਧੂ ਦੇ ਚਾਹੁਣ ਵਾਲਿਆਂ ਦਾ ਗੁੱਸਾ ਨਜਰ ਆਇਆ। ਸਿੱਧੂ ਦੇ ਪ੍ਰਸ਼ੰਸਕ ਉਸ ਦੀ ਸੁਰੱਖਿਆ ਖੋਹਣ ਦੇ ਚੱਲਦਿਆਂ ਭਗਵੰਤ ਮਾਨ ਖਿਲਾਫ ਰੋਸ ਦਾ ਪ੍ਰਗਟਾਵਾ ਕਰ ਰਹੇ ਸਨ।

ਪੰਜਾਬ, ਹਰਿਆਣਾ, ਰਾਜਸਥਾਨ ਤੋਂ ਵੱਡੀ ਗਿਣਤੀ ਵਿਚ ਲੋਕ ਪੁੱਜੇ ਹੋਏ ਸਨ। ਇਸ ਮੌਕੇ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਪੁੱਤ ਦੇ ਸਿਰ ਉਤੇ ਆਖਰੀ ਵਾਰ ਜੂੜਾ ਕੀਤਾ ਅਤੇ ਪਿਤਾ ਬਲਕੌਰ ਸਿੰਘ ਵਲੋਂ ਆਪਣੇ ਪੁੱਤਰ ਦੇ ਸਿਰ ਉਤੇ ਨਾਬੀ ਰੰਗ ਦੀ ਪੱਗ ਨੂੰ ਅੰਤਿਮ ਵਿਦਾਇਗੀ ਵੇਲੇ ਸਜਾਇਆ ਗਿਆ। ਸਿੱਧੂ ਮੂਸੇਵਾਲਾ ਦੇ ਪਿਤਾ ਨੇ ਲੋਕਾਂ ਦੀ ਜੁੜੀ ਵੱਡੀ ਭੀੜ ਦਾ ਆਪਣੇ ਸਿਰ ਤੋਂ ਪੱਗ ਲਾਹਕੇ ਧੰਨਵਾਦ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਰਾਜਸੀ ਨੇਤਾ ਜੁੜੇ ਹੋਏ ਸਨ।ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇ ਵਾਲੇ ਦੇ ਅੰਤਿਮ ਦਰਸਨਾਂ ਲਈ ਵੱਡੇ ਪੱਧਰ ਉਤੇ ਲੋਕਾਂ ਦਾ ਇਕੱਠ ਜੁੜਿਆ। ਲੋਕ ਅੱਧੀ ਰਾਤ ਤੋਂ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਤੋਂ ਪੁੱਜੇ। ਦੇਹ ਨੂੰ ਸਸਕਾਰ ਲਈ ਸਿੱਧੂ ਮੂਸੇਵਾਲਾ ਦੇ ਮਨਪਸੰਦ ਟਰੈਕਟਰ 5911 ਉਤੇ ਲਿਜਾਇਆ ਗਿਆ। ਸਸਕਾਰ ਪਿੰਡ ਮੂਸਾ ਦੀ ਸਮਸਾਨ ਭੂਮੀ ਵਿੱਚ ਕਰਨ ਦੀ ਥਾਂ, ਸਗੋਂ ਉਸ ਦੇ ਆਪਣੇ ਖੇਤਾਂ ਵਿਚ ਕੀਤਾ ਗਿਆ।

# ਕਨੇਡਾ ਆਉਣ ਵਾਲਿਆਂ ਨੂੰ 30 ਜੂਨ ਤੱਕ ਕੋਵਿਡ ਸਬੰਧੀ ਸ਼ਰਤਾਂ ਅਧੀਨ ਹੀ ਆਉਣ ਦੀ ਆਗਿਆ ਮਿਲੇਗੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਸਰਕਾਰ ਵੱਲੋਂ ਕੈਨੇਡਾ ਵਿੱਚ ਦਾਖਲ ਹੋਣ ਵਾਲਿਆਂ ਲਈ ਨਿਯਮਾਂ ਨੂੰ 30 ਜੂਨ ਤੱਕ ਵਧਾ ਦਿੱਤਾ ਗਿਆ ਹੈ। ਇਨ੍ਹਾਂ ਨਿਯਮਾਂ ਤਹਿਤ ਕੈਨੇਡਾ ਵਿੱਚ ਦਾਖਲ ਹੋਣ ਤੋਂ ਪਹਿਲਾਂ ਯਾਤਰੀਆਂ ਨੂੰ ਅਰਾਈਵ ਕੈਨ ਐਪ ਉੱਪਰ ਆਪਣੇ ਕੋਰੋਨਾ ਵੈਕਸੀਨੇਸ਼ਨ ਸਬੰਧੀ ਜਾਣਕਾਰੀ ਅਪਲੋਡ ਕਰਨੀ ਲਾਜ਼ਮੀ ਹੋਵੇਗੀ। ਜੋ ਯਾਤਰੀ ਪੂਰੀ ਤਰ੍ਹਾਂ ਵੈਕਸੀਨੇਟਡ ਹੋਣਗੇ ਉਨ੍ਹਾਂ ਲਈ ਕੈਨੇਡਾ ਚ ਦਾਖਲ ਹੋਣ ਤੋਂ ਪਹਿਲਾਂ ਕੋਰੋਨਾ ਟੈਸਟ ਕਰਵਾਉਣੇ ਲਾਜ਼ਮੀ ਨਹੀਂ ਹੋਣਗੇ। ਪਰ ਜਿਹੜੇ ਯਾਤਰੀ ਪੂਰੀ ਤਰ੍ਹਾਂ ਵੈਕਸੀਨੇਟਡ ਨਹੀਂ ਹੋਣਗੇ ਉਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਦੀ ਆਗਿਆ ਹੀ ਨਹੀਂ ਹੋਵੇਗੀ। ਕੈਨੇਡਾ ਦੇ ਟਰਾਂਸਪੋਰਟ ਮੰਤਰੀ ਓਮਰ ਅਲਗਬਰਾ ਨੇ ਇਸ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਆਖਿਆ ਕਿ ਅਸੀਂ ਲੋਕਾਂ ਦੀ ਸਿਹਤ ਦੀ ਸੁਰੱਖਿਆ ਅਤੇ ਆਰਥਿਕਤਾ ਵਿੱਚ ਗਤੀਸ਼ੀਲਤਾ ਵਿੱਚ ਬੈਲੇਂਸ ਬਣਾ ਕੇ ਰੱਖਣ ਦਾ ਹਮੇਸ਼ਾਂ ਹੀ ਯਤਨ ਕੀਤਾ ਹੈ। ਉਨ੍ਹਾਂ ਆਖਿਆ ਕਿ ਅਸੀਂ ਬਹੁਤ ਸਾਰੀਆਂ ਪਾਬੰਦੀਆਂ ਚੁੱਕ ਲਈਆਂ ਹਨ ਅਤੇ ਪਬਲਿਕ ਹੈਲਥ ਸਬੰਧੀ ਬਾਕੀ ਪਾਬੰਦੀਆਂ ਵਿੱਚ ਹੋਰ ਢਿੱਲ ਦੇਣ ਲਈ ਪ੍ਰੀਕਿਰਿਆ ਜਾਰੀ ਹੈ।

























# ਤੁਸੀਂ ਆਪਣਾ ਸਹੀ ਘਰ ਕਾਪਰਸਟੋਨ ਵਿੱਚ ਲੱਭ ਸਕਦੇ ਹੋ

## ਸਿੰਗਲ ਫੈਮਿਲੀ ਹੋਮ ਅਤੇ ਟਾਉਨਹੋਮ ਵਿੱਚੋਂ ਚੁਣੋ

**ਕਾਪਰਸਟੋਨ,** ਵੈਸਟਾ ਪ੍ਰਾਪਰਟੀ ਦੁਆਰਾ ਡਿਜ਼ਾਇਨ ਅਤੇ ਨਿਰਮਾਣ ਕੀਤਾ ਗਿਆ 70 ਏਕੜ ਦਾ ਮਾਸਟਰ-ਯੋਜਨਾਬੱਧ ਭਾਈਚਾਰਾ ਹੈ। 448 ਨਵੇਂ ਵੱਖੋ ਵੱਖ ਡਿਜਾਇਨਾ ਵਾਲੇ ਘਰਾਂ ਦੀ ਲੜੀ ਸਮੇਤ ਵਾਕ ਵੇਓ ਉਤੇ ਹਰਿਆਲੀ ਵਾਲੇ ਖੇਤਰ ਨੂੰ ਨਾਮਵਰ ਬਿਲਡਰ 32 ਸਾਲਾਂ ਦੇ ਤਜ਼ਰਬੇ ਦੇ ਨਾਲ ਤਿਆਰ ਕਰ ਰਹੇ ਹਨ।

ਜੇਕਰ ਤੁਸੀਂ ਕੈਲਗਰੀ ਵਿੱਚ ਨਵੇਂ ਸਿੰਗਲ ਫੈਮਿਲੀ ਹੋਮ ਜਾਂ ਨਵੇਂ ਟਾਊਨਹੋਮ ਦੀ ਭਾਲ ਕਰ ਰਹੇ ਹੋ ਤਾਂ ਕਾਪਰਸਟੋਨ ਦੇ ਫ਼ਲੋਰਪਲੈਨ ਸਭ ਲਈ ਹਨ। ਸਾਡੇ ਉੱਚ-ਪੱਧਰੀ ਆਲੀਸਾਨ ਅੰਦਰੂਨੀ ਬਣਤਰ ਵਾਲੇ ਘਰ ਕੈਲਗਰੀ ਵਿੱਚ ਤੁਹਾਨੂੰ ਸੱਦ ਰਹੇ ਹਨ






### ਐਵਾਰਡ ਜੇਤੂ ਟਾਊਨਹੋਮਜ਼

- 1,380 -1,885 sq.ft.
- 2 ਅਤੇ 3 ਬੈੱਡ ਰੂਮ + ਫਲੈਕਸ ਰੂਮ
- ਡਬਲ ਕਾਰ ਗੈਰਾਜ
- ਸਰਦੀਆਂ ਤੋਂ ਪਹਿਲਾਂ ਮੂਵ ਹੋਵੋ

**Starting from low $400**




### ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼

- 2,508 -2,934 sq.ft.
- 3 ਜਾਂ 4 ਬੈੱਡਰੂਮ + ਬੋਨਸ ਰੂਮ
- ਡਬਲ ਕਾਰ ਗੈਰਾਜ
- ਵਾਕ ਆਊਟ ਵੇਸਮੈਂਟ ਸੁਈਟ
- **ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ**




### ਮਾਡਰਨ ਸਿੰਗਲ ਫੈਮਿਲੀ ਹੋਮਜ਼

- 2,015 -2,344 sq.ft.
- 3 ਜਾਂ 4 ਬੈੱਡਰੂਮ +ਆਫਿਸ
- ਡਬਲ ਕਾਰ ਗੈਰਾਜ
- ਲੀਗਲ ਵੇਸਮੈਂਟ ਸੁਈਟ ਦੀ ਆਪਸ਼ਨ

**ਕੀਮਤਾਂ ਜਾਨਣ ਲਈ ਸੇਲਜ਼ ਟੀਮ ਨਾਲ ਸੰਪਰਕ ਕਰੋ**

COPPERSTONE AT COPPERFIELD

**587.352.4266**
**COPPERSTONELIVING.COM**

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Wednesday : 2 - 8 PM
Sat, Sun & Holidays: 12 - 5 PM
Thursday & Friday: by appointment

VESTA PROPERTIES

Rendering, price and availability are subject to change without notice. E. & O.E.

# ਵਿਸਾਖੀ ਦਿਹਾੜੇ ਨੂੰ ਸਮਰਪਿਤ ਰੋਇਲ ਵੋਮੈਨ ਕਲਚਰਲ ਐਸੋਸੀਏਸਨ ਦੀਆਂ ਅਦਭੁੱਤ ਪੇਸ਼ਕਾਰੀਆਂ

**ਯਾਦ ਤੇਰੀ ਮਾਂ ਧਰਤੀਏ ਸਾਨੂੰ ਬਹੁਤ ਸਤਾਏ।**
**ਚੋਗ ਖਿਲਾਰੀ ਸੱਚੇ ਪਾਤਸ਼ਾਹ ਅਸੀਂ ਚੁਗਣ ਆਏ।**
**ਅਨੰਦ ਪੁਰ ਸਾਹਿਬ ਪ੍ਰਗਟੇ ਨੂਰ ਨੇ ਸਾਡੇ ਮੱਥੇ ਰੁਸਨਾਏ।**
**ਯਾਦਾਂ ਤਾਜੀਆਂ ਕਰਨ ਲਈ ਧਰਤ ਬਿਗਾਨੀ ਤੇ ਅਸੀਂ ਮੇਲੇ ਲਾਏ।**





ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵਿਖੇ ਵੱਖ ਵੱਖ ਸੰਸਥਾਵਾਂ ਵੱਲੋਂ ਵੱਖ ਵੱਖ ਥਾਵਾਂ ਤੇ ਵਿਸਾਖੀ ਨਾਲ ਸਬੰਧਤ ਪ੍ਰੋਗਰਾਮ ਕਰਵਾਏ ਗਏ। ਇਹਨਾਂ ਸਲਾਨਾ ਅਤੇ ਬਹੁ-ਸਭਿਆਚਾਰਕ ਪ੍ਰੋਗਰਾਮਾਂ ਵਿੱਚ ਰੋਇਲ ਵੋਮੈਨ ਕਲਚਰਲ ਐਸੋਸੀਏਸਨ ਨੇ ਵਧ ਚੜ੍ਹ ਕੇ ਅਤੇ ਬਹੁਤ ਹੀ ਜੋਸੋਖਰੋਸ ਨਾਲ ਹਿੱਸਾ ਲੈ ਕੇ ਬੱਲੇ ਬੱਲੇ ਕਰਵਾਈ। 8 ਮਈ 2022 ਨੂੰ ਇੰਡੋ-ਕਨੇਡੀਅਨ ਕਮਿਊਨਿਟੀ ਐਸੋਸੀਏਸਨ ਕੈਲਗਰੀ ਵਲੋਂ ਕਰਵਾਏ ਗਏ ਪ੍ਰੋਗਰਾਮ ਦਾ ਆਗਾਜ ਕਨੇਡੀਅਨ ਰਾਸਟਰੀ ਗੀਤ, ਓ ਕੇਨੇਡਾ ਅਤੇ ਭਾਰਤੀ ਰਾਸਟਰੀ ਗੀਤ, ਨਾਲ ਕੀਤਾ ਗਿਆ। ਜਨਮ ਭੂਮੀ ਅਤੇ ਕਰਮ ਭੂਮੀ ਦਾ ਸੁਮੇਲ ਮਾਨੋ ਸਾਰੀਆਂ ਰੂਹਾਂ ਨੂੰ ਸਰਸਾਰ ਕਰ ਰਿਹਾ ਸੀ। ਇਸ ਤੋਂ ਬਾਅਦ ਗਿੱਧਾ, ਕਵਿਤਾਵਾਂ, ਗੀਤ ਗਜਲਾਂ, ਭਾਸਣ,ਮੋਨੋਐਕਟਿੰਗ ਅਤੇ ਡਾਂਸ ਆਦਿ ਪੇਸ ਕੀਤੇ ਗਏ। ਸਭ ਤੋਂ ਵੱਧ ਖਿੱਚ ਦਾ ਕੇਂਦਰ ਰੋਇਲ ਵੋਮੈਨ ਕਲਚਰਲ ਐਸੋਸੀਏਸਨ ਵਲੋਂ ਪੇਸ ਕੀਤਾ ਗਿਆ ਧਾਰਮਿਕ ਗੀਤ,ਆਓ ਨਗਰ ਕੀਰਤਨ ਦੇ ਦਰਸਨ ਪਾਈਏ, ਰਿਹਾ।

7 ਮਈ 2022 ਨੂੰ ਸਾਊਥ ਏਸੀਅਨ ਕਮਿਉਨਿਟੀ ਐਸੋਸੀਏਸਨ ਕੈਲਗਰੀ ਵੱਲੋਂ ਸਾਰੇ ਭਾਗ ਲੈਣ ਵਾਲਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਇੰਡੋ-ਕਨੇਡੀਅਨ ਕਮਿਉਨਿਟੀ ਐਸੋਸੀਏਸਨ ਕੈਲਗਰੀ ਵਲੋਂ ਸਾਰਿਆਂ ਨੂੰ ਟਰਾਫੀਆਂ ਦੇ ਹੌਸਲਾ ਅਫਜਾਈ ਕੀਤੀ ਗਈ। ਸ੍ਰੀਮਤੀ ਗੁਰਮੀਤ ਕੌਰ ਸਰਪਾਲ ਜੀ ਬਹੁਤ ਹੀ ਸੁੰਦਰ ਟਰਾਫੀ ਨਾਲ ਨਿਵਾਜਿਆ ਗਿਆ। ਇਸ ਤੋਂ ਬਾਅਦ 14 ਮਈ 2022 ਨੂੰ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦੌਰਾਨ ਰੈਡ ਐੱਫ ਐੱਮ ਦੀ ਸਟੇਜ ਉੱਪਰ ਧਾਰਮਿਕ ਗੀਤ ਉੱਤੇ ਕੋਰੀਓਗਰਾਫੀ ਸਭ ਤੋਂ ਵੱਧ ਚਰਚਿਤ ਰਹੀ।

ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।

ਕੋਰੀਓਗਰਾਫੀ ਨੂੰ ਸਾਰਿਆਂ ਨੇ ਬਹੁਤ ਪਸੰਦ ਕੀਤਾ ਅਤੇ ਪੰਡਾਲ ਜੈਕਾਰਿਆਂ ਨਾਲ ਗੂੰਜ ਉਠਿਆ। ਇਸ ਵਿਚ ਗੁਰਜੀਤ ਕੌਰ ਬਵੇਜਾ,ਸੁਨਾਲੀ ਬਵੇਜਾ ਅਤੇ ਰਵਿੰਦਰ ਕੌਰ ਨੇ ਗਤਕੇ ਦੇ ਜੌਹਰ ਦਿਖਾਏ ਜਿਨ੍ਹਾਂ ਨੂੰ ਦਰਸਕਾਂ ਵੱਲੋਂ ਬਹੁਤ ਸਲਾਹਿਆ ਗਿਆ। ਬਾਕੀ ਬੀਬੀਆਂ ਦੀ ਪੇਸਕਾਰੀ ਵੀ ਸਲਾਘਾਯੋਗ ਸੀ ਜਿਨ੍ਹਾਂ ਵਿਚੋਂ ਸਤਵੰਤ ਕੌਰ, ਰਣਜੀਤ ਕੌਰ,ਛਿੰਦਰ ਕੌਰ ਦਿਓਲ, ਏਕਮ ਕੌਰ, ਦਲਬੀਰ ਕੌਰ, ਹਰਜੀਤ ਕੌਰ, ਹਰਜੀਤ ਕੌਰ ਜੌਹਲ, ਬਲਜੀਤ ਕੌਰ ਹੁੰਦਲ, ਹਰਭਜਨ ਕੌਰ ਚੱਠਾ, ਜਗਦੀਸ ਕੌਰ ਸਰੋਆ, ਸ੍ਰਿੰਦਰਪਾਲ ਕੈਂਥ, ਰਜਨੀ ਕੌਰ ਅਤੇ ਗੁਰਨਾਮ ਕੌਰ ਨੇ ਭਾਗ ਲਿਆ।

## ਕੈਲਗਰੀ ਦੀਆਂ ਮਾਵਾਂ ਵੱਲੋਂ ਕੀਤੀ ਮਈ ਮਹੀਨੇ ਦੀ ਮਿਲਣੀ ਮਾਂ-ਦਿਵਸ ਨੂੰ ਸਮਰਪਤ ਰਹੀ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਦੀ ਮਈ ਮਹੀਨੇ ਦੀ ਮੀਟਿੰਗ 21 ਮਈ ਦਿਨ ਸ਼ਨਿਚਰਵਾਰ ਨੂੰ ਜੈਨੇਸਿਜ਼ ਸੈਂਟਰ ਵਿਖੇ ਹੋਈ। ਗੁਰਚਰਨ ਥਿੰਦ ਨੇ ਹਾਜ਼ਰ ਭੈਣਾਂ ਨੂੰ ਜੀ ਆਇਆਂ ਆਖ ਸਭ ਦਾ ਨਿੱਘਾ ਸਵਾਗਤ ਕਰਦਿਆਂ ਮੀਟਿੰਗ ਦੀ ਸ਼ੁਰੂਆਤ ਕੀਤੀ ਅਤੇ ਰਾਜਿੰਦਰ ਚੋਹਕਾ ਜੀ ਨੂੰ ਮਈ ਮਹੀਨੇ ਨਾਲ ਸਬੰਧਤ ਦਿਹਾੜਿਆਂ ਬਾਰੇ ਗੱਲ ਕਰਨ ਦਾ ਸੱਦਾ ਦਿੱਤਾ। ਚੋਹਕਾ ਜੀ ਨੇ ਮਈ ਦਿਵਸ, ਵਿਸ਼ਵ ਪ੍ਰੈੱਸ ਦਿਵਸ, ਰੈੱਡ ਕਰਾਸ ਦਿਵਸ ਅਤੇ ਲੋਕ ਇਨਕਲਾਬ ਦੇ ਮੋਢੀ ਕਾਰਲ ਮਾਰਕਸ ਦੇ ਜੀਵਨ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਅਤੇ ਮਈ ਮਹੀਨੇ ਮਾਂ-ਦਿਵਸ ਨੂੰ ਸਮਰਪਤ ਦਿਹਾੜੇ ਬਾਰੇ ਗੱਲ ਕਰਦਿਆਂ ਕਿਹਾ ਕਿ ਮਾਂ ਨੂੰ ਇੱਕ ਦਿਨ ਹੀ ਕਿਉਂ ਹਰ ਰੋਜ਼ ਸਮਰਪਤ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਨੇ ਪ੍ਰੋ: ਮੋਹਨ ਸਿੰਘ ਦੀ ਕਵਿਤਾ 'ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਵੇ' ਦੀਆਂ ਪੰਕਤੀਆਂ ਦੁਹਰਾਉਂਦੇ ਬਲਵਿੰਦਰ ਬਾਲਮ ਹੁਰਾਂ ਦੀ ਕਵਿਤਾ, 'ਕਿਸੇ ਵੀ ਕੀਮਤ ਤੇ ਮੈਂ ਮਾਂ ਨਹੀਂ ਦੇਣੀ' ਸੁਣਾਈ ਤਾਂ ਫਿਰ ਅੱਜ ਦੀ ਬਾਕੀ ਮੀਟਿੰਗ ਮਾਂ-ਦਿਵਸ ਨੂੰ ਹੀ ਸਮਰਪਤ ਹੋ ਗਈ। ਹਰਦੇਵ ਕੌਰ ਨੇ 'ਮਾਂ ਦਾ ਰਿਸ਼ਤਾ ਸਭ ਤੋਂ ਉੱਚਾ ਜੋ ਹਰ ਪਲ ਗਲ਼ ਨਾ ਲਾਵੇ' ਬੋਲ ਸਾਂਝੇ ਕੀਤੇ। ਇਕਬਾਲ ਕੌਰ ਭੁੱਲਰ ,ਸੁਰਜੀਤ ਢਿਲੋਂ,ਜਸਮਿੰਦਰ, ਕੁਲਵੰਤ ਗਿੱਲ,ਕੁਲਦੀਪ ਘਟੌੜਾ,ਅਮਰਜੀਤ ਵਿਰਦੀ,ਸੁਰਿੰਦਰ ਸੰਧੂ, ਗੁਰਤੇਜ ਸਿੱਧੂ,ਸਰਬਜੀਤ ਉੱਪਲ, ਸ਼ਵਿੰਦਰ, ਜੁਗਿੰਦਰ ਪੁਰਬਾ, ਮਨਜੀਤ ਕੌਰ,ਸ਼ਿੰਦਰਪਾਲ, ਅਵਤਾਰ ਢਿਲੋਂ, ਗੁਰਮੀਤ ਸਮਰਾ, ਰਣਜੀਤ ਕੰਗ, ਕਿਰਨ ਕਲਸੀ, ਗੁਰਦੀਸ਼ ਗਰੇਵਾਲ ਨੇ ਰਚਨਾਵਾਂ ਜਰੀਏ ਆਪੋ ਆਪਣੀ ਹਾਜਰੀ ਲਗਵਾਈ।



ਅੰਤ ਵਿੱਚ ਗੁਰਚਰਨ ਥਿੰਦ ਨੇ ਜ਼ਬਰੀ ਜਾਂ ਅਣਭੋਲ ਬਣੀਆਂ ਮਾਵਾਂ ਦੀ ਬੇਵਸੀ ਬਿਆਨਦੀ ਆਪਣੀ ਕਵਿਤਾ 'ਨਾਰੀ ਮੁਕਤੀ' ਦੇ ਇਸ ਕਾਵਿ-ਟੋਟੇ ਨਾਲ ਅੱਜ ਦੀ ਮੀਟਿੰਗ ਦੀ ਸਮਾਪਤੀ ਕੀਤੀ।

'ਤੈਨੂੰ ਪਤਾ ਤੂੰ ਹੈਂ ਆਦਮ, ਮੈਨੂੰ ਪਤਾ ਮੈਂ ਹਾਂ ਹੱਵਾ,
ਤੂੰ ਹੈਂ ਮੇਰਾ ਪੂਰਕ ਮੈਂ ਹਾਂ ਤੇਰੀ ਪੂਰਕ,
ਤੇਰੀ ਮੇਰੀ ਜੋੜੀ ਰਹਿਣੀ ਅਜ਼ਲਾਂ ਤੋੜੀ,
ਪਰ ਸਾਡਾ ਸਾਂਝਾ ਕਰਮ ਜੇ ਕਦੇ ਬਣ ਜਾਵੇ ਕੁਕਰਮ
ਤਾਂ ਸਜ਼ਾ ਸਿਰਫ਼ ਮੈਨੂੰ ਤੇ ਸਿਰਫ਼ ਮੈਨੂੰ ਹੀ ਕਿਉਂ ?
ਤੂੰ ਬਚ ਜਾਵੇਂ ਕਿੰਜ ਤੂੰ ਬਚ ਜਾਵੇਂ ਕਿਉਂ ?

ਆਖਿਰ ਵਿੱਚ ਦਾਦੀ ਮਾਂ ਅਮਰਜੀਤ ਵਿਰਦੀ ਹੁਰਾਂ ਵਲੋਂ ਆਪਣੇ ਜੁੜਵਾਂ ਪੋਤਰਿਆਂ ਦੀ ਅਠਾਰਵੀਂ ਸਾਲ-ਗਿਰਾਹ ਦੀ ਖੁਸ਼ੀ ਵਿੱਚ ਲਿਆਂਦੇ ਗਏ ਲੱਡੂਆਂ ਸਮੋਸਿਆਂ ਦਾ ਹਾਜ਼ਰ ਪੈਂਤੀ ਕੁ ਭੈਣਾਂ ਨੇ ਰਲ ਕੇ ਆਨੰਦ ਮਾਣਿਆਂ, ਉਹਨਾਂ ਦੇ ਨਾਲ ਆਏ ਪੋਤਰੇ ਨੂੰ ਆਸ਼ੀਰਵਾਦ ਦਿੱਤਾ ਅਤੇ ਵਧਾਈਆਂ ਦਾ ਅਦਾਨ ਪ੍ਰਦਾਨ ਕੀਤਾ।













# ਟੋਰਾਂਟੋ ਦੇ ਐਲੀਮੈਂਟਰੀ ਸਕੂਲ ਦੇ ਨਜ਼ਦੀਕ ਹਥਿਆਰਬੰਦ ਵਿਅਕਤੀ ਪੁਲੀਸ ਹੱਥੋਂ ਮਾਰਿਆ ਗਿਆ




ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਅਜੇ ਅਮਰੀਕਾ ਦੇ ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਹੋਈ ਗੋਲੀਬਾਰੀ ਜਿਸ ਵਿੱਚ 19 ਬੱਚਿਆਂ ਸਮੇਤ ਇੱਕੀ ਲੋਕਾਂ ਦੀ ਮੌਤ ਹੋ ਗਈ ਸੀ, ਦੀਆਂ ਖ਼ਬਰਾਂ ਠੰਢੀਆਂ ਵੀ ਨਹੀਂ ਪਈਆਂ ਕਿ ਇਸ ਤਰ੍ਹਾਂ ਦੀ ਇੱਕ ਹੋਰ ਖ਼ਬਰ ਟੋਰਾਂਟੋ ਦੇ ਸਕਾਰਬਰੋ ਦੇ ਇੱਕ ਐਲੀਮੈਂਟਰੀ ਸਕੂਲ ਦੇ ਕੋਲੋਂ ਸਾਹਮਣੇ ਆਈ ਹੈ। ਜਿੱਥੇ ਸਕੂਲ ਦੇ ਬਾਹਰ ਇੱਕ ਵਿਅਕਤੀ ਪੁਲੀਸ ਦੀ ਗੋਲੀ ਨਾਲ ਮਾਰਿਆ ਗਿਆ ਮਿਲੀ ਜਾਣਕਾਰੀ ਅਨੁਸਾਰ ਸਕਾਰਬਰੋ ਦੇ ਪੋਰਟ ਯੂਨੀਅਨ ਏਰੀਆ ਵਿੱਚ ਇੱਕ ਵਿਅਕਤੀ ਨੂੰ ਰਾਈਫਲ ਨਾਲ ਦੇਖਿਆ ਗਿਆ। ਪੁਲੀਸ ਨੂੰ ਦੁਪਹਿਰ ਇੱਕ ਵਜੇ ਦੇ ਕਰੀਬ ਜਾਣਕਾਰੀ ਮਿਲੀ ਸੀ ਕਿ ਇੱਕ ਹਥਿਆਰਬੰਦ ਵਿਅਕਤੀ ਜਿਸ ਨੇ ਰਾਈਫਲ ਫੜੀ ਹੋਈ ਹੈ ਉਹ ਮੈਬਰਲੀ ਕ੍ਰੈਸੈਂਟ ਅਤੇ ਓਕਸ ਹੌਰਨ ਰੋਡ ਏਰੀਆ ਵਿੱਚ ਘੁੰਮ ਰਿਹਾ ਹੈ। ਇੱਕ ਚਸ਼ਮਦੀਦ ਗਵਾਹ ਮਾਈਕ ਗ਼ਰੀਵ ਨੇ ਦੱਸਿਆ ਕਿ ਪੁਲੀਸ ਨੇ ਵਿਲੀਅਮ ਜੇ ਡੇਵਿਸ ਜੂਨੀਅਰ ਪਬਲਿਕ ਸਕੂਲ ਤੋਂ ਲਗਪਗ ਸੌ ਮੀਟਰ ਦੀ ਦੂਰੀ ਤੇ ਇੱਕ ਹਥਿਆਰਬੰਦ ਵਿਅਕਤੀ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਹੈ। ਚਸ਼ਮਦੀਦ ਨੇ ਅੱਗੇ ਦੱਸਿਆ ਕਿ ਮਾਰੇ ਗਏ ਵਿਅਕਤੀ ਦੀ ਉਮਰ ਵੀਹ ਸਾਲ ਦੇ ਲਗਪਗ ਜਾਪਦੀ ਸੀ। ਇਸ ਤੋਂ ਪਹਿਲਾਂ ਪੁਲੀਸ ਉਸ ਵਿਅਕਤੀ ਦੀ ਭਾਲ ਕਰ ਰਹੀ ਸੀ ਜੋ ਅਸਾਲਟ ਰਾਈਫਲ ਨਾਲ ਇਲਾਕੇ ਵਿੱਚ ਘੁੰਮ ਰਿਹਾ ਹੈ। ਜਦੋਂ ਅਜਿਹੇ ਹਥਿਆਰਬੰਦ ਵਿਅਕਤੀ ਬਾਰੇ ਜਾਣਕਾਰੀ ਮਿਲੀ ਤਾਂ ਵਿਲੀਅਮ ਜੇ ਡੇਵਿਸ ਜੂਨੀਅਰ ਪਬਲਿਕ ਸਕੂਲ ਜੋਸਫ਼ ਹਾਓ ਸੀਨੀਅਰ ਪਬਲਿਕ ਸਕੂਲ ਅਤੇ ਸਰ ਓਲੀਵਰ ਮੋਵੈਟ ਕਾਲਜੀਏਟ ਇੰਸਟੀਚਿਊਟ ਵਿੱਚ ਲਾਕਡਾਊਨ ਲਗਾ ਦਿੱਤਾ ਗਿਆ ਜੋ ਕਿ ਹਥਿਆਰਬੰਦ ਵਿਅਕਤੀ ਦੇ ਮਾਰੇ ਜਾਣ ਤੋਂ ਬਾਅਦ ਹਟਾ ਲਿਆ ਗਿਆ ਅਤੇ ਪੁਲੀਸ ਵੱਲੋਂ ਇਲਾਕੇ ਨੂੰ ਸੁਰੱਖਿਅਤ ਕਰਾਰ ਦੇ ਦਿੱਤਾ ਗਿਆ ਸੀ।

## ਟੋਰਾਂਟੋ "ਚ ਪੁਲੀਸ ਦੀ ਗੋਲੀ ਨਾਲ ਮਾਰੇ ਗਏ ਵਿਅਕਤੀ ਕੋਲ ਪੈਲੇਟ ਗੰਨ ਹੀ ਸੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵਾਚਡੌਗ ਨੇ ਦੱਸਿਆ ਹੈ ਕਿ ਬੀਤੇ ਦਿਨ ਜਿਸ 27 ਸਾਲਾ ਹਥਿਆਰਬੰਦ ਵਿਅਕਤੀ ਨੂੰ ਪੁਲਿਸ ਨੇ ਟੋਰਾਂਟੋ ਦੇ ਵਿੱਚ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਸੀ, ਅਸਲ ਵਿੱਚ ਉਸ ਕੋਲ ਪੈਲੈਟ ਗੰਨ ਹੀ ਸੀ। ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਸਕਾਰਬਰੋ ਵਿੱਚ ਇੱਕ ਸਕੂਲ ਦੇ ਨੇੜੇ ਪੁਲਿਸ ਨੇ ਇੱਕ ਵਿਅਕਤੀ ਨੂੰ ਹਥਿਆਰਬੰਦ ਦੱਸ ਕੇ ਗੋਲੀ ਮਾਰ ਦਿੱਤੀ ਸੀ ਤੇ ਉਸ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਸੀ। ਜ਼ਿਕਰਯੋਗ ਹੈ ਕਿ ਪੁਲਿਸ ਅਧਿਕਾਰੀਆਂ ਨੂੰ ਵਿਲੀਅਮ ਜੀ· ਡੇਵਿਸ ਜੂਨੀਅਰ ਪਬਲਿਕ ਸਕੂਲ ਨੇੜੇ ਇੱਕ ਵਿਅਕਤੀ ਦੇ ਗੰਨ ਲੈ ਕੇ ਘੁੰਮਣ ਦੀ ਰਿਪੋਰਟ ਦੇ ਕੇ ਦੁਪਹਿਰੇ 1:30 ਵਜੇ ਲਾਅਰੈਂਸ ਐਵਨਿਊ ਈਸਟ ਤੇ ਪੋਰਟ ਯੂਨੀਅਨ ਰੋਡ ਨੇੜੇ ਮੈਬਰਲੇ ਕਰੈਸੈਂਟ ਤੇ ?ਕਸਹੌਰਨ ਰੋਡ ਏਰੀਆ ਵਿੱਚ ਸੱਦਿਆ ਗਿਆ ਸੀ। ਟੋਰਾਂਟੋ ਪੁਲਿਸ ਚੀਫ ਜੇਮਜ਼ ਰੇਮਰ ਨੇ ਆਖਿਆ ਕਿ ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਦੀ ਇੱਕ ਵਿਅਕਤੀ ਨਾਲ ਬਹਿਸ ਹੋਈ ਪਰ ਉਨ੍ਹਾਂ ਵੱਲੋਂ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

## ਗੱਦੀਓਂ ਲੱਥੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਮੌਜੂਦਾ ਸਰਕਾਰ ਨੂੰ ਅਲਟੀਮੇਟਮ ਦਿੱਤਾ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸੱਤਾ ਤੋਂ ਲਾਂਭੇ ਕੀਤੇ ਗਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸ਼ਹਿਬਾਜ਼ ਸ਼ਰੀਫ਼ ਸਰਕਾਰ ਨੂੰ ਸੂਬਾਈ ਅਸੈਂਬਲੀਆਂ ਭੰਗ ਕਰਨ ਤੇ ਨਵੀਂਆਂ ਚੋਣਾਂ ਕਰਵਾਉਣ ਲਈ ਛੇ ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਅਜਿਹਾ ਕਰਨ ’ਚ ਅਸਫ਼ਲ ਰਹਿੰਦੀ ਹੈ ਤਾਂ ਉਹ ਪੂਰੇ ਮੁਲਕ ਨਾਲ ਰਾਜਧਾਨੀ ’ਚ ਪਰਤਣਗੇ। ਜਿਨਾਹ ਐਵੇਨਿਊ ’ਚ ਹਜ਼ਾਰਾਂ ਮੁਜ਼ਾਹਰਾਕਾਰੀਆਂ ਦੇ ‘ਆਜ਼ਾਦੀ ਮਾਰਚ’ ਨੂੰ ਸੰਬੋਧਨ ਕਰਦਿਆਂ ਸ੍ਰੀ ਖਾਨ ਨੇ ਉਨ੍ਹਾਂ ਦੀ ਪਾਰਟੀ ਦੇ ਮਾਰਚ ਨੂੰ ਰੋਕਣ ਲਈ ਸਰਕਾਰ ਵੱਲੋਂ ਛਾਪਿਆਂ ਤੇ ਗ੍ਰਿਫ਼ਤਾਰੀਆਂ ਜਿਹੇ ਹੱਥਕੰਡੇ ਵਰਤਣ ’ਤੇ ਇਸ ਦੀ ਨਿਖੇਧੀ ਕੀਤੀ। ਜਦਕਿ ਇਸ ਮਾਮਲੇ ਦਾ ਨੋਟਿਸ ਲੈਣ ਲਈ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, ‘ਮੈਂ ਫ਼ੈਸਲਾ ਕੀਤਾ ਹੈ ਕਿ ਜਦੋਂ ਤੱਕ ਸਰਕਾਰ ਅਸੈਂਬਲੀਆਂ ਭੰਗ ਨਹੀਂ ਕਰਦੀ ਤੇ ਨਵੀਆਂ ਚੋਣਾਂ ਦਾ ਐਲਾਨ ਨਹੀਂ ਕਰਦੀ, ਮੈਂ ਇੱਥੇ ਬੈਠਾਂਗਾਂ, ਪਰ ਮੈਂ ਪਿਛਲੇ 24 ਘੰਟਿਆਂ ਵਿੱਚ ਜੋ ਦੇਖਿਆ ਹੈ, ਉਹ (ਸਰਕਾਰ) ਮੁਲਕ ਨੂੰ ਅਰਾਜਕਤਾ ਵੱਲ ਲਿਜਾ ਰਹੇ ਹਨ। ?ਧਰ ਇਮਰਾਨ ਖਾਨ ਨੂੰ ਚਿਤਾਵਨੀ ਦਿੰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਆਮ ਚੋਣਾਂ ਲਈ ਤਰੀਕ ਬਾਰੇ ਫ਼ੈਸਲਾ ਸੰਸਦ ਕਰੇਗੀ।

## ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਸ਼ੱਕ ਚ ਪੰਜਾਬ ਪੁਲੀਸ ਵੱਲੋਂ ਦੇਹਰਾਦੂਨ ਤੋਂ ਛੇ ਜਣਿਆਂ ਨੂੰ ਕੀਤਾ ਗਿਆ ਗ੍ਰਿਫਤਾਰ






ਮਾਨਸਾ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਪੁਲੀਸ ਨੇ 6 ਜਣਿਆਂ ਨੂੰ ਦੇਹਰਾਦੂਨ ਤੋਂ ਕਾਬੂ ਕੀਤਾ ਹੈ। ਇਹ ਗ੍ਰਿਫ਼ਤਾਰੀ ਉਤਰਾਖੰਡ ਵਿਸ਼ੇਸ਼ ਟਾਸਕ ਫੋਰਸ ਦੀ ਮੱਦਦ ਨਾਲ ਕੀਤੀ ਗਈ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪੰਜਾਬ ਪੁਲੀਸ ਦੀ ਟੀਮ ਸ਼ੱਕੀ ਵਿਅਕਤੀਆਂ ਨੂੰ ਲੈ ਕੇ ਪੰਜਾਬ ਪਰਤ ਆਈ ਹੈ। ਪੁਲੀਸ ਨੂੰ ਸ਼ੱਕ ਹੈ ਕਿ ਇਨ੍ਹਾਂ ਵਿੱਚੋਂ ਇੱਕ ਮੂਸੇਵਾਲਾ ਦੀ ਹੱਤਿਆ ਕਰਨ ਮੌਕੇ ਸ਼ਾਮਲ ਸੀ। ਸੂਤਰਾਂ ਅਨੁਸਾਰ ਇਸ ਵਿਅਕਤੀ ਦਾ ਸਬੰਧ ਲਾਰੈਂਸ ਬਿਸ਼ਨੋਈ ਗੈਂਗ ਦੇ ਨਾਲ ਹੈ ਅਤੇ ਇਸ ਦੀ ਪਹਿਚਾਣ ਮਨਪ੍ਰੀਤ ਢੈਪਈ ਉਰਫ ਮੰਨਾਂ ਦੇ ਤੌਰ ਤੇ ਦੱਸੀ ਜਾ ਰਹੀ ਹੈ ਜਿਸ ਵਰਨਣਯੋਗ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ ਪੁਲੀਸ ਵੱਲੋਂ ਸਿੱਧੂ ਮੂਸੇਵਾਲਾ ਦੀ ਹੱਤਿਆ ਵਿੱਚ ਸ਼ਾਮਲ ਅੱਠ ਹਮਲਾਵਰਾਂ ਦੀ ਤਲਾਸ਼ ਲਈ ਬਠਿੰਡਾ ਤੋਂ ਇਲਾਵਾ ਹਰਿਆਣਾ ਤੇ ਰਾਜਸਥਾਨ ਦੇ ਕਈ ਜ਼ਿਲ੍ਹਿਆਂ ਵਿੱਚ ਵੀ ਛਾਪੇ ਮਾਰੇ ਗਏ ਹਨ।

## ਮੰਕੀ ਪੌਕਸ ਨੂੰ ਕੁੱਝ ਲੋਕ ਮਹਾਮਾਰੀ ਮੰਨੀ ਬੈਠੇ ਹਨ!



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਮੇਤ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਮੰਕੀ ਪੌਕਸ ਵਾਇਰਸ ਦੇ ਮਾਮਲੇ ਦਿਨ ਬ ਦਿਨ ਵਧਦੇ ਜਾ ਰਹੇ ਹਨ। ਮਾਹਰਾਂ ਦਾ ਮੰਨਣਾ ਹੈ ਕਿ ਇਹ ਵਾਇਰਸ ਕਿਸੇ ਨੂੰ ਵੀ ਜਕੜ ਸਕਦੀ ਹੈ। ਲਗਾਤਾਰ ਵਧ ਰਹੇ ਵਾਇਰਸ ਦੇ ਕੇਸਾਂ ਕਾਰਨ ਆਮ ਲੋਕਾਂ ਦੇ ਮਨਾਂ ਵਿਚ ਇਹ ਸਵਾਲ ਉੱਠਣ ਲੱਗਾ ਹੈ ਕਿ ਕੋਰੋਨਾਵਾਇਰਸ ਤੋਂ ਬਾਅਦ ਇਹ ਕੋਈ ਨਵੀਂ ਮਹਾਮਾਰੀ ਤਾਂ ਨਹੀਂ ਹੈ। ਇਸ ਸਬੰਧੀ ਵਿਸ਼ਵ ਸਿਹਤ ਸੰਗਠਨ ਡਬਲਿਊਐੱਚਓ ਦੇ ਮਾਹਰਾਂ ਦਾ ਮੰਨਣਾ ਹੈ ਕਿ ਭਾਵੇਂ ਕੇਸ ਤਾਂ ਵਧ ਰਹੇ ਹਨ ਪਰ ਇਸ ਨੂੰ ਮਹਾਂਮਾਰੀ ਨਹੀਂ ਆਖਿਆ ਜਾ ਸਕਦਾ।

## ਨੇਪਾਲ ਵਿਚ ਹਾਦਸਾਗ੍ਰਸਤ ਹੋਏ ਹਵਾਈ ਜਹਾਜ਼ ਦੇ ਮਲਬੇ ਵਿੱਚੋਂ 21 ਲਾਸ਼ਾਂ ਮਿਲੀਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੇਪਾਲ ਦੇ ਮੁਸਤਾਂਗ ਜ਼ਿਲ੍ਹੇ ਦੀਆਂ ਪਹਾੜੀਆਂ ਵਿੱਚ ’ਚ ‘ਤਾਰਾ ਏਅਰ’ ਦਾ ਜਹਾਜ਼ ਅਚਾਨਕ ਲਾਪਤਾ ਹੋ ਗਿਆ ਸੀ ਅਤੇ ਬਾਅਦ ਵਿੱਚ ਮਿਲੇ ਜਹਾਜ਼ ਦੇ ਮਲਬੇ ’ਚੋਂ 21 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਬਚਾਅ ਅਮਲੇ ਵੱਲੋਂ ਬਾਕੀ ਇੱਕ ਲਾਸ਼ ਦੀ ਭਾਲ ਕੀਤੀ ਜਾ ਰਹੀ ਹੈ। ਇਹ ਜਹਾਜ਼ ਨੇਪਾਲ ਦੇ ਪੋਖਾਰਾ ਤੋਂ ਜੋਸਮਨ ਲਈ ਉਡਾਣ ਭਰਨ ਤੋਂ ਕੁੱਝ ਸਮੇਂ ਬਾਅਦ ਪਹਾੜੀਆਂ ਵਿੱਚ ਲਾਪਤਾ ਹੋ ਗਿਆ ਸੀ। ਇਸ ਵਿੱਚ 4 ਭਾਰਤੀਆਂ ਸਣੇ 22 ਜਣੇ ਸਵਾਰ ਸਨ। ਬਾਕੀ ਸਵਾਰਾਂ ਵਿੱਚੋਂ 13 ਨੇਪਾਲੀ, ਦੋ ਜਰਮਨ ਅਤੇ ਅਮਲੇ ਦੇ ਤਿੰਨ ਨੇਪਾਲੀ ਮੈਂਬਰ ਸ਼ਾਮਲ ਸਨ। ਜਹਾਜ਼ ਵਿੱਚ ਭਾਰਤ ਦੇ ਠਾਣੇ ਦੇ ਤ੍ਰਿਪਾਠੀ ਪਰਿਵਾਰ ਦੇ ਚਾਰ ਜਣੇ ਵੀ ਸਵਾਰ ਸਨ। ਉਹ ਪਰਿਵਾਰ ਸਣੇ ਛੁੱਟੀਆਂ ਬਿਤਾਉਣ ਨੇਪਾਲ ਗਏ ਸਨ। ਇਸ ਪਰਿਵਾਰ ਦੇ ਪਤੀ-ਪਤਨੀ ਦਾ ਤਲਾਕ ਹੋਣ ਵਾਲਾ ਸੀ ਤੇ ਤਲਾਕ ਤੋਂ ਪਹਿਲਾਂ ਅਦਾਲਤ ਨੇ ਪਰਿਵਾਰ ਨੂੰ 10 ਦਿਨ ਇਕੱਠੇ ਬਿਤਾਉਣ ਲਈ ਕਿਹਾ ਸੀ। ਇਨ੍ਹਾਂ ਦੀ ਪਛਾਣ ਅਸ਼ੋਕ ਤ੍ਰਿਪਾਠੀ 51 ਸਾਲ, ਪਤਨੀ ਵੈਭਵੀ 51 ਸਾਲ, ਲੜਕਾ ਧਨੁਸ਼ ਤੇ ਲੜਕੀ ਰਿਤਿਕਾ ਵਜੋਂ ਹੋਈ ਹੈ।

## ਕੈਨੇਡਾ ਚ ਪਿਸਤੌਲਾਂ ਦੀ ਵਿਕਰੀ,ਖਰੀਦ,ਟ੍ਰਾਂਸਫਰ ਅਤੇ ਇੰਪੋਰਟ ਕਰਨ ਉਪਰ ਰੋਕ ਸੰਬੰਧੀ ਬਿੱਲ ਪੇਸ਼ ਕੀਤਾ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਲਿਬਰਲ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਗੰਨ ਕੰਟਰੋਲ ਸਬੰਧੀ ਬਿਲ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਰਾਸ਼ਟਰੀ ਪੱਧਰ ਤੇ ਪਿਸਤੌਲਾਂ ਜਾਂ ਹੈਂਡ ਗੰਨਾਂ ਦੀ ਵਿਕਰੀ ਖ਼ਰੀਦਦਾਰੀ ਟਰਾਂਸਫਰ ਜਾਂ ਫਿਰ ਇੰਪੋਰਟ ਕਰਨ ਉੱਪਰ ਪੂਰੀ ਤਰ੍ਹਾਂ ਰੋਕ ਲਗਾਉਣ ਦਾ ਮਤਾ ਪੇਸ਼ ਕੀਤਾ ਗਿਆ ਹੈ। ਇਹ ਜਾਣਕਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਾਂਝੀ ਕੀਤੀ ਗਈ ਇਸ ਮੌਕੇ ਉਨ੍ਹਾਂ ਦੇ ਨਾਲ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਨਡੀਸਿਨੋ ਤੋਂ ਇਲਾਵਾ ਬੰਦੂਕਾਂ ਰਾਹੀਂ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਦੇ ਪੀੜਤ ਪਰਿਵਾਰ ਵੀ ਮੌਜੂਦ ਸਨ। ਪੇਸ਼ ਕੀਤੇ ਗਏ ਬਿੱਲ ਅਨੁਸਾਰ ਜ਼ਿਆਦਾ ਗੋਲੀਆਂ ਵਾਲੇ ਵੱਡੇ ਮੈਗਜ਼ੀਨਾਂ ਦੀ ਵਿਕਰੀ ਉਪਰ ਵੀ ਰੋਕ ਲੱਗੇਗੀ ਅਤੇ ਵੱਡੀਆਂ ਬੰਦੂਕਾਂ ਦੇ ਮੈਗਜ਼ੀਨਾਂ ਵਿੱਚ ਵੀ ਕੋਈ ਪੰਜ ਰੌਂਦ ਤੋਂ ਜ਼ਿਆਦਾ ਵਾਲਾ ਮੈਗਜ਼ੀਨ ਆਪਣੇ ਨਾਲ ਨਹੀ ਚੁੱਕ ਸਕੇਗਾ।

## ਕਨੇਡੀਅਨ ਫੌਜ ਸਬੰਧੀ ਅਠਤਾਲੀ ਸਿਫਾਰਸ਼ਾਂ ਵਾਲੀ ਰਿਪੋਰਟ ਹੁਣ ਜਨਤਕ ਹੋ ਗਈ ਹੈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡੀਅਨ ਫੌਜ ਵਿੱਚ ਹੁੰਦੇ ਜਿਨਸੀ ਦੁਰ ਵਿਹਾਰ ਨਾਲ ਨਜਿੱਠਣ ਲਈ ਸੁਪਰੀਮ ਕੋਰਟ ਦੀ ਸਾਬਕਾ ਜਸਟਿਸ ਲੂਈਸ ਆਰਬਰ ਵੱਲੋਂ ਲਗਪਗ ਇੱਕ ਸਾਲ ਤਕ ਅਧਿਐਨ ਉਪਰੰਤ ਇੱਕ ਰਿਪੋਰਟ ਪੇਸ਼ ਕੀਤੀ ਗਈ ਹੈ। ਇਸ ਰਿਪੋਰਟ ਵਿਚ ਉਨ੍ਹਾਂ ਵੱਲੋਂ ਅਠਤਾਲੀ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਇਸ ਸਬੰਧੀ ਕੀਤੀ ਗਈ ਇੱਕ ਪ੍ਰੈੱਸ ਕਾਨਫਰੰਸ ਵਿੱਚ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਆਖਿਆ ਕਿ ਇਸ ਰਿਪੋਰਟ ਨੂੰ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਇਸ ਨੂੰ ਜਨਤਕ ਕਰਦਿਆਂ ਉਨ੍ਹਾਂ ਨੂੰ ਤਸੱਲੀ ਮਹਿਸੂਸ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਰਿਪੋਰਟ ਵਿੱਚ ਮੁੱਖ ਤੌਰ ਤੇ ਫੌਜ ਵਿੱਚ ਜਿਨਸੀ ਦੁਰਵਿਹਾਰ ਫੌਜ ਦੀ ਨਿਆਂਪ੍ਰਣਾਲੀ ਮਿਲਟਰੀ ਕਾਲਜਾਂ ਅਤੇ ਸੈਕਸੂਅਲ ਮਿਸਕੰਡਕਟ ਰਿਸਪਾਂਸ ਸੈਂਟਰਾਂ ਦੇ ਰੋਲ ਉਪਰ ਧਿਆਨ ਕੇਂਦਰਤ ਕੀਤਾ ਗਿਆ ਹੈ।















# ਸਰੀ ਵਿੱਚ ਹੋ ਰਹੇ ਪ੍ਰਦਰਸ਼ਨ ਕਾਰਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਫੰਡ ਰੇਜ਼ਿੰਗ ਸਮਾਗਮ ਵਿੱਚ ਸ਼ਾਮਿਲ ਨਹੀਂ ਹੋ ਸਕੇ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨਮੰਤਰੀ ਜਸਟਿਨ ਟਰੂਡੋ ਵੱਲੋਂ ਸਰੀ ਵਿੱਚ ਇੱਕ ਫੰਡ ਰੇਜ਼ਿੰਗ ਸਮਾਗਮ ਵਿੱਚ ਸ਼ਿਰਕਤ ਕੀਤੀ ਜਾਣੀ ਸੀ ਪਰ ਇਸ ਮੌਕੇ ਹਾਲ ਦੇ ਬਾਹਰ ਕੁੱਝ ਪ੍ਰਦਰਸ਼ਨਕਾਰੀਆਂ ਵੱਲੋਂ ਮੁਜ਼ਾਹਰਾ ਕਰਨਾ ਸ਼ੁਰੂ ਕੀਤਾ ਗਿਆ । ਫੰਡਰੇਜ਼ਿੰਗ ਵਿੱਚ ਸ਼ਾਮਿਲ ਹੋ ਰਹੇ ਲੋਕਾਂ ਉਪਰ ਨਸਲੀ ਟਿੱਪਣੀਆਂ ਵੀ ਕੀਤੀਆਂ ਗਈਆਂ ਜਿਸ ਕਾਰਨ ਪ੍ਰਧਾਨ ਮੰਤਰੀ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦੇ ਪ੍ਰੋਗਰਾਮ ਨੂੰ ਰੱਦ ਕਰਨਾ ਪਿਆ।ਇਸੇ ਦੌਰਾਨ ਸਸਕੈਚਵਨ ਵਿੱਚ ਮੌਜੂਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਜਦੋਂ ਸਰੀ ਵਿੱਚ ਹੋਏ ਪ੍ਰਦਰਸ਼ਨ ਅਤੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਉਣ ਸਬੰਧੀ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਦੀ ਤਿੱਖੇ ਸ਼ਬਦਾਂ ਵਿੱਚ ਆਲੋਚਨਾ ਕਰਦਿਆਂ ਆਖਿਆ ਕਿ ਕੈਨੇਡਾ ਵਰਗੇ ਮੁਲਕ ਵਿੱਚ ਅਜਿਹਾ ਕੀਤਾ ਜਾਣਾ ਕਦੇ ਵੀ ਮਨਜ਼ੂਰ ਨਹੀਂ ਕੀਤਾ ਜਾ ਸਕਦਾ ।

# ਪੱਛਮੀ ਦੇਸ਼ ਰੂਸ ਉਪਰੋਂ ਪਾਬੰਦੀਆਂ ਹਟਾਉਣ ਤਾਂ ਖ਼ੁਰਾਕ ਸੰਕਟ ਦਾ ਹੱਲ ਹੋਵੇਗਾ - ਵਲਾਦੀਮੀਰ ਪੂਤਿਨ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਸਾਫ ਕਰ ਦਿੱਤਾ ਹੈ ਕਿ ਉਹ ਦੁਨੀਆਂ ਦੇ ਖੁਰਾਕ ਸੰਕਟ ਹੱਲ ਕਰਨ ਲਈ ਤਿਆਰ ਹੈ, ਪ੍ਰੰਤੂ ਇਸ ਦੇ ਲਈ ਪੱਛਮੀ ਦੇਸ਼ਾਂ ਨੂੰ ਰੂਸ ਉੱਤੇ ਲੱਗੀ ਪਾਬੰਦੀ ਹਟਾਉਣੀ ਪਵੇਗੀ।ਪੂਤਿਨ ਨੇ ਇਹ ਗੱਲ ਇਟਲੀ ਦੇ ਪ੍ਰਧਾਨ ਮੰਤਰੀ ਮਾਰਿ? ਦਰਾਗੀ ਨੂੰ ਟੈਲੀਫੋਨ ਉੱਤੇ ਕਹੀ। ਯੂਕਰੇਨ ਨੇ ਇਸ ਨੂੰ ਰੂਸੀ ਬਲੈਕਮੇਲ ਦਾ ਨਾਂਅ ਦਿੱਤਾ ਹੈ। ਰਾਸ਼ਟਰਪਤੀ ਪੂਤਿਨ ਨੇ ਕਿਹਾ ਹੈ ਕਿ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਨੇ ਉਨ੍ਹਾਂ ਦਾ ਹੀ ਨੁਕਸਾਨ ਕੀਤਾ ਹੈ। ਰੂਸ ਉਤੇ ਲੱਗੀਆਂ ਪਾਬੰਦੀਆਂ ਕਾਰਨ ਦੁਨੀਆ ਦੀ ਸਪਲਾਈ ਵਿਵਸਥਾ ਭੰਗ ਹੋ ਗਈ ਹੈ, ਜਿਸ ਦਾ ਖਮਿਆਜ਼ਾ ਪੂਰੀ ਦੁਨੀਆ ਨੂੰ ਭੁਗਤਣਾ ਪੈ ਸਕਦਾ ਹੈ।ਵਰਨਣ ਯੋਗ ਹੈ ਕਿ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਇਹ ਗੱਲ ਸਾਬਕਾ ਸੋਵੀਅਤ ਦੇਸ਼ਾਂ ਦੇ ਨੇਤਾਵਾਂ ਨਾਲ ਵੀਡੀਓ ਕਾਨਫਰੰਸਿੰਗ ਵਿੱਚ ਵੀ ਕਹੀ ਹੈ। ਇਸ ਤੋਂ ਪਹਿਲਾਂ ਰੂਸ ਨੇ ਕਿਹਾ ਕਿ ਪੱਛਮੀ ਦੇਸ਼ਾਂ ਨੇ ਜਿੰਦਾਂ ਰੂਸ ਉੱਤੇ ਗੈਰ ਕਾਨੂੰਨੀ ਪਾਬੰਦੀ ਲਾਈ ਹੈ, ਉਸ ਕਾਰਨ ਖੁਰਾਕ ਸਪਲਾਈ ਨਹੀਂ ਹੋ ਰਹੀ।

# ਨੈਕਸਸ ਕਾਰਡ ਲਈ ਤਿੰਨ ਲੱਖ ਅਰਜ਼ੀਆਂ ਦਾ ਨਿਪਟਾਰਾ ਹੋਣਾ ਬਾਕੀ ਐ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਅਤੇ ਅਮਰੀਕਾ ਵੱਲੋਂ ਦਿੱਤੀ ਜਾਂਦੀ ਦੂਹਰੀ ਨਾਗਰਿਕਤਾ ਸਬੰਧੀ ਚਲਾਇਆ ਜਾਂਦਾ ਪ੍ਰੋਗ੍ਰਾਮ ਨੈਕਸਸ ਜਿਸ ਨਾਲ ਦੂਹਰੀ ਨਾਗਰਿਕਤਾ ਪ੍ਰਾਪਤ ਨਾਗਰਿਕ ਕੈਨੇਡਾ ਅਤੇ ਅਮਰੀਕਾ ਵਿੱਚ ਹਵਾਈ ਜ਼ਮੀਨੀ ਅਤੇ ਪਾਣੀ ਦੇ ਰਸਤੇ ਆ ਜਾ ਸਕਦੇ ਹਨ ਅਤੇ ਇਸ ਪ੍ਰੋਗਰਾਮ ਤਹਿਤ ਆਉਣ ਜਾਣ ਵਾਲਿਆਂ ਲਈ ਵੱਖਰੀਆਂ ਕਤਾਰਾਂ ਹੁੰਦੀਆਂ ਹਨ, ਲਈ ਦਿੱਤੀਆਂ ਜਾਂਦੀਆਂ ਅਰਜ਼ੀਆਂ ਦਾ ਬੈਕਲਾਗ ਬਹੁਤ ਜ਼ਿਆਦਾ ਵਧ ਗਿਆ ਹੈ। ਇਸ ਨੂੰ ਕਲੀਅਰ ਕਰਨ ਲਈ ਲੰਬਾ ਸਮਾਂ ਲੱਗੇਗਾ। ਕੈਨੇਡਾ ਬਾਰਡਰ ਸਰਵਿਸ ਏਜੰਸੀ ਅਨੁਸਾਰ ਲਗਪਗ ਤਿੰਨ ਲੱਖ ਅਰਜ਼ੀਆਂ ਦਾ ਬੈਕਲਾਗ ਜਮ੍ਹਾਂ ਹੋ ਗਿਆ ਹੈ।

# ਕੈਲਗਰੀ ਵਿਖੇ 10ਵਾਂ ਸਬਰੰਗ ਵਿਸਾਖੀ ਮੇਲਾ ਸ਼ਾਨੋਸ਼ੌਕਤ ਨਾਲ ਮਨਾਇਆ ਗਿਆ















ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 29 ਮਈ 2022 ਨੂੰ ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਸਬਰੰਗ ਰੇਡੀਓ ਵੱਲੋਂ 10ਵਾਂ ਵੈਸਾਖੀ ਮੇਲਾ ਕਰਵਾਇਆ ਗਿਆ। ਵੱਖੋ ਵੱਖ ਸੱਭਿਆਚਾਰਾਂ ਦੇ ਕਲਾਕਾਰਾਂ ਵੱਲੋਂ ਵਿਲੱਖਣ ਪੇਸ਼ਕਾਰੀ ਨੇ ਦਰਸਕਾਂ ਦਾ ਮਨ ਮੋਹ ਲਿਆ। ਨਰਿੰਦਰ ਗਿੱਲ ਦੀ ਅਗਵਾਈ ਹੇਠ ਬੱਚੀਆਂ ਦਾ ਗਿੱਧਾ, ਗੁਰਮੀਤ ਸਰਪਾਲ ਦੀ ਨਿਰਦੇਸਨਾ ਹੇਠ ਬਜੁਰਗ ਔਰਤਾਂ ਦਾ ਗਿੱਧਾ ਮੇਲੇ ਦੇ ਮੇਲੀਆਂ ਨੂੰ ਕੀਲਣ ਵਿੱਚ ਸਫਲ ਰਹੇ। ਛੋਟੇ ਬੱਚੇ ਮੋਹਕਮ ਸਿੰਘ ਚੌਹਾਨ ਵੱਲੋਂ ਸਟੇਜ ਉਪਰੋਂ ਸ਼ਬਦ ਬੋਲਣਾ ਸਿੱਖੀ ਦੇ ਵਾਰਿਸ ਹੋਣ ਦਾ ਵਿਸਵਾਸ ਦਿਵਾ ਗਿਆ। ਅੰਗਦਾਨ ਪ੍ਰੇਰਣਾ ,ਅਤੇ ਬੱਚਿਆਂ ਦੀ ਕੈਲਗਰੀ ਪੁਲਿਸ ਨਾਲ ਮਿਲਕੇ ਕੰਮ ਕਰਨ ਦੀ ਹਿੰਮਤ ਲੋਕਾਂ ਵਿੱਚ ਚੇਤਨਾ ਪੈਦਾ ਕਰ ਰਹੀ ਸੀ। ਵੱਖੋ ਵੱਖ ਵਿਓਪਾਰਕ ਅਦਾਰਿਆਂ ਦੇ ਬੂਥਾਂ ਤੋਂ ਇਲਾਵਾ ਐਨ ਡੀ ਪੀ ਪਾਰਟੀ ਵੱਲੋਂ ਵੀ ਆਪਣੀ ਪਾਰਟੀ ਦੀਆਂ ਪਾਲਸੀਆਂ ਦੱਸਣ ਲਈ ਬੂਥ ਲਗਾਇਆ ਹੋਇਆ ਸੀ ਜਿਸ ਦੌਰਾਨ ਐਮ ਐਲ ਏ ਇਰਫਾਨ ਸਾਬੀਰ ਅਤੇ ਟੀਨੂ ਬਰਾੜ ਆਮ ਲੋਕਾਂ ਨੂੰ ਮਿਲ ਰਹੇ ਸਨ। ਮੇਲੇ ਦੇ ਪਰਬੰਧਕ ਰਾਜੇਸ ਅੰਗਰਾਲ ਦਾ ਇਹ ਉਪਰਾਲਾ ਹਰ ਸਾਲ ਦੀ ਤਰਾਂ ਇਸ ਵੀ ਸਫਲ ਰਿਹਾ ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ।

# ਹੁਣ ਤੁਸੀਂ ਆਪਣੇ ਪਿਆਰਿਆਂ ਦੀਆਂ ਅਸਥੀਆਂ ਕਨੇਡਾ ਵਿੱਚ ਹੀ ਜਲਪ੍ਰਵਾਹ ਕਰ ਸਕਦੇ ਹੋ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਰੀਤੀ ਰਿਵਾਜਾਂ ਅਨੁਸਾਰ ਅਸੀਂ ਆਪਣੇ ਤੋਂ ਵਿਛੜ ਗਏ ਪਿਆਰਿਆਂ ਦੀਆਂ ਆਖਰੀ ਰਸਮਾਂ ਨਿਭਾਉਂਦੇ ਹੋਏ ਅੰਤਿਮ ਸਸਕਾਰ ਉਪਰੰਤ ਉਹਨਾਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਦੇ ਹਾਂ ਪਰ ਬੀਤੇ ਦੋ ਸਾਲਾਂ ਤੋਂ ਕਰੋਨਾ ਮਹਾਮਾਰੀ ਕਾਰਣ ਬਹੁਤ ਸਾਰੇ ਪਰਿਵਾਰ ਅਜਿਹੇ ਹਨ ਜੋ ਇੰਡੀਆ ਜਾਕੇ ਆਪਣੇ ਪਿਆਰਿਆਂ ਦੀਆਂ ਅਸਥੀਆਂ ਜਲਪ੍ਰਵਾਹ ਨਹੀਂ ਕਰ ਸਕੇ। ਉਹਨਾਂ ਨੇ ਇਹ ਅਸਥੀਆਂ ਆਪਣੇ ਘਰਾਂ ਅੰਦਰ ਹੀ ਸੰਭਾਲਕੇ ਰੱਖੀਆਂ ਹੋਈਆਂ ਹਨ। ਐਡਮੰਟਨ ਵਿਖੇ ਸਥਾਪਿਤ ਪਾਰਕ ਪੈਲੇਸ ਫਿਊਨਰਲ ਹੋਮ ਚਲਾ ਰਹੀ ਸਤਵੀਰ ਕੌਰ ਬਰਾੜ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਆਪਣਿਆਂ ਤੋਂ ਆਪਣੇ ਪਿਆਰਿਆਂ ਦੀ ਮੌਤ ਉਪਰੰਤ ਫੁੱਲ ਪਾਉਣ (ਅਸਥੀਆਂ ਜਲਪ੍ਰਵਾਹ) ਕਰਨ ਵਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੁਸੀਂ ਇਹ ਰਸਮਾਂ ਕਨੇਡਾ ਰਹਿੰਦਿਆਂ ਵੀ ਨਿਭਾ ਸਕਦੇ ਹੋ।ਸਰਕਾਰ ਵੱਲੋਂ ਇੱਥੇ ਕਨੇਡਾ ਵਿੱਚ ਵੀ ਸਾਨੂੰ ਇਹ ਰਸਮਾਂ ਨਿਭਾਉਣ ਦੀ ਇਜਾਜਤ ਮਿਲੀ ਹੋਈ ਹੈ। ਅਸੀਂ ਪਾਰਕ ਪੈਲੇਸ ਫਿਊਨਰਲ ਹੋਮ ਵੱਲੋਂ ਇਹ ਰਸਮਾਂ ਨਿਭਾਉਣ ਵਿੱਚ ਸਬੰਧਿਤ ਪਰਿਵਾਰਾਂ ਦੀ ਮੱਦਦ ਕਰ ਸਕਦੇ ਹਾਂ। ਇਸ ਸਬੰਧੀ ਹੋਰ ਜਾਣਕਾਰੀ ਲਈ ਤੁਸੀਂ ਸਤਵੀਰ ਕੌਰ ਬਰਾੜ ਨਾਲ 780 267 3500 ਜਾਂ 780 417 8000 ਫੋਨ ਨੰਬਰ ਉੱਪਰ ਸੰਪਰਕ ਕਰ ਸਕਦੇ ਹੋ।




























# ਯਾਦਾਂ ਉਕੇਰ ਗਿਆ ਯੂਨੀਵਰਸਲ ਆਰਟ ਐਂਡ ਕਲਚਰ ਵੈਲਫੇਅਰ ਸੁਸਾਇਟੀ (ਰਜਿ:) ਮੋਹਾਲੀ ਵੱਲੋਂ ਆਯੋਜਿਤ ਵਿਰਾਸਤੀ ਅਖਾੜਾ





ਮੋਹਾਲੀ (ਪੰਜਾਬੀ ਅਖਬਾਰ ਬਿਊਰੋ) ਲੱਚਰ ਤੇ ਹਥਿਆਰੀ ਗਾਇਕੀ ਦੇ ਵਿਰੋਧ ਵਿਚ ਚਲਾਏ ਗਏ ਵਿਰਾਸਤੀ ਅਖਾੜੇ ਦੀ ਲੜੀ ਨੂੰ ਲੌਕ ਡਾਉਨ ਤੋਂ ਬਾਅਦ 25 ਵੇਂ ਯੂਨੀਵਰਸਲ ਵਿਰਾਸਤੀ ਅਖਾੜੇ ਦੀ ਪੇਸ਼ਕਾਰੀ ਫ਼ੋਕਲੋਰ ਫ੍ਰੇਟਰਨਿਟੀ ਫੈਡਰੇਸ਼ਨ ਪੰਜਾਬ ਦੇ ਸਹਿਯੋਗ ਨਾਲ ਕੀਤੀ ਗਈ । ਇਹ ਅਖਾੜਾ ਮਰਹੂਮ ਨਰਿੰਦਰ ਬਿੱਲਾ ਤੇ ਪ੍ਰੋ:ਕੰਵਰ ਰਜਿੰਦਰ ਸਿੰਘ ਨੂੰ ਸਮਰਪਿਤ ਕੀਤਾ ਗਿਆ। ਜਿਸ ਵਿਚ ਸੂਫ਼ੀ ਗਾਇਕੀ, ਲੋਕ ਗਾਇਕੀ ਦੇ ਰੰਗਾਂ ਤੋਂ ਇਲਾਵਾ ਵਿਰਾਸਤੀ ਤੇ ਸੱਭਿਆਚਾਰਕ ਲੋਕ ਨਾਚਾਂ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਅਖਾੜੇ ਵਿੱਚ ਜਨਜੋਤ ਸਿੰਘ ਪੰਜਾਬੀ ਫ਼ਿਲਮ ਨਿਰਦੇਸ਼ਕ (ਚਲ ਮੇਰਾ ਪੁੱਤ ) ਅਤੇ ਫ਼ੋਕਲੋਰ ਫ੍ਰੇਟਰਨਿਟੀ ਫੈਡਰੇਸ਼ਨ ਦੇ ਜਰਨਲ ਸਕੱਤਰ ਸਵਰਨ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਨਜੋਤ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਸੇਧ ਦੇਣ ਵਾਲੇ ਅਜਿਹੇ ਵਿਰਾਸਤੀ ਅਖਾੜੇ ਪੂਰੇ ਪੰਜਾਬ ਵਿਚ ਲਗਣੇ ਚਾਹੀਦੇ ਹਨ ਤਾਂ ਜੋਂ ਨੌਜਵਾਨਾਂ ਨੂੰ ਆਪਣੇ ਵਿਰਸੇ ਤੇ ਸੱਭਿਆਚਾਰ ਤੋਂ ਜਾਣੂ ਕਰਵਾਇਆ ਜਾ ਸਕੇ ।

ਅਖਾੜੇ ਦਾ ਮੰਚ ਸੰਚਾਲਨ ਅਲਗੋਜ਼ਾ ਉਸਤਾਦ ਕਰਮਜੀਤ ਸਿੰਘ ਬੱਗਾ ਸਟੇਟ ਅਵਾਰਡੀ ਵਲੋਂ ਕੀਤਾ ਗਿਆ। ਅਖਾੜੇ ਦੀ ਸ਼ੁਰੂਆਤ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਕੈਡਮੀ ਮੋਹਾਲੀ ਵਲੋਂ ਜਥੇਦਾਰ ਗੁਰਪ੍ਰੀਤ ਸਿੰਘ ਖ਼ਾਲਸਾ ਦੀ ਸਰਪ੍ਰਸਤੀ ਹੇਠ ਜਗਜੀਤ ਸਿੰਘ ਵਲੋਂ ਤਿਆਰ ਕੀਤੇ ਬੱਚਿਆਂ ਦੀ ਵਿਰਾਸਤੀ ਤੇ ਜੁਝਾਰੂ ਖੇਡ ਗੱਤਕਾ ਦੀ ਸ਼ਾਨਦਾਰ ਪੇਸ਼ਕਾਰੀ ਦੇਖਕੇ ਦਰਸ਼ਕਾਂ ਨੇ ਉਂਗਲਾਂ ਮੂੰਹ ਵਿੱਚ ਲੈ ਲਈਆਂ।ਫੇਰ ਸੂਫ਼ੀ ਸੰਗੀਤ ਦੀ ਸ਼ੁਰੂਆਤ ਵਿੱਚ ਆਪਣੀ ਸੁਰੀਲੀ ਆਵਾਜ਼ ਵਿੱਚ ਸਚਿਨ ਸ਼ਰਮਾ ਵਲੋਂ ਮੇਰਾ ਦੇਸ਼ ਹੋਵੇ ਪੰਜਾਬ ਤੋਂ ਇਲਾਵਾ ਅਲ੍ਹਾ ਕਰੇ ਮੈਂ ਮਰ ਜਾਵਾਂ, ਤੁਮ੍ਹੇ ਦਿੱਲ ਲਗੀ ਭੁੱਲ ਜਾਨੀ ਪੜੇਗੀ, ਮੇਰੇ ਰਸ਼ਕੇ ਕੰਵਰ ਗਾ ਕੇ ਦਰਸ਼ਕਾਂ ਦੀ ਵਾਹਵਾਹੀ ਖੱਟੀ। ਬੀਬਾ ਪਲਕ ਸ਼ਰਮਾ ਵਲੋਂ ਨਾਚ ਤੇ ਸਟੇਟ ਐਵਾਰਡੀ ਉਸਤਾਦ ਹਰਿੰਦਰ ਪਾਲ ਸਿੰਘ ਦੀ ਨਿਰਦੇਸ਼ਨਾ ਹੇਠ ਅਖਾੜੇ ਦੀਆਂ ਮੁਟਿਆਰਾਂ ਵੱਲੋਂ ਲੋਕ ਨਾਚ ਲੁੱਡੀ ਸੁਖਬੀਰ ਪਾਲ ਕੌਰ ਦੀ ਕਪਤਾਨੀ ਵਿਚ ਪੇਸ਼ਕਾਰੀ ਬਕਮਾਲ ਰਹੀ ।ਪਦਸ਼੍ਰੀ ਉਸਤਾਦ ਪੂਰਨ ਚੰਦ ਵਡਾਲੀ ਦੇ ਸ਼ਾਗਿਰਦ ਜਗਜੀਤ ਵਡਾਲੀ ਵਲੋਂ ਵੇ ਸੋਨੇ ਦੀਆਂ ਕੰਗਣਾ, ਤੂੰ ਮਾਨੇ ਯਾ ਨਾ ਮਾਨੇ , ਦਮਾਂ ਦਮ ਮਸਤ ਕਲੰਦਰ, ਸਾਹਮਣੇ ਹੋਵੇ ਯਾਰ ਤਾਂ ਨੱਚਣਾ ਪੈਂਦਾ ਹੈ, ਗਾ ਕੇ ਅਖਾੜੇ ਨੂੰ ਸਿਖਰ ਵੱਲ ਤੋਰਿਆ।ਲੋਕ ਗਾਇਕ ਗੱਗੀ ਨਾਹਰ ਵੱਲੋਂ ਲੋਕ ਗੀਤ ਲੁੱਡੀ, ਜੱਗਾ ,ਮਾਹੀਆ, ਮਿਰਜ਼ਾ ਗਾ ਕੇ ਅਖਾੜੇ ਨੂੰ ਬੁਲੰਦੀ ਤੇ ਪਹੁੰਚਾ ਦਿੱਤਾ। ਸੋਸਾਇਟੀ ਦੀ ਮੈਂਬਰ ਦਵਿੰਦਰ ਕੌਰ ਵਲੋਂ ਲਿਖੀ ਕਾਵਿ ਸੰਗ੍ਰਿਹ ਕਿਤਾਬ ਸੱਧਰਾਂ ਦੀ ਫੁਲਕਾਰੀ ਦੀ ਘੁੰਡ ਚੁਕਾਈ ਕੀਤੀ ਗਈ ।

ਅਖਾੜੇ ਵਿੱਚ ਤਿੰਨ ਵਿਰਾਸਤ , ਸਭਿਆਚਾਰਕ ਤੇ ਰੰਗਮੰਚ ਲਈ ਸਮਰਪਿਤ ਨੌਜਵਾਨਾਂ ਲਈ ਸਨਮਾਨ ਵੀ ਦਿੱਤੇ ਗਏ। ਪਹਿਲਾ ਸਨਮਾਨ ਨਰਿੰਦਰ ਬਿੱਲਾ ਯਾਦਗਾਰੀ ਵਿਰਾਸਤੀ ਸਨਮਾਨ ਲੋਕ ਧਾਰਾ ਨੂੰ ਸਮਰਪਿਤ ਹਰਦੀਪ ਸਿੰਘ ਮਾਂਣਾ ਨੂੰ ਨਰਿੰਦਰ ਬਿੱਲਾ ਦੇ ਪਰਿਵਾਰ ਵਲੋਂ, ਦੂਸਰਾ ਸਨਮਾਨ ਦਲੀਪ ਸਿੰਘ ਰਿਸਮ ਯਾਦਗਾਰੀ ਸਭਿਆਚਾਰਕ ਸਨਮਾਨ ਨੌਜਵਾਨ ਸਰਬੰਸ ਪ੍ਰਤੀਕ ਸਿੰਘ ਨੂੰ ਸਭਿਆਚਾਰਕ ਗਤੀਵਿਧੀਆਂ ਲਈ ਜਨਜੋਤ ਸਿੰਘ ਫ਼ਿਲਮ ਨਿਰਦੇਸ਼ਕ ਵਲੋਂ ਆਪਣੇ ਦਾਦਾ ਜੀ ਦੀ ਯਾਦ ਵਿੱਚ ਦਿੱਤਾ ਗਿਆ। ਤੀਸਰਾ ਰੰਗਮੰਚ ਸਨਮਾਨ ਸ: ਬੀ.ਪੀ. ਸਿੰਘ ਯਾਦਗਾਰੀ ਰੰਗਮੰਚ ਸਨਮਾਨ ਇਕੱਤਰ ਸਿੰਘ ਭਾਈ ਮੰਨਾ ਸਿੰਘ ਜੀ ਦੇ ਚਹੇਤੇ ਸ਼ਾਗਿਰਦ ਨੂੰ ਲੋਕ ਲਹਿਰ ਰੰਗਮੰਚ ਲਈ ਦਿੱਤਾ ਗਿਆ। ਇਹ ਸਨਮਾਨ ਬੀ.ਪੀ.ਸਿੰਘ ਦੇ ਸ਼ਾਗਿਰਦ ਗੋਪਾਲ ਸ਼ਰਮਾ ਤੇ ਨਰਿੰਦਰ ਨੀਨਾ ਵਲੋਂ ਸ਼ੁਰੂ ਕੀਤਾ ਗਿਆ।ਗੱਗੀ ਨਾਹਰ ਭੰਗੜਾ ਕੋਚ ਤੇ ਢੋਲੀ ਵਲੋਂ ਤਿਆਰ ਬੱਚਿਆਂ ਦੇ ਭੰਗੜੇ ਨੇ ਅਖਾੜੇ ਨੂੰ ਸਿਖਰਾਂ ਤੇ ਪਹੁੰਚਾ ਕੇ ਚਾਰ ਚੰਨ ਲਗਾ ਦਿੱਤੇ।

ਅੰਤ ਵਿੱਚ ਸੁਸਾਇਟੀ ਦੇ ਪ੍ਰਧਾਨ ਰੰਗਕਰਮੀ ਤੇ ਅਦਾਕਾਰ ਨਰਿੰਦਰ ਪਾਲ ਸਿੰਘ ਨੀਨਾ ਵਾਲੋਂ ਆਏ ਹੋਏ ਸਾਰੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਅਖਾੜੇ ਵਿਚ ਸਰਪਰਸਤ ਗੁਰਪ੍ਰੀਤ ਸਿੰਘ ਖਾਲਸਾ , ਗੋਪਾਲ ਸ਼ਰਮਾ , ਅੰਮ੍ਰਿਤਪਾਲ ਸਿੰਘ , ਬਲਕਾਰ ਸਿੱਧੂ, ਪ੍ਰੋ. ਜਸਬੀਰ ਕੌਰ, ਆਤਮਜੀਤ ਸਿੰਘ, ਉਸਤਾਦ ਬਲਬੀਰ ਚੰਦ, ਮਲਕੀਤ ਮਲੰਗਾ ਹਾਸਰਸ ਕਲਾਕਾਰ, ਗੀਤਕਾਰ ਦਵਿੰਦਰ ਸਿੰਘ , ਗੀਤਕਾਰ ਬਲਜੀਤ ਫਿੱਡਿਆਂਵਾਲਾ , ਅਰਸ਼ , ਭਿੰਦਾ ਉਸਤਾਦ ਅੰਮ੍ਰਿਤਸਰ , ਹਰਜੀਤ ਮਸੁਤਾ, ਮਨਜੀਤ ਕੌਰ ਐਮ ਸੀ, ਅਨੁਰੀਤ , ਹਰਕੀਰਤ, ਮਨਦੀਪ, ਗੁਰਸਿਮਰਨ, ਹਰਦੀਪ, ਮਨਿੰਦਰਜੀਤ, ਆਦਿ ਹਾਜ਼ਰ ਸਨ। ਦਰਸ਼ਕਾਂ ਦੇ ਦਿਲਾਂ ਤੇ ਛਾਪ ਛੱਡਦਾ ਹੋਇਆ 25ਵਾਂ ਯੂਨੀਵਰਸਲ ਵਿਰਾਸਤੀ ਅਖਾੜਾ ਯਾਦਗਾਰੀ ਹੋ ਨਿੱਬੜਿਆ।


Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment

Financial Services
• RRSP
• Life Insurance
Term Life
Universal Life
• Critical Illness Insurance
• Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE



NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



**ਹਿੰਸਾ ਬਾਰੇ ਖ਼ਾਮੋਸ਼ੀ ਹਿੰਸਾ ਹੀ ਹੈ**
-ਫਰਾਂਸਿਸਕੋ ਸ਼ੈਫਰ

# ਸਿੱਧੂ ਮੂਸੇਵਾਲਾ ਦਾ ਕਤਲ

ਪ੍ਰਸਿੱਧ ਪੰਜਾਬੀ ਗਾਇਕ ਤੇ ਕਾਂਗਰਸੀ ਆਗੂ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦਾ ਅੰਤਿਮ ਸਸਕਾਰ ਹੋ ਗਿਆ ਹੈ। ਇਸ ਨਾਲ ਸਿੱਧੂ ਮੂਸੇਵਾਲਾ ਦੀ ਇੱਕ ਬੁਲੰਦ ਆਵਾਜ਼ ਤਾਂ ਬੰਦ ਹੋ ਗਈ ਹੈ ਪਰ ਇਸ ਕਤਲ ਨੇ ਸੂਬਾ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ ਖੜ੍ਹਾ ਕਰ ਦਿੱਤਾ ਹੈ। ਇਹ ਘਟਨਾ ਅਮਨ-ਕਾਨੂੰਨ ਦੀ ਹਾਲਤ ਦੱਸ ਰਹੀ ਹੈ, ਉੱਥੇ ਹੀ ਸੂਬਾ ਸਰਕਾਰ ਦੇ ਉਸ ਫੈਸਲੇ 'ਤੇ ਵੀ ਵੱਡਾ ਸਵਾਲ ਖੜ੍ਹਾ ਹੋ ਗਿਆ ਹੈ, ਜਿਸ 'ਚ ਸਰਕਾਰ ਨੇ ਅਚਾਨਕ 400 ਹੋਰ ਅਹਿਮ ਵਿਅਕਤੀਆਂ ਦੀ ਸੁਰੱਖਿਆ ਵਾਪਸ ਲੈ ਲਈ ਹੈ। ਇਹ ਘਟਨਾ ਇਸ ਲਈ ਵੀ ਗੰਭੀਰ ਹੈ ਕਿਉਂਕਿ ਇਸ ਦੀਆਂ ਕੜੀਆਂ ਕੈਨੇਡਾ ਅਤੇ ਅਰਮੇਨੀਆ ਵਿੱਚ ਬੈਠੇ ਅਪਰਾਧੀਆਂ ਨਾਲ ਜੁੜੀਆਂ ਹੋਈਆਂ ਹਨ। ਇਸ ਤੋਂ ਜਾਪਦਾ ਹੈ ਕਿ ਪੰਜਾਬ ਗੈਂਗ ਵਾਰ ਦੇ ਚੁੰਗਲ ਵਿੱਚ ਫਸਿਆ ਹੋਇਆ ਹੈ ਅਤੇ ਇਸ ਵਿੱਚ ਸ਼ਾਮਲ ਅਪਰਾਧੀ ਦੂਜੇ ਦੇਸ਼ਾਂ ਵਿੱਚ ਬੈਠ ਕੇ ਅਜਿਹੇ ਕਤਲਾਂ ਨੂੰ ਅੰਜਾਮ ਦੇ ਰਹੇ ਹਨ। ਗੈਂਗਸਟਰ ਲਾਰੇਂਸ ਬਿਸ਼ਨੋਈ ਅਤੇ ਉਸ ਦੇ ਸਾਥੀ ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਹਾਲਾਂਕਿ ਸਰਕਾਰ ਨੇ ਇਸ ਘਟਨਾ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਕੰਮ ਵਿੱਚ ਕੇਂਦਰੀ ਜਾਂਚ ਏਜੰਸੀ ਅਤੇ ਰਾਸ਼ਟਰੀ ਜਾਂਚ ਏਜੰਸੀ ਦੀ ਮੱਦਦ ਲੈਣ ਦੀ ਗੱਲ ਕਹੀ ਗਈ ਹੈ। ਇਸ ਲਈ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਘਟਨਾ ਪਿੱਛੇ ਸੱਚ ਸਾਹਮਣੇ ਆ ਜਾਵੇਗਾ। ਜਿਸ ਤਰੀਕੇ ਨਾਲ ਸਿੱਧੂ ਮੂਸੇਵਾਲਾ 'ਤੇ ਹਮਲਾ ਹੋਇਆ, ਉਸ ਤੋਂ ਲੱਗਦਾ ਹੈ ਕਿ ਇਸ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਪਹਿਲਾਂ ਤੋਂ ਹੀ ਕਰ ਲਈ ਗਈ ਹੋਵੇਗੀ ਅਤੇ ਕਾਤਲਾਂ ਨੂੰ ਤਾਂ ਮੌਕੇ ਦੀ ਹੀ ਤਲਾਸ਼ ਹੋਵੇਗੀ। ਜਿਵੇਂ ਹੀ ਸਰਕਾਰ ਨੇ ਅਹਿਮ ਵਿਅਕਤੀਆਂ ਦੀ ਸੁਰੱਖਿਆ ਘਟਾਉਣ ਜਾਂ ਹਟਾਉਣ ਦਾ ਕਦਮ ਚੁੱਕਿਆ ਤਾਂ ਸਿੱਧੂ ਮੂਸੇਵਾਲਾ ਦੇ ਪਿੱਛੇ ਲੱਗੇ ਲੋਕਾਂ ਨੂੰ ਮੌਕਾ ਮਿਲ ਗਿਆ। ਹਾਲਾਂਕਿ ਰਿਪੋਰਟ ਅਨੁਸਾਰ ਸਿੱਧੂ ਮੂਸੇਵਾਲਾ ਕੋਲ ਅਜੇ ਵੀ ਦੋ ਸੁਰੱਖਿਆ ਗਾਰਡ ਸਨ, ਜਦੋਂ ਕਿ ਪਹਿਲਾਂ ਚਾਰ ਸਨ। ਜਿਵੇਂ ਕਿ ਉਸ ਦੇ ਪਿਤਾ ਬਲਕੌਰ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਜਦੋਂ ਸਿੱਧੂ ਕਤਲ ਤੋਂ ਠੀਕ ਪਹਿਲਾਂ ਘਰੋਂ ਨਿਕਲਿਆ ਸੀ ਤਾਂ ਦੋਵੇਂ ਸੁਰੱਖਿਆ ਮੁਲਾਜ਼ਮ ਉਸ ਦੇ ਨਾਲ ਨਹੀਂ ਸਨ ਅਤੇ ਨਾ ਹੀ ਉਸ ਨੇ ਬੁਲੇਟ ਪਰੂਫ਼ ਗੱਡੀ ਲਈ। ਇਹ ਜਾਂਚ ਦਾ ਵਿਸ਼ਾ ਹੈ ਕਿ ਉਹ ਬਿਨਾਂ ਸੁਰੱਖਿਆ ਕਰਮੀਆਂ ਦੇ ਅਚਾਨਕ ਘਰੋਂ ਕਿਵੇਂ ਚਲਿਆ ਗਿਆ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਅਜੇ ਵੀ ਬਹੁਤ ਸੰਵੇਦਨਸ਼ੀਲ ਸੂਬਾ ਹੈ। ਇਸ ਨੂੰ ਸਿਰਫ਼ ਸਰਹੱਦ ਪਾਰ ਦੇ ਅੱਤਵਾਦ ਅਤੇ ਵੱਖਵਾਦੀਆਂ ਤੋਂ ਹੀ ਨਹੀਂ, ਸਗੋਂ ਡਰੱਗ ਡੀਲਰਾਂ ਅਤੇ ਗੈਂਗ ਵਾਰ ਨਾਲ ਜੁੜੇ ਅਪਰਾਧੀਆਂ ਤੋਂ ਵੀ ਖ਼ਤਰਾ ਹੈ। ਧਿਆਨ ਯੋਗ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ ਸੂਬੇ ਵਿੱਚ ਗੈਂਗ ਵਾਰ ਵਿੱਚ ਬਹੁਤ ਸਾਰੇ ਲੋਕ ਮਾਰੇ ਜਾ ਚੁੱਕੇ ਹਨ ਅਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਕਤਲਾਂ ਨੂੰ ਅੰਜਾਮ ਦੇਣ ਲਈ ਨਿਰਦੇਸ਼ ਕੈਨੇਡਾ ਅਤੇ ਅਰਮੇਨੀਆ ਵਿੱਚੋਂ ਮਿਲ ਰਹੇ ਹਨ। ਪਰ ਸਰਕਾਰਾਂ ਸੁੱਤੀਆਂ ਜਾਪਦੀਆਂ ਹਨ। ਜਿਸ ਸੂਬੇ ਵਿੱਚ ਅਜਿਹੇ ਭਿਆਨਕ ਅਪਰਾਧ ਹੁੰਦੇ ਰਹਿੰਦੇ ਹਨ, ਨਸ਼ੇ ਦੇ ਸੌਦਾਗਰ ਸਰਗਰਮ ਹੁੰਦੇ ਹਨ, ਖਾਲਿਸਤਾਨੀ ਗਰੁੱਪਾਂ ਅਤੇ ਅੱਤਵਾਦ ਦਾ ਖਤਰਾ ਹੁੰਦਾ ਹੈ ਤਾਂ ਸਪੱਸ਼ਟ ਹੈ ਕਿ ਰਾਜਨੀਤੀ ਕਰਨ ਵਾਲਿਆਂ ਦੀ ਜਾਨ ਨੂੰ ਖ਼ਤਰਾ ਘੱਟ ਨਹੀਂ ਹੋਵੇਗਾ। ਡੇਰਿਆਂ ਵਿੱਚ ਟਕਰਾਅ ਅਤੇ ਹਿੰਸਾ ਦੀਆਂ ਘਟਨਾਵਾਂ ਵੀ ਛੁਪੀਆਂ ਨਹੀਂ ਹਨ। ਅਜਿਹੇ 'ਚ 400 ਤੋਂ ਵੱਧ ਲੋਕਾਂ ਦੀ ਸੁਰੱਖਿਆ ਵਾਪਸ ਲੈਣ ਜਾਂ ਕਟੌਤੀ ਕਰਨ ਦੇ ਫੈਸਲੇ 'ਤੇ ਸਵਾਲ ਉਠਣਾ ਸੁਭਾਵਿਕ ਹੈ, ਜਿਨ੍ਹਾਂ ਦੀ ਜਾਨ ਨੂੰ ਹਮੇਸ਼ਾ ਖ਼ਤਰਾ ਰਹਿੰਦਾ ਹੈ। ਪੰਜਾਬ ਵਿੱਚ ਜਿਨ੍ਹਾਂ ਲੋਕਾਂ ਦੀ ਸੁਰੱਖਿਆ ਵਾਪਸ ਲਈ ਗਈ ਹੈ, ਉਨ੍ਹਾਂ ਵਿੱਚ ਵਿਧਾਇਕ, ਪੁਲਿਸ ਅਧਿਕਾਰੀ, ਡੇਰਾ ਮੁਖੀ ਆਦਿ ਸ਼ਾਮਲ ਹਨ। ਸ੍ਰੀ ਅਕਾਲ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਵਿੱਚ ਕਟੌਤੀ ਕੀਤੀ ਗਈ। ਇਹ ਸੱਚ ਹੈ ਕਿ ਅਜਿਹੇ ਲੋਕਾਂ ਦੀ ਸੁਰੱਖਿਆ 'ਤੇ ਖਰਚਾ ਮਾਮੂਲੀ ਨਹੀਂ ਹੈ ਅਤੇ ਇਹ ਪੈਸਾ ਸਿਰਫ ਟੈਕਸ ਦਾਤਾਵਾਂ ਦਾ ਹੈ। ਜਿਸ ਕਾਰਨ ਇਸ ਬਾਰੇ ਵੀ ਸਵਾਲ ਉੱਠ ਰਹੇ ਹਨ। ਪਰ ਪੰਜਾਬ ਸਰਕਾਰ ਨੇ ਅਜਿਹੇ ਲੋਕਾਂ ਦੀ ਸੁਰੱਖਿਆ ਨੂੰ ਖ਼ਤਰੇ ਦੇ ਪੱਧਰ ਨੂੰ ਕਿਸੇ ਤਰ੍ਹਾਂ ਅੱਖੋਂ ਪਰੋਖੇ ਕੀਤਾ ਜਾਪਦਾ ਹੈ। ਇਹ ਵੀ ਜਾਪਦਾ ਹੈ ਕਿ ਸਰਕਾਰ ਨੇ ਇਹ ਕਦਮ ਸਿਰਫ ਸੁਰਖੀਆਂ ਬਟੋਰਨ ਲਈ ਇੰਨੀ ਜਲਦਬਾਜ਼ੀ ਵਿੱਚ ਚੁੱਕਿਆ, ਜਿਹਨਾਂ ਦੀ ਸੁਰੱਖਿਆ ਘਟਾਈ ਗਈ ਉਹਨਾਂ ਦੀਆਂ ਲਿਸਟਾਂ ਸੁਰਖੀਆਂ ਬਟੋਰਨ ਲਈ ਜਾਰੀ ਕਰ ਦਿੱਤੀਆਂ ਜਿਸ ਕਾਰਨ ਅਪਰਾਧੀ ਬਿਰਤੀ ਵਾਲੇ ਲੋਕਾਂ ਨੂੰ ਆਪਣੇ ਇਰਾਦਿਆਂ ਨੂੰ ਅੰਜਾਮ ਦੇਣ ਲਈ ਸੁਰਾਗ ਮਿਲ ਗਿਆ । ਆਮ ਲੋਕਾਂ ਦੀ ਇਹੀ ਧਾਰਨਾ ਹੈ ਕਿ ਸਿੱਧੂ ਮੂਸੇਵਾਲਾ ਦਾ ਕਤਲ ਵੀ ਇਸੇ ਲੜੀ ਤਹਿਤ ਹੋਇਆ ਹੈ।ਭਵਿੱਖ ਵਿੱਚ ਆਮ ਲੋਕਾਂ ਦੀ ਸੁਰੱਖਿਆ ਸਬੰਧੀ ਸਖਤ ਕਦਮ ਚੁੱਕਣ ਦੇ ਨਾਲ ਨਾਲ ਅਜਿਹਾ ਮਾਹੌਲ ਸਿਰਜਣ ਦੀ ਲੋੜ ਹੈ ਜਿਸ ਤਹਿਤ ਗੈਂਗਸਟਰ ਸੱਭਿਆਚਾਰ ਨੂੰ ਨਕੇਲ ਪਾਈ ਜਾ ਸਕੇ। ਗੈਂਗਸਟਰ ਸੱਭਿਆਚਾਰ ਨੂੰ ਉਤਸਾਹਿਤ ਕਰਨ ਵਾਲੇ ਗੀਤ ਅਤੇ ਫਿਲਮਾਂ ਉੱਪਰ ਪਾਬੰਦੀਆਂ, ਡਰੱਗ ਮਾਫੀਆ ਦਾ ਖਾਤਮਾ,ਅਤੇ ਰਾਜਨੀਤਕ ਪਾਰਟੀਆਂ ਵੱਲੋਂ ਹਰ ਗੱਲ ਉੱਪਰ ਇੱਕ ਦੂਜੇ ਨੂੰ ਦੋਸ਼ੀ ਠਹਿਰਾਉਣ ਦਾ ਮੌਕਾ ਮਿਲਣ ਤੋਂ ਗੁਰੇਜ ਕਰਨ ਦੀ ਲੋੜ ਹੈ।

**ਸੁਖਜਿੰਦਰ ਸਮਰਾ**
**ਮੋ. 95835-92000**

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਚੰਗੇ ਹਾਲਾਤ ਨਹੀਂ ਹਨ ਪੰਜਾਬ ਦੇ



ਗੁਰਮੀਤ ਸਿੰਘ ਪਲਾਹੀ

ਕਾਂਗਰਸ ਦਾ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਗ਼ੈਰ ਸਿਆਸੀ ਕਾਰਨਾਂ ਕਾਰਨ ਜੇਲ 'ਚ ਇਕ ਸਾਲ ਲਈ ਬੰਦ ਕਰ ਦਿੱਤਾ ਗਿਆ ਹੈ। ਕਾਂਗਰਸ ਦਾ ਇਕ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ ਦਾ ਹਿੱਸਾ ਬਣ ਗਿਆ ਹੈ। ਕਈ ਦਹਾਕਿਆਂ ਤੱਕ ਪੰਜਾਬ 'ਤੇ ਰਾਜ ਕਰਨ ਵਾਲੀ ਕਾਂਗਰਸ ਖੱਖੜੀਆਂ-ਖੱਖੜੀਆਂ ਹੋਈ ਪਈ ਹੈ। ਬਾਦਲਾਂ ਦਾ ਅਕਾਲੀ ਦਲ ਪੰਜਾਬ ਦੀ ਧਰਤੀ ਤੋਂ ਉਖੜਿਆ ਮੁੜ ਆਪਣੀ ਜ਼ਮੀਨ ਤਲਾਸ਼ ਰਿਹਾ ਹੈ। ਭਾਜਪਾ ਪੰਜਾਬ ਦਾ ਰਾਜ-ਭਾਗ ਸੰਭਾਲਣ ਲਈ ਕਾਂਗਰਸੀਆਂ, ਸਾਬਕਾ ਕਾਂਗਰਸੀਆਂ ਨੂੰ ਆਪਣੀ ਪਾਰਟੀ 'ਚ ਸ਼ਾਮਲ ਕਰਕੇ ਆਪਣੀ ਤਾਕਤ ਵਧਾ ਰਹੀ ਹੈ। ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਪੰਜਾਬ ਜਿੱਤ ਕੇ ਫੁਲਿਆ ਨਹੀਂ ਸਮਾਂ ਰਹੀ। ਕਿਉਂਕਿ ਜਿਵੇਂ ਦੇਸ਼ ਭਰ 'ਚ ਮੋਦੀ ਸਰਕਾਰ ਦੇ ਮੁਕਾਬਲੇ 'ਚ ਵਿਰੋਧੀ ਧਿਰ ਕਿਧਰੇ ਵਿਖਾਈ ਨਹੀਂ ਦੇ ਰਹੀ, ਪੰਜਾਬ 'ਚ ਉਵੇਂ ਹੀ 'ਆਪ' ਦਾ ਵਿਰੋਧ ਕਰਨ ਲਈ ਜਾਂ ਉਹਨਾਂ ਦੀ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਜਾਂ ਜਾਣ ਵਾਲੀਆਂ ਆਪਹੁਦਰੀਆਂ ਨੂੰ ਰੋਕਣ ਲਈ, ਨਾ ਕੱਦ ਕਾਠ ਵਾਲਾ ਕੋਈ ਵਿਰੋਧੀ ਨੇਤਾ ਹੈ, ਨਾ ਹੀ ਮਜ਼ਬੂਤ ਵਿਰੋਧੀ ਧਿਰ।

"ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ" ਵਰਗੀ ਸਥਿਤੀ ਹੈ, ਪੰਜਾਬ ਦੇ ਹਾਕਮਾਂ ਦੀ। ਚੋਣਾਂ ਵੇਲੇ ਕੀਤੇ ਗਏ ਵਾਅਦੇ ਉਹਨਾਂ ਲਈ ਗਲੇ ਦੀ ਹੱਡੀ ਬਣੇ ਹੋਏ ਹਨ। ਵਿੱਤੀ ਔਕੜਾਂ ਕਾਰਨ ਮਾਨ ਸਰਕਾਰ ਵਾਇਦਿਆਂ ਦੀ ਪੂਰਤੀ ਕਰਨ ਤੋਂ ਅਸਮਰਥ ਦਿੱਖ ਰਹੀ ਹੈ।

ਪੰਜਾਬ ਦੇ ਵਿੱਤੀ ਹਾਲਾਤਾਂ ਉੱਤੇ ਆਉ ਇੱਕ ਨਜ਼ਰ ਮਾਰ ਲੈਂਦੇ ਹਾਂ –

1. ਸਰਕਾਰੀ ਖਜ਼ਾਨਾ ਅਦਾਇਗੀਆਂ ਕਰਨ 'ਚ ਅਸਮਰਥ ਹੈ। ਨਿੱਤ ਕਰਜ਼ੇ ਦੀਆਂ ਪੰਡਾਂ ਪੰਜਾਬ ਸਿਰ ਚੜ ਰਹੀਆਂ ਹਨ, ਚਰਚਾ ਹੈ ਕਿ ਨਵੀਂ ਸਰਕਾਰ ਦੋ ਮਹੀਨਿਆਂ 'ਚ 8000 ਕਰੋੜ ਦਾ ਕਰਜ਼ਾ ਸਿਰ ਚੜ੍ਹਾ ਚੁੱਕੀ ਹੈ।

2. ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਸਿਹਤ ਯੋਜਨਾ ਅਧੀਨ ਸਰਕਾਰ ਖਰਚੇ ਗਏ ਪੈਸੇ ਦਾ 40ਫੀਸਦੀ, ਜੋ ਲਗਭਗ 250 ਕਰੋੜ ਬਣਦਾ ਹੈ ਦੀ ਅਦਾਇਗੀ ਨਹੀਂ ਕਰ ਸਕੀ। ਸੂਬੇ ਦੇ ਬਹੁਤੇ ਹਸਪਤਾਲਾਂ ਜੋ ਇਸ ਸਕੀਮ ਅਧੀਨ ਇਲਾਜ ਕਰਦੇ ਸਨ, ਉਹਨਾਂ ਨੇ ਇਸ ਤੋਂ ਪਾਸਾ ਵੱਟ ਲਿਆ ਹੈ। ਇੱਕ ਖਬਰ ਅਨੁਸਾਰ ਆਯੂਸ਼ਮਾਨ ਸਿਹਤ ਸੇਵਾਵਾਂ ਤਹਿਤ ਸਰਕਾਰੀ ਅਤੇਨਿੱਜੀ ਹਸਪਤਾਲਾਂ ਦੇ 250 ਕਰੋੜ ਰੁਪਿਆਂ ਦੀ ਅਦਾਇਗੀ ਨਹੀਂ ਹੋ ਰਹੀ।

3. ਔਰਤਾਂ ਲਈ ਮੁਫ਼ਤ ਸਫ਼ਰ ਜੋ ਕਾਂਗਰਸ ਦੀ ਚੰਨੀ ਸਰਕਾਰ ਨੇ ਸ਼ੁਰੂ ਕੀਤਾ ਸੀ। ਉਸ ਨਾਲ ਘਾਟਾ ਪੈਣ ਕਾਰਨ ਪਨਬੱਸ, ਪੈਪਸੂ, ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਦੀ ਤਨਖਾਹ ਬੰਦ ਹੋ ਗਈ ਹੈ ਅਤੇ ਸਰਕਾਰ ਉਹਨਾਂ ਕੰਪਨੀਆਂ ਨੂੰ ਕੀਤੀ ਜਾਣ ਵਾਲੀ 170 ਕਰੋੜ ਦੀ ਅਦਾਇਗੀ ਕਰਨ ਤੋਂ ਅਸਮਰਥ ਹੈ।

4. ਰਾਜ ਸਰਕਾਰ ਨੇ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਦੇ 2649 ਕਰੋੜ ਦੇ ਬਕਾਏ, ਪੰਜਾਬ ਪਾਵਰਕਾਮ (ਬਿਜਲੀ ਬੋਰਡ) ਨੂੰ ਅਦਾ ਕਰਨ ਵਾਲੇ ਪਏ ਹਨ ਅਤੇ ਸਰਕਾਰ ਕੋਲ ਪੈਸੇ ਨਹੀਂ ਹਨ।

5. ਸੂਬਾ ਸਰਕਾਰ ਦੇ ਮੁਲਾਜ਼ਮ 6ਫੀਸਦੀ ਮਹਿੰਗਾਈ ਭੱਤੇ ਦੀ ਕਿਸ਼ਤ ਮੰਗ ਰਹੇ ਹਨ, ਜਿਸ ਲਈ ਸਲਾਨਾ ਚਾਰ ਜਾਂ ਸਾਢੇ ਚਾਰ ਹਜ਼ਾਰ ਕਰੋੜ ਰੁਪਏ ਲੋੜੀਂਦੇ ਹਨ, ਸਰਕਾਰ ਕਿਥੋਂ ਅਦਾ ਕਰੇ ?

ਸੂਬੇ ਸਰਕਾਰ ਦੀ 2020-21 ਦੀ ਕੁੱਲ ਕਰ ਆਮਦਨ ਲਗਭਗ 30057 ਕਰੋੜ ਅਤੇ ਗ਼ੈਰ ਕਰ ਆਮਦਨ 4152 ਕਰੋੜ ਸੀ, ਭਾਵ ਕੁਲ ਮਿਲਾ ਕੇ 34209 ਕਰੋੜ, ਜਦਕਿ ਇਸ ਸਾਲ ਦੌਰਾਨ ਚੱਕੇ ਗਏ ਕਰਜ਼ਿਆਂ ਦੀ ਅਦਾਇਗੀ 19152 ਕਰੋੜ ਬਣਦੀ ਹੈ ਭਾਵ ਅੱਧੀ ਆਮਦਨ ਸੂਬੇ ਸਿਰ ਚੜੇ ਕਰਜ਼ੇ ਦੇ ਵਿਆਜ਼ 'ਚ ਹੀ ਚਲੀ ਜਾਂਦੀ ਹੈ।

ਰਾਜ ਦੀ ਆਮਦਨ ਦਾ ਇਕ ਸਰੋਤ ਕੇਂਦਰ ਤੋਂ ਮਿਲਦਾ ਜੀ.ਐਸ.ਟੀ. ਦਾ ਹਿੱਸਾ ਹੈ ਜੋ ਪਿਛਲੇ ਸਾਲ 18 ਤੋਂ 20 ਹਜ਼ਾਰ ਕਰੋੜ ਮਿਲਿਆ ਸੀ। ਜੋ ਜੁਲਾਈ 2022 'ਚ ਬੰਦ ਹੋ ਜਾਏਗਾ। ਰੇਤਾ-ਬੱਜਰੀ ਖਾਣਾ ਕਾਰਨ ਖਜ਼ਾਨੇ ਨੂੰ ਲੱਗ ਰਿਹਾ ਚੂਨਾ ਸਰਕਾਰ ਦੀ ਨਾ-ਅਹਿਲੀਅਤ ਕਾਰਨ ਬੰਦ ਨਹੀਂ ਹੋ ਸਕਿਆ।

ਪੰਜਾਬ ਦੀ ਆਰਥਿਕਤਾ ਮੰਦੜੇ ਹਾਲ ਹੈ। ਵਿਕਾਸ ਦੇ ਕਾਰਜ ਬੰਦ ਪਏ ਹਨ। ਨਵੀਂ ਐਕਸਾਈਜ ਪਾਲਿਸੀ ਲਾਗੂ ਨਹੀਂ ਹੋ ਰਹੀ। ਸ਼ਰਾਬ ਹੀ ਇਕੋ ਇਹੋ ਜਿਹਾ ਕਾਰੋਬਾਰ ਹੈ, ਜਿਸ ਤੋਂ ਪੰਜਾਬ ਦਾ ਖਜ਼ਾਨਾ ਚੱਲਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਪ ਦੇ ਰਾਸ਼ਟਰੀ ਕਨਵੀਨਰ ਤੱਤ-ਭੜੱਥੇ ਗਰਮਜੋਸ਼ੀ ਨਾਲ ਵਾਅਦਿਆਂ ਨੂੰ ਅਮਲ 'ਚ ਲਿਆਉਣ ਦੇ ਐਲਾਨ ਕਰਦੇ ਰਹੇ ਹਨ। ਪਰ ਜ਼ਮੀਨੀ ਹਕੀਕਤ ਅਤੇ ਸੂਬੇ ਦੇ ਹਾਲਤ ਦੇਖਣ ਸਮਝਣ ਤੋਂ ਬਾਅਦ ਮੱਠੇ ਪੈ ਗਏ ਹਨ।

ਲੋਕ ਪੁੱਛਣ ਲੱਗ ਪਏ ਹਨ ਸਰਕਾਰ ਤੋਂ ਕਿ ਬਿਜਲੀ ਦੇ ਬਿੱਲ ਮੁਆਫ਼ ਕਰਨ ਦਾ ਕੀ ਬਣਿਆ। ਬੀਬੀਆਂ ਲਈ 1000 ਰੁਪਏ ਮਾਸਿਕ ਦਾ ਭੱਤਾ ਕਿਥੇ ਗਿਆ ? ਕਿਥੋਂ ਪ੍ਰਬੰਧ ਹੋਏਗਾ ਉਹਨਾਂ ਲਈ 17000 ਕਰੋੜ ਦਾ ? ਨੌਕਰੀਆਂ ਦੀ ਸਰਕਾਰੀ ਪੰਡ ਜੋ ਖੋਲਣ ਦੇ ਐਲਾਨ ਹੋਏ ਹਨ, ਉਹਦੇ ਲਈ ਜੇਕਰ 25000 ਨਵੇਂ ਮੁਲਾਜ਼ਮ ਹੀ ਭਰਤੀ ਕਰਨੇ ਹੋਣ ਤਾਂ 1000 ਕਰੋੜ ਚਾਹੀਦਾ ਹੈ। 30 ਹਜ਼ਾਰ ਕੱਚੇ ਮੁਲਾਜ਼ਮ ਪੱਕੇ ਕਰਨ ਲਈ, ਮਹੱਲਾ ਕਲੀਨਿਕਾਂ ਲਈ, ਸਮਾਰਟ ਸਕੂਲਾਂ ਲਈ ਰਕਮਾਂ ਕਿਥੋਂ ਆਉਣਗੀਆਂ ਕਿਉਂਕਿ ਕੇਂਦਰ ਦੀ ਮੋਦੀ ਸਰਕਾਰ ਤਾਂ ਪਹਿਲਾਂ ਹੀ ਕੋਈ ਰਿਆਇਤ ਜਾਂ ਸਹਾਇਤਾ ਦੇਣ ਤੋਂ ਪੱਲਾ ਝਾੜੀ ਬੈਠੀ ਹੈ। ਪੰਜਾਬ ਦੀ ਅਫ਼ਸਰਸ਼ਾਹੀ ਨਵੀਂ ਸਰਕਾਰ ਤੋਂ ਉਤਸ਼ਾਹਿਤ ਨਹੀਂ ਹੈ। "ਵਿੱਤੀ ਬੀਮਾਰੀਆਂ ਦੇ ਡਾਕਟਰ" ਸੀਨੀਅਰ ਅਧਿਕਾਰੀ ਵਿਕਾਸ ਪ੍ਰਤਾਪ ਸਿੰਘ ਸੂਬਾ ਛੱਡ ਕੇ ਕੇਂਦਰ ਸਰਕਾਰ ਵੱਲ ਰੁਖਸਤ ਹੋ ਚੁੱਕੇ ਹਨ। ਹੁਣ ਵਾਲੇ ਪ੍ਰਮੁੱਖ ਵਿੱਤ ਕਮਿਸ਼ਨਰ 'ਸਿਨਹਾ' ਨੇ ਵੀ ਕੇਂਦਰ ਸਰਕਾਰ 'ਚ ਡੈਪੂਟੇਸ਼ਨ 'ਤੇ ਜਾਣ ਦਾ ਨਿਰਣਾ ਲੈ ਲਿਆ ਹੈ। ਤਦ ਫਿਰ ਪੰਜਾਬ ਦੀ ਬੇੜੀ ਬੰਨੇ ਕੌਣ ਲਾਏਗਾ ? ਡੁੱਬ ਰਹੀ ਬੇੜੀ ਦਾ ਕੋਈ ਅਸਵਾਰ ਹੋਣਾ ਚਾਹੁੰਦਾ ਹੀ ਨਹੀਂ।

ਇਹ ਤਾਂ ਸੀ ਪੰਜਾਬ ਦੀ ਵਿੱਤੀ ਹਾਲਾਤ ਦਾ ਇਕ ਨਕਸ਼ਾ। ਉਂਜ ਪੰਜਾਬ ਦੇ ਹਾਲਾਤ ਕਿਹੋ ਜਿਹੇ ਹਨ ? ਮਾਫੀਆ ਸਰਗਰਮ ਹੈ। ਨਸ਼ਾ ਵਪਾਰ ਨੂੰ ਠੱਲ ਨਹੀਂ ਪਈ। ਭ੍ਰਿਸ਼ਟਾਚਾਰ ਖਤਮ ਕਰਨ ਦਾ ਪ੍ਰਚਾਰ ਜ਼ੋਰਾਂ ਉੱਤੇ ਹੈ, ਪਰ ਇਹ ਖਤਮ ਕਿਵੇਂ ਹੋਵੇ, ਤਾਣਾ-ਬਾਣਾ ਇੰਨਾ ਉਲਝਿਆ ਹੋਇਆ ਹੈ ਕਿ ਇਹ ਕਿਸੇ ਸਿਰੇ ਲੱਗਣ ਦਾ ਨਾਂਅ ਹੀ ਨਹੀਂ ਲੈ ਰਿਹਾ। ਉਲਟਾ ਕੁਰੱਪਸ਼ਨ ਦੇ ਰੇਟ ਵਧ ਗਏ ਹਨ। ਕਲਰਕਾਂ, ਪਟਵਾਰੀਆਂ, ਮੁਲਾਜ਼ਮਾਂ ਨੂੰ ਰੰਗੇ ਹੱਥੀਂ ਫੜ ਕੇ ਕੇਸ ਤਾਂ ਦਰਜ ਹੋਣ ਦੇ ਦਾਅਵੇ ਹਨ, ਪਰ ਤਿਕੜੀ ਨੂੰ ਕੌਣ ਸਾਂਭੇਗਾ, ਜੋ ਕੁਰੱਪਟ ਅਫ਼ਸਰਾਂ, ਕੁਰੱਪਟ ਸਿਆਸਤਦਾਨਾਂ ਅਤੇ ਮਾਫੀਏ ਦੀ ਬਣੀ ਹੋਈ ਹੈ। ਕੁਰੱਪਟ ਸਿਆਸਤਦਾਨਾਂ ਦੀ 'ਆਪ' ਵਿਚ ਵੀ ਕਮੀ ਨਹੀਂ, ਜਿਹੜੇ ਚੋਣਾਂ ਤੋਂ ਪਹਿਲਾਂ ਰਿਵਾਇਤੀ ਪਾਰਟੀਆਂ ਵਿਚੋਂ ਆਪ 'ਚ ਕੋਈ ਵੀ ਹੀਲਾ-ਵਸੀਲਾ ਵਰਤ ਕੇ 'ਇੰਟਰ' (ਸ਼ਾਮਲ) ਹੋ ਗਏ। ਆਦਤਾਂ ਤਾਂ ਭਾਈ ਉਹ ਹੀ ਰਹਿੰਦੀਆਂ, ਕਿਉਂਕਿ ਉਹ ਪਲੇ ਹੀ ਭ੍ਰਿਸ਼ਟਾਚਾਰ 'ਚ ਹਨ ਅਤੇ ਉਸੇ ਭ੍ਰਿਸ਼ਟ ਤਾਣੇ-ਬਾਣੇ ਦੀ ਦੇਣ ਹਨ। ਹੈਰਾਨੀ ਨਹੀਂ ਹੈ ਕਿ 'ਆਪ' ਸਮੇਤ ਦੂਜੀਆਂ ਪਾਰਟੀਆਂ ਦੇ ਵਿਧਾਨ ਸਭਾ 'ਚ ਪਹੁੰਚੇ ਵਿਧਾਇਕਾਂ ਵਿਚੋਂ ਅੱਧਿਆਂ ਉੱਤੇ ਅਪਰਾਧਿਕ ਕੇਸ ਹਨ। ਆਮ ਆਦਮੀ ਪਾਰਟੀ ਦੇ 92 ਜਿੱਤੇ ਵਿਧਾਇਕਾਂ ਵਿਚ 69ਫੀਸਦੀ ਕਰੋੜਪਤੀ ਹਨ ਅਤੇ 57 ਫੀਸਦੀ ਉੱਤੇ ਅਪਰਾਧਿਕ ਕੇਸ ਦਰਜ ਹਨ। ਇਹ ਰਿਪੋਰਟ ਪੰਜਾਬ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਾਰਮਜ਼ (ਏ.ਡੀ.ਆਰ.) ਨੇ 14 ਮਾਰਚ 2022 ਨੂੰ ਉਮੀਦਵਾਰਾਂ ਵੱਲੋਂ ਇਲੈਕਸ਼ਨ ਕਮਿਸ਼ਨ ਸਾਹਮਣੇ ਪੇਸ਼ ਘੋਸ਼ਣਾ ਪੱਤਰਾਂ ਦੇ ਅਧਾਰ 'ਤੇ ਦਿੱਤੀ ਹੈ।

ਪੰਜਾਬ ਦੀ ਸਰਕਾਰ ਦੇ ਸਾਹਮਣੇ ਚੈਲਿੰਜ ਵੱਡੇ ਹਨ। ਇਕ ਪਾਸੇ ਬੇਅਦਬੀ ਦੇ ਮਾਮਲੇ 'ਚ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਮਸਲਾ ਹੈ, ਦੂਜੇ ਪਾਸੇ ਸੂਬੇ 'ਚ ਅਮਨ ਕਾਨੂੰਨ ਦੀ ਵਿਗੜਦੀ ਸਥਿਤੀ ਹੈ, ਜਿਸ ਦੇ ਮੱਦੇਨਜ਼ਰ ਮੁੱਖ ਮੰਤਰੀ ਪੰਜਾਬ ਨੂੰ ਭਾਰਤ ਦੇ ਗ੍ਰਹਿ ਮੰਤਰੀ ਸਾਹਮਣੇ ਜਾ ਕੇ ਦਸ ਕੇਂਦਰੀ ਕੰਪਨੀਆਂ ਸੁਰੱਖਿਆ ਬਲਾਂ (ਕੇਂਦਰੀ ਰਿਜ਼ਰਵ ਫੋਰਸ) ਦੀ ਮੰਗ ਕਰਨੀ ਪਈ ਹੈ। ਦੂਜੇ ਪਾਸੇ ਇਕ ਵੱਡਾ ਚੈਲਿੰਜ ਆਮ ਆਦਮੀ ਪਾਰਟੀ ਦੇ ਸਾਹਮਣੇ ਇਹ ਹੈ ਕਿ ਕੇਂਦਰ ਦੀ ਸਰਕਾਰ ਉਹਦੇ ਹਰ ਕਦਮ 'ਤੇ ਰੋੜਾ ਅਟਕਾਏਗੀ, ਕਿਉਂਕਿ ਉਹ ਕਿਸੇ ਵੀ ਹਾਲਤ ਵਿਚ 'ਪੰਜਾਬ ਆਪ ਸਰਕਾਰ' ਨੂੰ ਅਸਥਿਰ ਕਰਨਾ ਚਾਹੇਗੀ। ਕੁਝ ਸਮਾਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਵਿਗੜਦੀ ਆਰਥਿਕ ਹਾਲਤ ਦੇ ਮੱਦੇਨਜ਼ਰ ਸਪੈਸ਼ਲ ਫੰਡ ਦੇਣ ਦੀ ਮੰਗ ਕੀਤੀ ਪਰ ਕਿਉਂਕਿ ਭਾਜਪਾ ਦੀ ਕੇਂਦਰ ਸਰਕਾਰ ਉਹਨਾਂ ਸੂਬਿਆਂ ਨੂੰ ਕੋਈ ਵਿਸ਼ੇਸ਼ ਸਹਾਇਤਾ, ਸਹਿਯੋਗ, ਆਰਥਿਕ ਮੱਦਦ ਨਾ ਦੇਣ ਦੀ ਅਣਦਿਸਦੀ ਪਾਲਿਸੀ ਬਣਾਈ ਬੈਠੀ ਹੈ ਤਾਂ ਕਿ ਲੋਕਾਂ 'ਚ ਇਹ ਪ੍ਰਭਾਵ ਜਾਵੇ ਕਿ ਭਾਜਪਾ ਤੋਂ ਬਿਨਾਂ ਦੇਸ਼ ਚੱਲ ਹੀ ਨਹੀਂ ਸਕਦਾ। ਕੇਂਦਰ ਵੱਲੋਂ ਜਿਵੇਂ ਪੱਛਮੀ ਬੰਗਾਲ ਸਰਕਾਰ ਨੂੰ ਬਦਨਾਮ ਕਰਕੇ, ਅਮਨ ਕਾਨੂੰਨ ਦੀ ਸਥਿਤੀ ਪੈਦਾ ਕਰਕੇ, ਆਪਣੀਆਂ ਏਜੰਸੀਆਂ ਰਾਹੀਂ ਉਥੋਂ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ, ਇਹੋ ਹਾਲ ਆਉਣ ਵਾਲੇ ਸਮੇਂ 'ਚ ਪੰਜਾਬ ਦਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਰਹੱਦੀ ਸੂਬਾ ਹੋਣ ਦੇ ਨਾਂਅ ਤੇ ਬੀ.ਐਸ.ਐਫ. (ਕੇਂਦਰੀ ਏਜੰਸੀ) ਨੂੰ ਪਹਿਲਾਂ ਹੀ ਅੱਧੇ ਪੰਜਾਬ ਉੱਤੇ ਨਸ਼ਿਆਂ ਤੇ ਅੱਤਵਾਦ ਸਰਗਰਮੀਆਂ ਨੂੰ ਨੱਥ ਪਾਉਣ ਲਈ ਬੇਇੰਤਹਾ ਅਧਿਕਾਰ ਦਿੱਤੇ ਹੋਏ ਹਨ, ਜਿਥੇ ਜਦੋਂ ਲੋੜ ਪਵੇਗੀ, ਇਹਨਾਂ ਬਲਾਂ ਰਾਹੀਂ ਕੇਂਦਰ ਸਰਕਾਰ ਪੰਜਾਬ ਉੱਤੇ ਰਾਜ ਕਰਨ ਦਾ ਰਾਹ ਸਾਫ਼ ਕਰੇਗੀ, ਕਿਉਂਕਿ ਉਸ ਵੱਲੋਂ ਹਰ ਹੀਲੇ ਇਸ ਸਰਹੱਦੀ, ਜਰਖੇਜ਼, ਖ਼ੁਸ਼ਹਾਲ ਧਰਤੀ ਉੱਤੇ ਰਾਜ ਕਰਨ ਦੀ ਲਾਲਸਾ ਹੈ।

ਇਸ ਵੇਲੇ ਪੰਜਾਬ, ਦੇਸ਼ ਦੇ ਬਾਕੀ ਸੂਬਿਆਂ ਵਾਂਗਰ ਮਹਿੰਗਾਈ, ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਬੇਰੁਜ਼ਗਾਰੀ ਦੀ ਦਰ ਭਾਰਤ ਦੀ ਰਾਸ਼ਟਰੀ ਦਰ 5.4 ਦੇ ਮੁਕਾਬਲੇ 7.6 ਫੀਸਦੀ ਹੈ, ਇਸੇ ਕਰਕੇ ਸੂਬੇ ਦਾ ਨੌਜਵਾਨ ਪ੍ਰਵਾਸ ਦੇ ਰਾਹ 'ਤੇ ਪਿਆ ਹੋਇਆ ਹੈ। ਪੰਜਾਬ 'ਚ ਜ਼ਮੀਨਾਂ ਕੌਡੀਆਂ ਦੇ ਭਾਅ ਹਨ। ਪੈਟਰੋਲ, ਡੀਜ਼ਲ, ਖਾਦਾਂ ਅਤੇ ਹੋਰ ਖਰਚੀਲੀ ਮਸ਼ੀਨਰੀ ਅਤੇ ਧਰਤੀ ਹੇਠਲਾ ਪਾਣੀ ਨਿੱਤ ਪ੍ਰਤੀ ਡੂੰਘਾ ਹੋਣ ਕਾਰਨ ਪੰਜਾਬ ਦਾ ਕਿਸਾਨ ਘਾਟੇ ਦੀ ਖੇਤੀ ਦੇ ਰਾਹ ਹੈ। ਖੇਤ ਮਜ਼ਦੂਰ ਦੇ ਹਾਲਾਤ ਠੀਕ ਨਹੀਂ ਇਸੇ ਆਰਥਿਕ ਤੰਗੀ ਕਾਰਨ ਕਿਸਾਨਾਂ ਅਤੇ ਮਜ਼ਦੂਰਾਂ ਦੇ ਝੋਨੇ ਦੀ ਲੁਆਈ ਦੇ ਰੇਟਾਂ ਦੇ ਮੁਕਾਬਲੇ ਆਹਮੋ-ਸਾਹਮਣੇ ਹੋਇਆ ਹੈ। ਬਠਿੰਡਾ-ਸੰਗਰੂਰ ਦੇ ਤਿੰਨ ਪਿੰਡਾਂ 'ਚ ਪੰਚਾਇਤੀ ਮਤੇ ਪਾ ਕੇ ਬਾਈਕਾਟ ਦੀਆਂ ਘਟਨਾਵਾਂ ਅਤੇ ਮਜ਼ਦੂਰਾਂ ਵੱਲੋਂ ਮਤਾ ਪਾ ਕੇ ਕਿਸਾਨਾਂ ਵਿਰੁੱਧ ਫਰੰਟ ਖੋਲਣਾ ਪੰਜਾਬ 'ਚ ਟਕਰਾਅ ਵਾਲੀ ਸਥਿਤੀ ਬਣੀ ਹੈ। ਜਿਸ ਦੇ ਦੂਰਗਾਮੀ ਪ੍ਰਭਾਵ ਦਿੱਸਣਗੇ ਜੋ ਕਿ ਕਿਸੇ ਵੀ ਤਰਾਂ ਪੰਜਾਬ ਦੇ ਹਿੱਤ 'ਚ ਨਹੀਂ। ਪੰਜਾਬ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ ਉੱਤੇ ਕਬਜ਼ੇ ਛੁਡਾਉਣ ਲਈ ਮੁਹਿੰਮ ਚਲਾਈ ਜਾ ਰਹੀ ਹੈ, ਸੁਪਰੀਮ ਕੋਰਟ ਦੇ ਫੈਸਲੇ ਦੀ ਵਰਤੋਂ ਕਰਕੇ ਹਜ਼ਾਰਾਂ ਏਕੜ ਜ਼ਮੀਨ ਛੁਡਵਾਏ ਜਾਣ ਦਾ ਪ੍ਰੋਗਰਾਮ ਹੈ, ਪਰ ਉਹਨਾਂ ਐਸ.ਸੀ. ਗਰੀਬ ਪਰਿਵਾਰਾਂ ਦਾ ਕੀ ਬਣੇਗਾ ਜਿਹੜੇ ਪੰਚਾਇਤੀ ਜ਼ਮੀਨਾਂ ਉੱਤੇ ਛੋਟੇ-ਛੋਟੇ ਘਰ ਬਣਾ ਕੇ ਬੈਠੇ ਹਨ। ਪੰਚਾਇਤਾਂ ਨੇ ਉਹਨਾਂ ਨੂੰ ਥਾਂ ਦਿੱਤੇ ਹਨ ਪਰ ਡਾਇਰੈਕਟਰ ਪੰਚਾਇਤਾਂ ਤੋਂ ਪਾਸ ਨਹੀਂ ਕਰਵਾਏ।

ਪੰਜਾਬ ਦੇ ਦਰਿਆਈ ਪਾਣੀਆਂ ਦੀ ਸਮੱਸਿਆ, ਪੰਜਾਬ ਦੀ ਰਾਜਧਾਨੀ ਚੰਡੀਗੜ ਆਨੇ-ਬਹਾਨੇ ਖੋਹੇ ਜਾਣ ਦੀ ਸਮੱਸਿਆ, ਨਿੱਤ ਪ੍ਰਤੀ ਧਰਤੀ ਹੇਠ ਪਾਣੀ ਦੇ ਘਟਣ ਦੀ ਸਮੱਸਿਆ, ਬੇਰੁਜ਼ਗਾਰੀ 'ਚ ਨਿੱਤ ਪ੍ਰਤੀ ਵਾਧਾ, ਮਾਫੀਏ ਦਾ ਰਾਜ ਪ੍ਰਸ਼ਾਸ਼ਨ 'ਚ ਅਸਿੱਧਾ ਦਖ਼ਲ ਅਤੇ ਨੌਜਵਾਨਾਂ, ਪੰਜਾਬੀਆਂ ਦਾ ਪੰਜਾਬ ਤੋਂ ਮੋਹ ਭੰਗ ਹੋਣ ਦੀ ਸਮੱਸਿਆ ਨਾਲ ਪੰਜਾਬ ਤਾਰੋ-ਤਾਰ ਹੈ, ਪੰਜਾਬ ਲੀਰੋ-ਲੀਰ ਹੈ।

ਇਹੋ ਜਿਹੇ ਹਾਲਾਤ 'ਚ ਪੰਜਾਬ ਕਦੋਂ ਥਾਂ ਸਿਰ ਹੋਏਗਾ, ਇਹ ਵੱਡਾ ਪ੍ਰਸ਼ਨ ਹੈ। ਉਂਜ ਇਹ ਸਿਆਸੀ ਲੋਕਾਂ ਦੀ ਇੱਛਾ ਸ਼ਕਤੀ ਤੇ ਨਿਰਭਰ ਹੈ ਕਿ ਉਹ ਪੰਜਾਬ ਨੂੰ ਇਹਨਾਂ ਉਲਝਣਾਂ ਸਮੱਸਿਆਵਾਂ 'ਚੋਂ ਬਾਹਰ ਕੱਢਣ ਲਈ ਕਿਹੜੇ ਦ੍ਰਿੜ ਸੰਕਲਪੀ ਕਦਮ ਚੁੱਕਦਾ ਹੈ। ਕੀ ਦਿੱਲੀ ਹਾਕਮਾਂ ਦਾ ਸਿੱਧਾ-ਅਸਿੱਧਾ ਦਖ਼ਲ ਅਤੇ ਹਰੇਕ ਛੋਟੇ-ਮੋਟੇ ਫੈਸਲਿਆਂ ਲਈ 'ਆਪ ਦੀ ਹਾਈਕਮਾਂਡ' ਦਾ ਦਖ਼ਲ ਪੰਜਾਬ ਨੂੰ ਹੋਰ ਭੈੜੇ ਹਾਲਤਾਂ ਵਿਚ ਤਾਂ ਨਹੀਂ ਪਾ ਦਏਗਾ ? ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਦੀ ਡੋਰ 'ਦਿੱਲੀ ਦੇ ਮੁੱਖ ਮੰਤਰੀ' ਦੇ ਹੱਥ ਹੈ, ਜਿਹੜਾ ਪੰਜਾਬ ਦੀ ਜਿੱਤ ਨੂੰ ਪੌੜੀ ਦਾ ਡੰਡਾ ਬਣਾ ਕੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਦੀ ਪੌੜੀ ਚੜਨ ਦੇ ਰਾਹ ਹੈ।

# ਬੋਰਵੈਲਾਂ ਵਿੱਚ ਡਿੱਗੇ ਬੱਚਿਆਂ ਨੂੰ ਕੱਢਣ ਵਾਲਾ ਗੁਰਿੰਦਰ ਸਿੰਘ ਗਿੱਦੀ



**ਮੋਹਨ ਸ਼ਰਮਾ**
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਉਹ ਵਿਅਕਤੀ ਜਿਹੜੇ ਆਪਣੀ ਜ਼ਿੰਦਗੀ ਨੂੰ ਨਿੱਜ ਤੋਂ ਉੱਪਰ ਉੱਠ ਕੇ ਸਮੂਹ ਨੂੰ ਸਮੱਰਪਿਤ ਹੁੰਦੇ ਹਨ, ਲੋਕਾਂ ਦੇ ਅੱਥਰੂ ਪੂੰਝਣ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਆਪਣੇ ਮਨ ਦੇ ਪਿੰਡੇ ਤੇ ਹੰਢਾਉਂਦੇ ਹਨ, ਅਜਿਹੇ ਵਿਅਕਤੀ ਲੋਕਾਂ ਦੇ ਚੇਤਿਆਂ ਵਿੱਚ ਵਸ ਜਾਂਦੇ ਹਨ ਅਤੇ ਅਸੀਸਾਂ ਦਾ ਮੀਂਹ ਵੀ ਅਜਿਹੇ ਵਿਅਕਤੀਆਂ ਦੇ ਹਿੱਸੇ ਹੀ ਆਉਂਦਾ ਹੈ।

ਗੁਰਿੰਦਰ ਸਿੰਘ ਗਿੱਦੀ ਵੀ ਨੇਕੀ ਦੇ ਰਾਹ ਤੇ ਚਲ ਕੇ ਨਾਮਣਾ ਖੱਟ ਚੁੱਕਿਆ ਹੈ। 38 ਕੁ ਵਰ੍ਹਿਆਂ ਦਾ ਇਹ ਨੌਜਵਾਨ ਸਭ ਤੋਂ ਪਹਿਲਾਂ ਉਦੋਂ ਲੋਕਾਂ ਦੀਆਂ ਨਜ਼ਰਾਂ ਵਿੱਚ ਚੜ੍ਹਿਆਂ ਜਦੋਂ ਅੰਦਾਜ਼ਨ ਤਿੰਨ ਕੁ ਸਾਲ ਪਹਿਲਾਂ ਸੁਨਾਮ ਦੇ ਲਾਗੇ ਭਗਵਾਨਪੁਰਾ ਪਿੰਡ ਦੇ ਖੇਤਾਂ ਵਿੱਚ ਅਣ ਢੱਕੇ ਬੋਰਵੈਲ ਵਿੱਚ ਦੋ ਸਾਲਾਂ ਦਾ ਫਤਹਿਵੀਰ ਗਿਰ ਗਿਆ ਸੀ। ਜ਼ਿਲ੍ਹਾ ਪ੍ਰਸ਼ਾਸ਼ਨ, ਪੁਲੀਸ ਪ੍ਰਸ਼ਾਸ਼ਨ ਅਤੇ ਫੌਜ ਦਾ ਐਨ.ਡੀ.ਆਰ.ਐਫ. ਵਿੰਗ 120 ਫੁੱਟ ਡੂੰਘੇ ਬੋਰਵੈਲ ਵਿੱਚੋਂ ਫਤਹਿਵੀਰ ਨੂੰ ਕੱਢਣ ਲਈ ਯਤਨਸ਼ੀਲ ਰਿਹਾ। ਜਿਥੇ ਜੇ.ਸੀ.ਬੀ. ਮਸ਼ੀਨਾਂ, ਬੋਰ ਦਾ ਆਲਾ-ਦੁਆਲਾ ਪੁੱਟ ਰਹੀਆਂ ਸਨ, ਉੱਥੇ ਹੀ ਸਿਹਤ ਵਿਭਾਗ ਫਤਹਿਵੀਰ ਤੱਕ ਆਕਸੀਜ਼ਨ ਪੁਚਾਉਣ ਦਾ ਯਤਨ ਕਰ ਰਿਹਾ ਸੀ। ਸੀ.ਸੀ.ਟੀ.ਵੀ ਕੈਮਰਿਆਂ ਰਾਹੀਂ ਬੱਚੇ ਦੀ ਮਿੰਟ ਮਿੰਟ ਦੀ ਹਰਕਤ ਨੋਟ ਕੀਤੀ ਜਾ ਰਹੀ ਸੀ। 6 ਜੂਨ, 2019 ਨੂੰ ਬੱਚਾ ਬੋਰਵੈਲ ਵਿੱਚ ਡਿਗਿਆ ਸੀ। ਅਗਲੇ ਦਿਨ ਹੀ ਗੁਰਿੰਦਰ ਘਟਨਾ ਵਾਲੀ ਥਾਂ ਤੇ ਪੁੱਜ ਗਿਆ ਸੀ। ਬਹੁਤ ਸਾਰੀਆਂ ਰੋਕਾਂ ਦੇ ਬਾਵਜੂਦ ਉਹ ਬੋਰਵੈਲ ਕੋਲ ਪਹੁੰਚ ਗਿਆ। ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਉਸਨੇ ਬੋਰਵੈਲ ਦੀ ਅੰਦਰੂਨੀ ਸਥਿਤੀ ਦਾ ਜਾਇਜ਼ਾ ਲਿਆ। ਉਸਨੇ ਇਹ ਭਾਂਪ ਲਿਆ ਸੀ ਕਿ ਮਾਸੂਮ ਬੱਚੇ ਦੇ ਸ਼ਰੀਰ ਦੁਆਲੇ ਬੋਰੀ ਲਿਪਟ ਗਈ ਹੈ ਅਤੇ ਉਹ ਬੱਚੇ ਨੂੰ ਉਪਰ ਲਿਆਉਣ ਵਿੱਚ ਰੁਕਾਵਟ ਬਣਦੀ ਹੈ। ਉਸ ਨੇ ਆਲੇ-ਦੁਆਲੇ ਖੜ੍ਹੇ ਅਧਿਕਾਰੀਆਂ ਨੂੰ ਮਿੰਨਤ ਨਾਲ ਕਿਹਾ ਕਿ ਉਹ ਬੱਚੇ ਨੂੰ ਬਾਹਰ ਕੱਢ ਸਕਦਾ ਹੈ। ਭਲਾਂ ਵੱਡੇ ਵੱਡੇ ਇੰਜਨੀਅਰ, ਫੌਜ ਦੇ ਐਨ.ਡੀ.ਆਰ.ਐਫ. ਦੇ ਅਧਿਕਾਰੀ, ਸਿਵਲ ਅਤੇ ਪੁਲੀਸ ਪ੍ਰਸ਼ਾਸ਼ਨ ਸਾਹਮਣੇ ਇੱਕ ਮਾਮੂਲੀ ਮਿਸਤਰੀ ਦੀ ਕੀ ਅਹਿਮੀਅਤ ਸੀ ? ਉਸਦੀ ਬੇਨਤੀ ਠੁਕਰਾ ਦਿੱਤੀ ਗਈ। 8 ਜੂਨ ਨੂੰ ਉਸਦੀ ਮਾਂ ਜਾਈ ਭੈਣ ਦੀ ਮੌਤ ਹੋ ਗਈ। 9 ਜੂਨ ਨੂੰ ਆਪਣੀ ਭੈਣ ਦੇ ਸੰਸਕਾਰ ਉਪਰੰਤ ਉਹ ਫਿਰ ਫਤਿਹਵੀਰ ਨੂੰ ਕੱਢਣ ਲਈ ਬੋਰਵੈਲ ਤੇ ਪਹੁੰਚ ਗਿਆ। ਜਦੋਂ ਸਾਰੇ ਅਧਿਕਾਰੀ ਹੰਭ ਗਏ ਤਾਂ 11 ਜੂਨ ਰਾਤੀਂ ਬਾਰਾਂ ਵਜੇ ਤੋਂ ਬਾਅਦ ਉਹਦੇ ਤਰਲਿਆਂ ਨੂੰ ਬੂਰ ਪਿਆ। ਅਧਿਕਾਰੀਆਂ ਨੇ ਪਹਿਲਾਂ ਉਹਦੀ ਚੰਗੀ ਤਰ੍ਹਾਂ ਪੁੱਛ ਪੜਤਾਲ ਕੀਤੀ ਅਤੇ ਫਿਰ ਉਸਨੂੰ ਫਤਹਿਵੀਰ ਨੂੰ ਕੱਢਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਹਰੀ ਝੰਡੀ ਦੇ ਦਿੱਤੀ। ਸੀ.ਸੀ.ਟੀ.ਵੀ. ਕੈਮਰਿਆਂ ਦੀ ਸਹਾਇਤਾ ਨਾਲ ਉਸਨੇ ਆਪਣਾ ਜੁਗਾੜ ਤਿਆਰ ਕੀਤਾ। ਪਹਿਲਾਂ ਮਾਸੂਮ ਬੱਚੇ ਦੇ ਆਲੇ-ਦੁਆਲੇ ਬੋਰੀ ਪਰ੍ਹਾਂ ਕੀਤੀ ਅਤੇ ਫਿਰ ਆਪਣੀ ਤਕਨੀਕ ਰਾਹੀਂ ਸਵੇਰੇ 4.15 ਤੇ ਬੱਚੇ ਨੂੰ ਬਾਹਰ ਕੱਢ ਲਿਆ। ਉਸਨੇ ਪ੍ਰਗਟਾਵਾ ਕੀਤਾ ਕਿ ਬੱਚੇ ਦੀ ਬੋਰਵੈਲ ਦੇ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਚੁੱਕੀ ਸੀ ਅਤੇ ਉਸਨੂੰ ਇਸ ਗੱਲ ਦਾ ਦੁੱਖ ਵੀ ਹੈ ਕਿ ਪ੍ਰਸ਼ਾਸ਼ਨ ਨੇ ਉਸ ਦੀ ਫਰਿਆਦ ਉਦੋਂ ਸੁਣੀ ਜਦੋਂ ਉਨ੍ਹਾਂ ਦੇ ਹੋਰ ਸਾਰੇ ਹੀਲੇ ਸਮਾਪਤ ਹੋ ਗਏ ਸਨ ਅਤੇ ਦੇਰ ਹੋਣ ਕਾਰਨ ਉਹ ਬੱਚੇ ਨੂੰ ਬਚਾ ਨਹੀਂ ਸਕਿਆ।





ਐਦਾਂ ਹੀ ਤਾਮਿਲਨਾਡੂ ਦੇ ਪਿੰਡ ਤੀਰਾਚੂਰਾਪਾਲੀ ਵਿੱਚ 98 ਫੁੱਟ ਡੂੰਘੇ ਬੋਰਵੈਲ ਵਿੱਚ ਢਾਈ ਸਾਲਾਂ ਦੇ ਡਿੱਗੇ ਬੱਚੇ ਨੂੰ ਕੱਢਣ ਲਈ ਉਥੋਂ ਦੇ ਪ੍ਰਸ਼ਾਸ਼ਨ ਨੇ ਗੁਰਿੰਦਰ ਸਿੰਘ ਗਿੱਦੀ ਨੂੰ ਲਿਆਉਣ ਲਈ ਹਵਾਈ ਜਹਾਜ਼ ਦਾ ਪ੍ਰਬੰਧ ਕੀਤਾ। ਗੁਰਿੰਦਰ ਹਵਾਈ ਜਹਾਜ ਰਾਹੀਂ ਨਿਸ਼ਚਤ ਅਸਥਾਨ ਤੇ ਪਹੁੰਚ ਗਿਆ। ਕੁਝ ਘੰਟਿਆਂ ਦੀ ਜਦੋਂ ਜਹਿਦ ਉਪਰੰਤ ਬੱਚਾ ਬਾਹਰ ਕੱਢ ਲਿਆ ਗਿਆ। ਪ੍ਰਸ਼ਾਸ਼ਨ ਵਲੋਂ ਉਸਨੂੰ ਇੱਕ ਲੱਖ ਰੁਪਏ ਸ਼ੁਕਰਾਨੇ ਵਜੋਂ ਦਿੱਤੇ ਗਏ, ਪਰ ਉਸਨੇ ਸਿਰਫ ਪੰਜ ਹਜ਼ਾਰ ਰੁਪਏ ਰੱਖ ਕੇ ਬਾਕੀ ਹੱਥ ਜੋੜ ਕੇ ਇਹ ਕਹਿੰਦਿਆਂ ਮੋੜ ਦਿਤੇ, " ਇਹ ਮੇਰੀ ਸੇਵਾ ਭਾਵਨਾ ਹੈ, ਕਮਾਈ ਦਾ ਸਾਧਨ ਨਹੀਂ।" ਏਅਰ ਪੋਰਟ ਤੇ ਜਦੋਂ ਅਧਿਕਾਰੀ ਉਸਨੂੰ ਛੱਡਣ ਆਏ ਤਾਂ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਗੁਰਿੰਦਰ ਪ੍ਰਤੀ ਅਪਣਤ ਅਤੇ ਸਤਿਕਾਰ ਡੁੱਲ੍ਹ ਡੁੱਲ੍ਹ ਪੈਂਦਾ ਸੀ।

ਇਸ ਤਰ੍ਹਾਂ ਹੀ ਪਿਛਲੇ ਦਿਨੀਂ ਹੁਸ਼ਿਆਰਪੁਰ ਤੋਂ 40 ਕਿਲੋਮੀਟਰ ਦੂਰ ਖਿਆਲਾ ਪਿੰਡ ਵਿੱਚ ਰਿਤਿਕ ਨਾਂ ਦਾ ਬੱਚਾ 22 ਮਈ 2022 ਨੂੰ ਸਵੇਰੇ 9 ਵਜੇ 85 ਫੁੱਟ ਡੂੰਘੇ ਬੋਰਵੈਲ ਵਿੱਚ ਡਿੱਗ ਪਿਆ। ਮਾਪਿਆਂ ਨੂੰ ਹੱਥ ਪੈਰਾਂ ਦੀ ਪੈ ਗਈ। ਪ੍ਰਸ਼ਾਸ਼ਨ ਵੀ ਮੌਕੇ ਤੇ ਪੁੱਜ ਗਿਆ, ਸ਼ੋਸ਼ਲ ਮੀਡੀਏ ਤੇ ਬਾਬਾ ਦੀਪ ਸਿੰਘ ਸੇਵਾ ਦਲ ਗੜ੍ਹਦੀ ਵਾਲਾ ਨੇ ਪੋਸਟ ਪਾਕੇ ਮੱਦਦ ਲਈ ਗੁਹਾਰ ਲਗਾਈ। ਕਿਸੇ ਫਿਕਰਮੰਦ ਵਿਅਕਤੀ ਨੇ ਉਨ੍ਹਾਂ ਨੂੰ ਗਿੱਦੀ ਦਾ ਮੋਬਾਇਲ ਨੰਬਰ ਦੇ ਦਿੱਤਾ। ਉਨ੍ਹਾਂ ਦੇ ਮੋਬਾਇਲ ਤੇ ਸ਼ਾਮੀ ਪੰਜ ਕੁ ਵਜੇ ਉਸ ਨਾਲ ਸੰਪਰਕ ਹੋ ਗਿਆ। ਉਸਨੇ ਉਸੇ ਵੇਲੇ ਆਪਣੇ ਭਰਾਵਾਂ ਵਰਗੇ ਦੋਸਤ ਤੋਂ ਗੱਡੀ ਮੰਗੀ ਅਤੇ ਨਾਲ ਆਪਣਾ ਦੋਸਤ ਲੈਕੇ ਖਿਆਲਾ ਪਿੰਡ ਵੱਲ ਕੂਚ ਕਰ ਦਿੱਤਾ। ਅੰਦਾਜ਼ਨ ਚਾਰ ਕੁ ਘੰਟਿਆਂ ਵਿੱਚ ਉਹ ਉੱਥੇ ਪੁੱਜ ਗਿਆ। ਜਾਂਦਿਆਂ ਹੀ ਮੋਰਚਾ ਸੰਭਾਲਦਿਆਂ ਉਸਨੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਸਹਾਇਤਾ ਨਾਲ ਵੇਖਿਆ ਕਿ ਬੱਚੇ ਦੀਆਂ ਦੋਨੋਂ ਬਾਹਾਂ ਉਸਦੇ ਮੱਥੇ ਤੇ ਆਈਆਂ ਹੋਈਆਂ ਸਨ। ਆਪਣੇ ਜੁਗਾੜ ਰਾਹੀਂ ਪਹਿਲਾਂ ਬੱਚੇ ਦੀਆਂ ਦੋਨੋਂ ਬਾਹਾਂ ਨੂੰ ਸਿੱਧਾ ਕੀਤਾ ਅਤੇ ਫਿਰ ਬੱਚੇ ਨੂੰ ਬਾਹਰ ਕੱਢ ਲਿਆ। ਜਦੋਂ ਬਾਹਰ ਕੱਢਿਆ ਤਾਂ ਬੱਚੇ ਦਾ ਸ਼ਰੀਰ ਗਰਮ ਸੀ। ਪਰ ਹਸਪਤਾਲ ਜਾਂਦਿਆਂ ਸਾਂਹ ਘੁੱਟਣ ਕਾਰਨ ਬੱਚਾ ਦਮ ਤੋੜ ਗਿਆ। ਉਸਨੇ ਭਰੇ ਮਨ ਨਾਲ ਕਿਹਾ ਕਿ ਉਸਨੂੰ ਸੁਨੇਹਾ ਹੀ ਦੇਰ ਨਾਲ ਮਿਲਿਆ। ਉੱਥੇ ਪੁੱਜਣ ਵੇਲੇ ਬੱਚੇ ਨੂੰ ਬੋਰਵੈਲ ਵਿੱਚ ਗਿਰਿਆਂ ਅੰਦਾਜ਼ਨ 12 ਘੰਟੇ ਹੋ ਚੁੱਕੇ ਸਨ। ਬੱਚੇ ਨੂੰ ਨਾ ਬਚਾਉਣ ਦੀ ਮਾਨਸਿਕ ਪੀੜ ਕਾਰਨ ਉਸਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਸਨ। ਜਿਲ੍ਹਾ ਪ੍ਰਸ਼ਾਸ਼ਨ ਨੇ ਉਸਦੀ ਪਿੱਠ ਥਾਪੜਦਿਆਂ ਉਸਨੂੰ ਢੁਕਵੇਂ ਸਮੇਂ ਸਨਮਾਨ ਦੇਣ ਦਾ ਵਾਅਦਾ ਵੀ ਕੀਤਾ।

ਗੁਰਿੰਦਰ ਸਿੰਘ ਗਿੱਦੀ ਦਸ ਜਮਾਤਾਂ ਪਾਸ ਹੈ। ਉਸਨੇ ਭਰੇ ਮਨ ਨਾਲ ਦੱਸਿਆ ਕਿ ਆਰਥਿਕ ਮੰਦਹਾਲੀ ਕਾਰਨ ਉਹ ਅਗਾਂਹ ਨਹੀਂ ਪੜ੍ਹ ਸਕਿਆ। ਆਪਣੇ ਚੌਕੀਦਾਰ ਪਿਤਾ, ਪਤਨੀ, ਭਰਾ ਗੁਰਜੀਤ ਅਤੇ ਬੇਟੀ ਲਵਲੀਨ ਨਾਲ ਉਹ ਪਿੰਡ ਮੰਗਵਾਲ ਨਜ਼ਦੀਕ ਸੰਗਰੂਰ ਵਿਖੇ ਬੋਰਵੈਲ ਵਿੱਚ ਡਿੱਗੀਆਂ ਮੋਟਰਾਂ ਕੱਢਣ ਦਾ ਕੰਮ ਕਰਦਾ ਹੈ। ਇਸ ਕੰਮ ਵਿੱਚ ਮੁਹਾਰਤ ਹੋਣ ਕਾਰਨ ਆਲੇ-ਦੁਆਲੇ ਦੇ ਕਿਰਸਾਨ ਆਪਣੀਆਂ ਡਿੱਗੀਆਂ ਮੋਟਰਾਂ ਉਸਤੋਂ ਹੀ ਕਢਵਾਉਂਦੇ ਹਨ। ਉਸਨੂੰ ਕ੍ਰਿਕਟ ਖੇਡਣ ਦਾ ਸ਼ੌਕ ਹੈ। ਬੂਟਿਆਂ ਦੀ ਸੰਭਾਲ ਕਰਨੀ ਅਤੇ ਗੁਰੂ ਘਰ ਜਾ ਕੇ ਸੇਵਾ ਕਰਨੀ ਉਸਦਾ ਨਿੱਤ ਨੇਮ ਹੈ।

ਬੋਰਵੈਲਾਂ ਵਿੱਚ ਡਿੱਗੇ ਬੱਚਿਆਂ ਨੂੰ ਕੱਢਣ ਦੇ ਹੁਨਰ ਸਬੰਧੀ ਉਸਨੇ ਆਪਣੇ ਗੁਰੂ ਲਾਲੀ ਸੰਗਰੂਰ ਅਤੇ ਗੁਰਜੀਤ ਸਿੰਘ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੋਈ ਵੀ ਲੋੜਵੰਦ ਮੋਬਾਇਲ ਨੰਬਰ 70099-13793 ਅਤੇ 76966-42217 ਤੇ ਉਸ ਨਾਲ ਸੰਪਰਕ ਕਰ ਸਕਦਾ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਦੀ ਸੁਰੱਖਿਆ ’ਚ ਹਥਿਆਰਬੰਦ ਸਿੰਘਾਂ ਦਾ ਦਸਤਾ ਤਾਇਨਾਤ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਸਰਕਾਰ ਦੀ ਸੁਰੱਖਿਆ ਲੈਣ ਤੋਂ ਇਨਕਾਰ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਵਿੱਚ ਹਥਿਆਰਬੰਦ ਸਿੰਘਾਂ ਦਾ ਦਸਤਾ ਤਾਇਨਾਤ ਕਰ ਦਿੱਤਾ ਹੈ। ਦੱਸ ਦਈਏ ਕਿ ਪੰਜਾਬ ਸਰਕਾਰ ਵੱਲੋਂ ਅੱਜ ਸਵੇਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਵਿਚ ਕਟੌਤੀ ਕਰਨ ਦਾ ਐਲਾਨ ਕੀਤਾ ਗਿਆ ਸੀ, ਜਿਸ ’ਤੇ ਜਥੇਦਾਰ ਨੇ ਬਾਕੀ ਸੁਰੱਖਿਆ ਵੀ ਵਾਪਸ ਕਰ ਦਿੱਤੀ ਸੀ। ਬਾਅਦ ਵਿਚ ਸਰਕਾਰ ਵੱਲੋਂ ਜਥੇਦਾਰ ਦੀ ਸੁਰੱਖਿਆ ਬਹਾਲ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਪਰ ਜਥੇਦਾਰ ਵੱਲੋਂ ਫ਼ਿਲਹਾਲ ਸਰਕਾਰੀ ਸੁਰੱਖਿਆ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਹੁਣ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਵਿੱਚ ਹਥਿਆਰਬੰਦ ਸਿੰਘਾਂ ਦਾ ਦਸਤਾ ਤਾਇਨਾਤ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਆਪਣੇ ਫੇਸਬੁਕ ਸਫੇ ਉਤੇ ਇਸ ਦੀ ਜਾਣਕਾਰੀ ਦਿੱਤੀ ਹੈ। ਜਥੇਦਾਰ ਨਾਲ 6 ਮੁਲਾਜ਼ਮ ਤਾਇਨਾਤ ਸਨ ਤੇ ਇਨ੍ਹਾਂ ਵਿਚੋਂ 3 ਸਰਕਾਰ ਨੇ ਵਾਪਸ ਲਏ ਸਨ ਪਰ ਜਥੇਦਾਰ ਨੇ ਬਾਕੀ ਦੇ ਮੁਲਾਜ਼ਮ ਵੀ ਸਰਕਾਰ ਨੂੰ ਵਾਪਸ ਕਰ ਦਿੱਤੇ ਹਨ। ਜਥੇਦਾਰ ਨੇ ਆਖਿਆ ਕਿ ਸਾਨੂੰ ਸਰਕਾਰੀ ਸੁਰੱਖਿਆ ਦੀ ਲੋੜ ਨਹੀਂ ਹੈ। ਸਿੱਖ ਨੌਜਵਾਨ ਹੀ ਸਾਡੀ ਸੁਰੱਖਿਆ ਲਈ ਕਾਫੀ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਦੀ ਇਕ ਕਹਾਵਤ ਹੈ- ‘ਭਲਾ ਹੋਇਆ ਮੇਰਾ ਚਰਖਾ ਟੁੱਟਾ ਜ਼ਿੰਦ ਆਜ਼ਾਬੋਂ ਛੁਟੀ’, ਸਾਨੂੰ ਕਿਸੇ ਸੁਰੱਖਿਆ ਦੀ ਲੋੜ ਨਹੀਂ ਹੈ।





# ਕੈਨੇਡਾ ’ਚ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਨੇ ਲਈ ਜ਼ਿੰਮੇਵਾਰੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੁਲੀਸ ਵਲੋਂ ਕੀਤੇ ਦਾਅਵੇ ਮੁਤਾਬਿਕ ਸਿੱਧੂ ਮੂਸੇਵਾਲਾ ’ਤੇ ਅੱਠ ਵਿਅਕਤੀਆਂ ਨੇ ਹਮਲਾ ਕੀਤਾ ਸੀ। ਹਮਲੇ ਵਾਲੀ ਥਾਂ ਤੋਂ ਪੁਲੀਸ ਨੂੰ AN-94 ਰਾਈਫ਼ਲ ਦੇ ਕਾਰਤੂਸਾਂ ਦੇ ਤਿੰਨ ਖੋਲ ਮਿਲੇ ਹਨ। ਪੰਜਾਬ ’ਚ AN-94 ਰਾਈਫ਼ਲ ਦੀ ਵਰਤੋਂ ਆਮ ਕਰ ਕੇ ਨਹੀਂ ਹੁੰਦੀ। AN-94 (ਐਵਟੋਮੈਟ ਨਿਕੋਨੋਵਾ ਮਾਡਲ) ਰੂਸੀ ਅਸਾਲਟ ਰਾਈਫ਼ਲ ਹੈ ਜੋ 1994 ਦਾ ਮਾਡਲ ਹੈ। AN-94 ਨੂੰ AK-74 ਲੜੀ ਦੀਆਂ ਰਾਈਫਲਾਂ ਦੇ ਬਦਲ ਵਜੋਂ ਪੇਸ਼ ਕੀਤਾ ਗਿਆ ਸੀ, ਪਰ ਰਾਈਫ਼ਲ ਦੇ ਗੁੰਝਲਦਾਰ ਡਿਜ਼ਾਇਨ ਕਰ ਕੇ ਇਸ ਨੂੰ ਸਿਰਫ਼ ਵਿਸ਼ੇਸ਼ ਮਿਸ਼ਨਾਂ ਲਈ ਹੀ ਵਰਤਿਆ ਜਾ ਰਿਹਾ ਹੈ। AN-94 ’ਚੋਂ 1,800 ਕਾਰਤੂਸ ਪ੍ਰਤੀ ਮਿੰਟ ਨਾਲ ਇੱਕ ਵੇਲੇ ਦੋ-ਸ਼ੌਟ ਬਰਸਟ ਨਿਕਲਦੇ ਹਨ।

ਇਸ ਦੌਰਾਨ ਕੈਨੇਡਾ ਆਧਾਰਿਤ ਗੈਂਗਸਟਰ ਗੋਲਡੀ ਬਰਾੜ ਨੇ ਗਾਇਕ ਤੋਂ ਸਿਆਸਤਦਾਨ ਬਣੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਲੈ ਲਈ ਹੈ। ਗੋਲਡੀ ਬਰਾੜ ਗੈਂਗਸਟਰ ਲੌਰੈਂਸ ਬਿਸ਼ਨੋਈ ਦਾ ਨੇੜਲਾ ਸਾਥੀ ਦੱਸਿਆ ਜਾਂਦਾ ਹੈ। ਪੰਜਾਬ ਪੁਲੀਸ ਨੇ ਬੀਤੇ ’ਚ ਇਸ ਗੈਂਗ ਦੇ ਕਈ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗੋਲਡੀ ਨੇ ਆਪਣੀ ਫ਼ੇਸਬੁਕ ਪੋਸਟ ’ਚ ਦਾਅਵਾ ਕੀਤਾ ਹੈ ਕਿ ਮੂਸੇਵਾਲਾ, ਨੌਜਵਾਨ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਅਤੇ ਇਕ ਹੋਰ ਗੁਰਲਾਲ ਬਰਾੜ ਦੇ ਕਤਲ ’ਚ ਸ਼ਾਮਿਲ ਸੀ। ਪੌਲੀਵੁਡ ਇੰਡਸਟਰੀ ਅਤੇ ਪੰਜਾਬ ਪੁਲੀਸ ਵਿਚਲੇ ਸੂਤਰਾਂ ਨੇ ਕਿਹਾ ਕਿ ਘੱਟੋ-ਘੱਟ ਛੇ ਗਾਇਕਾਂ ਅਤੇ ਅਦਾਕਾਰਾਂ ਨੇ ਪਿਛਲੇ ਦੋ ਮਹੀਨਿਆਂ ’ਚ ਆਪਣੀ ਸੁਰੱਖਿਆ ਲਈ 10-10 ਲੱਖ ਰੁਪਏ ਦੀ ਅਦਾਇਗੀ ਕੀਤੀ ਹੈ। ਮੂਸੇਵਾਲਾ ਨੇ ਉਸ ਨੂੰ ਧਮਕੀਆਂ ਮਿਲਣ ਬਾਰੇ ਭਾਵੇਂ ਕੋਈ ਸਿੱਧੀ ਸ਼ਿਕਾਇਤ ਨਹੀਂ ਕੀਤੀ, ਪਰ ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ’ਚ ਪੰਜਾਬ ਦੇ ਸਿਖਰਲੇ 10 ਕਲਾਕਾਰਾਂ ਨੂੰ ਗੈਂਗਸਟਰਾਂ ਵਲੋਂ ਧਮਕੀਆਂ ਦੇਣ ਵਾਲੀ ਸੂਚੀ ’ਚ ਸਿੱਧੂ ਮੂਸੇਵਾਲਾ ਵੀ ਸ਼ਾਮਿਲ ਸੀ।





# ਅਣਗਹਿਲੀ ਕਾਰਨ ਸਿੱਧੂ ਮੂਸੇਵਾਲਾ ਨੂੰ ਗੁਆਉਣੀ ਪਈ ਜਾਨ, ਹਮੇਸ਼ਾ ਨਾਲ ਰਹਿਣ ਵਾਲੇ ਕਮਾਂਡੋਜ਼ ਛੱਡੇ ਘਰ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਨੌਜਵਾਨ ਗਾਇਕ ਸਿੱਧੂ ਮੂਸੇਵਾਲਾ ਵਲੋਂ ਆਪਣੀ ਸੁਰੱਖਿਆ ਦੀ ਅਣਗਹਿਲੀ ਕੀਤੇ ਜਾਣ ਦਾ ਭੇਤ ਬਣ ਗਿਆ ਹੈ ਜਿਸ ਤੋਂ ਕਈ ਸ਼ੰਕੇ ਖੜ੍ਹੇ ਹੋ ਰਹੇ ਹਨ। ਬੇਸ਼ੱਕ ਪੰਜਾਬ ਪੁਲੀਸ ਵਲੋਂ ਉਸ ਨੂੰ ਦਿੱਤੇ 4 ਸੁਰੱਖਿਆ ਕਮਾਂਡੋ ’ਚੋਂ ਦੋ ਵਾਪਿਸ ਲੈ ਲਏ ਸਨ, ਪ੍ਰੰਤੂ ਉਹ ਆਪਣੇ ਨਾਲ ਤਾਇਨਾਤ ਦੋ ਸੁਰੱਖਿਆ ਕਮਾਂਡੋਜ਼ ਨੂੰ ਵੀ ਨਾਲ ਨਹੀਂ ਲੈ ਕੇ ਗਿਆ। ਪਹਿਲਾਂ ਇਹ ਸੁਰੱਖਿਆ ਕਮਾਂਡੋ ਉਸ ਦੇ ਅੰਗ ਸੰਗ ਰਹਿੰਦੇ ਸਨ। ਜਦੋਂ ਸਿੱਧੂ ਮੂਸੇਵਾਲਾ ਘਰੋਂ ਰਵਾਨਾ ਹੋਇਆ ਤਾਂ ਉਸ ਨੇ ਕਮਾਂਡੋਜ਼ ਨੂੰ ਘਰ ਹੀ ਰਹਿਣ ਦੀ ਹਦਾਇਤ ਕਰ ਦਿੱਤੀ। ਸਿੱਧੂ ਮੂਸੇਵਾਲਾ ’ਤੇ ਜਦੋਂ ਹਮਲਾ ਹੋਇਆ ਤਾਂ ਉਸ ਨਾਲ ਉਸ ਦੇ ਤਿੰਨ ਦੋਸਤ ਵੀ ਸਵਾਰ ਸਨ। ਉਹ ਆਪਣੀ ਕਾਲੀ ਥਾਰ ਗੱਡੀ ’ਚ ਘਰੋਂ ਨਿਕਲਿਆ ਹਾਲਾਂਕਿ ਉਸ ਕੋਲ ਬੁਲਟ ਪਰੂਫ਼ ਫ਼ੌਰਚੂਨਰ ਗੱਡੀ ਵੀ ਹੈ ਜਿਸ ਦੀ ਉਹ ਅਕਸਰ ਵਰਤੋਂ ਕਰਦਾ ਸੀ। ਅੱਜ ਉਸ ਵਲੋਂ ਬੁਲਟ ਪਰੂਫ਼ ਗੱਡੀ ਦੀ ਥਾਂ ਥਾਰ ਗੱਡੀ ’ਚ ਜਾਣਾ ਵੀ ਭੇਤ ਡੂੰਘੇ ਕਰ ਰਿਹਾ ਹੈ।ਦੱਸਦੇ ਹਨ ਕਿ ਪਹਿਲਾਂ ਜਦੋਂ ਵੀ ਸਿੱਧੂ ਮੂਸੇਵਾਲਾ ਘਰੋਂ ਬਾਹਰ ਜਾਂਦਾ ਸੀ ਤਾਂ ਉਸ ਨਾਲ ਦੋ ਗੱਡੀਆਂ ਹੋਰ ਵੀ ਚੱਲਦੀਆਂ ਸਨ ਜਿਨ੍ਹਾਂ ’ਚ ਪ੍ਰਾਈਵੇਟ ਆਦਮੀ ਹੁੰਦੇ ਸਨ। ਅੱਜ ਇਹ ਗੱਡੀਆਂ ਵੀ ਨਹੀਂ ਸਨ। ਇੰਟੈਲੀਜੈਂਸ ਬਿਊਰੋ ਵਲੋਂ ਗਾਇਕਾਂ ਅਤੇ ਅਦਾਕਾਰਾਂ ’ਚੋਂ ਸਿੱਧੂ ਮੂਸੇਵਾਲਾ ਨੂੰ ਸਭ ਤੋਂ ਵੱਧ ਖ਼ਤਰਾ ਦੱਸਿਆ ਗਿਆ ਸੀ। ਹਾਲ ਹੀ ’ਚ ਹੋਰ ਵੀ ਬਹੁਤ ਸਾਰੇ ਗਾਇਕਾਂ ਅਤੇ ਅਦਾਕਾਰਾਂ ਨੂੰ ਫ਼ਿਰੌਤੀ ਲਈ ਕਾਲਾਂ ਵੀ ਆ ਰਹੀਆਂ ਸਨ। ਪੁਲੀਸ ਨੇ ਅੱਜ ਘਟਨਾ ਮਗਰੋਂ ਦੋ ਗੱਡੀਆਂ ਵੀ ਬਰਾਮਦ ਕੀਤੀਆਂ ਹਨ। ਪਿੰਡ ਜਵਾਹਰਕੇ ’ਚ ਸ਼ਾਮ ਵਕਤ ਹੋਈ ਇਹ ਘਟਨਾ CCTV ਕੈਮਰੇ ’ਚ ਕੈਦ ਹੋ ਗਈ ਸੀ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਆਪਣੇ ਕੋਲ ਹਮੇਸ਼ਾ ਹਥਿਆਰ ਰੱਖਦਾ ਸੀ, ਪ੍ਰੰਤੂ ਉਸ ਨੂੰ ਉਹ ਚਲਾਉਣ ਦਾ ਮੌਕਾ ਹੀ ਨਹੀਂ ਮਿਲਿਆ। ਜਦੋਂ ਹਮਲਾ ਹੋਇਆ ਓਦੋਂ ਉਹ ਖੁਦ ਗੱਡੀ ਚਲਾ ਰਿਹਾ ਸੀ।ਜ਼ਿਕਰਯੋਗ ਹੈ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਦਿਨ ਦਿਹਾੜੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਜਿਸ ਤੋਂ ਬਾਅਦ ਉਸ ਨੂੰ ਚਾਹੁਣ ਵਾਲਿਆਂ ’ਚ ਦੁੱਖ ਦੀ ਲਹਿਰ ਦੌੜ ਗਈ। ਹਮਲਾਵਰਾਂ ਨੇ ਸਿੱਧੂ ਮੂਸੇਵਾਲਾ ’ਤੇ 20 ਦੇ ਕਰੀਬ ਗੋਲੀਆਂ ਚਲਾਈਆਂ, ਜਿਸ ਕਾਰਨ ਸਿੱਧੂ ਮੂਸੇਵਾਲਾ ਦੀ ਹਸਪਤਾਲ ’ਚ ਮੌਤ ਹੋ ਗਈ। ਉਸ ਦੇ ਇੱਕ ਸਾਥੀ ਦੀ ਵੀ ਮੌਤ ਹੋਣ ਦੀ ਖ਼ਬਰ ਹੈ।



# ਮੂਸੇਵਾਲਾ ਦੇ ਕਤਲ ਪਿੱਛੇ ਲੌਰੈਂਸ ਬਿਸ਼ਨੋਈ ਗੈਂਗ ਦਾ ਸੀ ਹੱਥ - ਡੀਜੀਪੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਪੰਜਾਬ ਦੇ ਡੀਜੀਪੀ ਵੀ.ਕੇ.ਭਾਵਰਾ ਨੇ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਲੌਰੈਂਸ ਬਿਸ਼ਨੋਈ ਗੈਂਗ ਦਾ ਹੱਥ ਹੋਣ ਦੀ ਪੁਸ਼ਟੀ ਕੀਤੀ ਹੈ। ਡੀਜੀਪੀ ਭਾਵਰਾ ਨੇ ਦੱਸਿਆ ਕਿ ਹੁਣ ਤਕ ਦੀ ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਲੈਣ ਲਈ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਗਿਆ ਹੈ। ਉਨ੍ਹਾਂ ਬਠਿੰਡਾ ਦੇ IG ਨੂੰ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦੇ ਹੁਕਮ ਦਿੱਤੇ ਹਨ।

ਇੱਥੇ ਇੱਕ ਸੰਖੇਪ ਪ੍ਰੈੱਸ ਕਾਨਫ਼ਰੰਸ ਦੌਰਾਨ ਡੀਜੀਪੀ ਭਾਵਰਾ ਨੇ ਦੱਸਿਆ ਕਿ ਲੌਰੈਂਸ ਬਿਸ਼ਨੋਈ ਗੈਂਗ ਦੇ ਕੈਨੇਡਾ ਆਧਾਰਿਤ ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ।ਡੀਜੀਪੀ ਨੇ ਦੱਸਿਆ ਕਿ ਪਿਛਲੇ ਵਰ੍ਹੇ ਮੁਹਾਲੀ ’ਚ ਵਿੱਕੀ ਮਿੱਡੂਖੇੜਾ ਦੇ ਹੋਏ ਕਤਲ ’ਚ ਸਿੱਧੂ ਮੂਸੇਵਾਲਾ ਦੇ ਮੈਨੇਜਰ ਸਗਨਪ੍ਰੀਤ ਦਾ ਨਾਮ ਆਇਆ ਸੀ ਜੋ ਆਸਟਰੇਲੀਆ ਚਲਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਪ੍ਰਤੀਕਿਰਿਆ ’ਚ ਲੌਰੈਂਸ ਬਿਸ਼ਨੋਈ ਗੈਂਗ ਨੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਅੰਜਾਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੌਕੇ ਤੋਂ 30 ਖ਼ਾਲੀ ਕਾਰਤੂਸ ਮਿਲੇ ਹਨ, ਅਤੇ 3 ਹਥਿਆਰਾਂ ਨਾਲ ਹਮਲਾ ਕੀਤਾ ਗਿਆ ਸੀ ਜੋ ਵੱਖ ਵੱਖ ਬੋਰ ਦੇ ਸਨ। ਇਨ੍ਹਾਂ ’ਚ AN-94 ਅਤੇ ਇੱਕ 455 ਬੋਰ ਸੀ। DGP ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ’ਤੇ ਕਾਤਲਾਂ ਦੀ ਭਾਲ ਲਈ ਔਪਰੇਸ਼ਨ ਸ਼ੁਰੂ ਕਰ ਦਿੱਤਾ ਗਿਆ ਹੈ। ਬਠਿੰਡਾ ਰੇਂਜ ਦੇ IG ਤੋਂ ਇਲਾਵਾ ਬਠਿੰਡਾ ਦੇ SSP ਵੀ ਮਾਨਸਾ ’ਚ ਔਪਰੇਸ਼ਨ ’ਤੇ ਹਨ। IG ਨੂੰ ਵਿਸ਼ੇਸ਼ ਜਾਂਚ ਟੀਮ ਬਣਾਉਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ADGP (ਲਾਅ ਐਂਡ ਆਰਡਰ) ਵਲੋਂ ਲੋੜੀਂਦੀ ਨਫ਼ਰੀ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਲਦ ਹੀ ਕੇਸ ਨੂੰ ਸੁਲਝਾ ਲਿਆ ਜਾਵੇਗਾ।

ਡੀਜੀਪੀ ਨੇ ਸੁਰੱਖਿਆ ਵਾਪਸੀ ਦੇ ਮਾਮਲੇ ’ਤੇ ਸਪੱਸ਼ਟ ਕੀਤਾ ਕਿ ਘੱਲੂਘਾਰਾ ਦਿਵਸ ਕਰ ਕੇ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਆਰਜ਼ੀ ਤੌਰ ’ਤੇ ਸੁਰੱਖਿਆ ਵਾਪਿਸ ਲਈ ਗਈ ਸੀ। ਉਨ੍ਹਾਂ ਦੱਸਿਆ ਕਿ ਸਿੱਧੂ ਮੂਸੇਵਾਲਾ ਨਾਲ ਚਾਰ ਕਮਾਂਡੋਜ਼ ਤਾਇਨਾਤ ਕੀਤੇ ਹੋਏ ਸਨ, ਜਿਨ੍ਹਾਂ ’ਚੋਂ ਦੋ ਵਾਪਿਸ ਲੈ ਲਏ ਗਏ ਸਨ। ਉਨ੍ਹਾਂ ਦੱਸਿਆ ਕਿ ਸਿੱਧੂ ਮੂਸੇਵਾਲਾ ਦੋ ਕਮਾਂਡੋਜ਼ ਨੂੰ ਵੀ ਨਾਲ ਨਹੀਂ ਲੈ ਕੇ ਗਿਆ। ਉਹ ਆਪਣੀ ਬੁਲੇਟ ਪਰੂਫ਼ ਗੱਡੀ ਵੀ ਨਹੀਂ ਲੈ ਕੇ ਗਿਆ।



# ਭਗਵੰਤ ਮਾਨ ਨਾਲ ਮੁਲਾਕਾਤ ਕਰਨਗੇ ਕੈਪਟਨ ਤੇ ਪ੍ਰਨੀਤ ਕੌਰ





ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ): ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਨਗੇ।

ਕੈਪਟਨ ਅਮਰਿੰਦਰ ਸਿੰਘ ਜਿੱਥੇ ਇਸ ਮੁਲਾਕਾਤ ਵਿਚ ਪਟਿਆਲਾ ਨਾਲ ਜੁੜੇ ਮਸਲਿਆਂ ਬਾਰੇ ਚਰਚਾ ਕਰਨਗੇ, ਉਥੇ ਪਿਛਲੀ ਕਾਂਗਰਸ ਸਰਕਾਰ ਵਿਚ ਭ੍ਰਿਸ਼ਟਾਚਾਰ ਵਿਚ ਲਿਪਤ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੇ ਨਾਮ ਵੀ ਦੱਸੇ ਜਾਣਗੇ।ਪਤਾ ਲੱਗਾ ਹੈ ਕਿ ਕੈਪਟਨ ਸਰਕਾਰ ’ਚ ਭ੍ਰਿਸ਼ਟਾਚਾਰ ਕਰਨ ਵਾਲੇ 6 ਮੰਤਰੀਆਂ ਦੇ ਨਾਂ ਦੱਸੇ ਜਾਣਗੇ। ਜਾਂਚ ਲਈ ਕੁਝ ਫਾਈਲਾਂ ਸੌਂਪਣ ਦੀ ਵੀ ਗੱਲ ਚੱਲ ਰਹੀ ਹੈ।

ਉਨ੍ਹਾਂ ਦੱਸਿਆ ਕਿ ਪਿਛਲੀ ਸਰਕਾਰ ਵੇਲੇ ਭ੍ਰਿਸ਼ਟ ਆਗੂਆਂ ਦੇ ਨਾਮ ਕਾਂਗਰਸ ਹਾਈ ਕਮਾਨ ਨੂੰ ਸੌਂਪੇ ਗਏ ਸਨ ਪਰ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਇਨ੍ਹਾਂ ਨਾਵਾਂ ਨੂੰ ਦਬਾ ਲਿਆ ਸੀ ਤੇ ਉਲਟਾ ਕੈਪਟਨ ਨੂੰ ਹੀ ਨਿਸ਼ਾਨਾ ਬਣਾਇਆ ਗਿਆ। ਕਿਉਂਕਿ ਕੈਪਟਨ ਉਨ੍ਹਾਂ ਨੂੰ ਆਪਣੀ ਕੈਬਨਿਟ ਵਿਚੋਂ ਬਾਹਰ ਕੱਢਣਾ ਚਾਹੁੰਦੇ ਸੀ।

ਉਨ੍ਹਾਂ ਕਿਹਾ ਕਿ ਮਾਈਨਿੰਗ ਸਣੇ ਹੋਰ ਚੀਜ਼ਾਂ ਵਿਚ ਪੰਜਾਬ ਦੀ ਲੁੱਟ ਕਰਨ ਵਾਲਿਆਂ ਦੇ ਨਾਮ ਮੁੱਖ ਮੰਤਰੀ ਨੂੰ ਸੌਂਪੇ ਜਾਣਗੇ।

ਦੱਸ ਦਈਏ ਕਿ ਪਿਛਲੇ ਦਿਨੀਂ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਪੰਜਾਬ ਦੇ ਸਿਹਤ ਮੰਤਰੀ ਵਿਜੇ ਸਿੰਗਲਾ ਉਤੇ ਕਾਰਵਾਈ ਪਿੱਛੋਂ ਮੰਗ ਉਠੀ ਸੀ ਕੈਪਟਨ ਅਮਰਿੰਦਰ ਸਿੰਘ ਹੁਣ ਉਨ੍ਹਾਂ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੇ ਨਾਮ ਦੱਸਣ ਜਿਨ੍ਹਾਂ ਦਾ ਉਹ ਚੋਣਾਂ ਦੌਰਾਨ ਅਕਸਰ ਜ਼ਿਕਰ ਕਰਦੇ ਸਨ। ਪਰ ਨਾਮ ਦੱਸਣ ਤੋਂ ਟਲਦੇ ਰਹੇ। ਹੁਣ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੀ ਲਿਸਟ ਮੁੱਖ ਮੰਤਰੀ ਨੂੰ ਸੌਂਪਣ ਜਾ ਰਹੇ ਹਨ।

# ਵਿੱਕੀ ਗੌਂਡਰ ਗਰੁੱਪ ਨੇ ਮਨਕੀਰਤ ਔਲਖ ਨੂੰ ਮੂਸੇਵਾਲਾ ਦਾ ਕਾਤਲ ਦੱਸਿਆ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਬੀਤੇ ਦਿਨੀਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਦੀ ਜ਼ਿੰਮੇਵਾਰੀ ਗੋਲਡੀ ਬਰਾੜ ਅਤੇ ਲੌਰੈਂਸ ਬਿਸ਼ਨੋਈ ਗੈਂਗ ਨੇ ਲਈ ਹੈ। ਹੁਣ ਸਿੱਧੂ ਮੂਸੇ ਵਾਲਾ ਕਤਲ ਮਾਮਲੇ ’ਚ ਵਿੱਕੀ ਗੌਂਡਰ ਗਰੁੱਪ ਦੀ ਇਕ ਪੋਸਟ ਸਾਹਮਣੇ ਆਈ ਹੈ। ਇਸ ਪੋਸਟ ’ਚ ਵਿੱਕੀ ਗੌਂਡਰ ਗਰੁੱਪ ਨੇ ਮਨਕੀਰਤ ਔਲਖ ਨੂੰ ਸਿੱਧੂ ਮੂਸੇ ਵਾਲਾ ਦੇ ਕਤਲ ਦਾ ਜ਼ਿੰਮੇਵਾਰ ਦੱਸਿਆ ਹੈ।

ਗੌਂਡਰ ਐਂਡ ਬ੍ਰਦਰਜ਼ ਨੇ ਫ਼ੇਸਬੁੱਕ ’ਤੇ ਪੋਸਟ ਸਾਂਝੀ ਕਰਦਿਆਂ ਲਿਖਿਆ, “ਸਤਿ ਸ੍ਰੀ ਅਕਾਲ ਸਾਰੇ ਵੀਰਾਂ ਅਤੇ ਭੈਣਾਂ ਨੂੰ, ਮੈਂ ਉਮੀਦ ਕਰਦਾ ਤੁਸੀਂ ਸਾਰੇ ਠੀਕ ਹੋਵੋਗੇ। ਅੱਜ ਜੋ ਹੋਇਆ, ਉਹ ਬਹੁਤ ਸ਼ਰਮਨਾਕ ਹੈ। ਇਹ ਜੋ ਵੀ ਸਿੱਧੂ ਮੂਸੇ ਵਾਲਾ ਨਾਲ ਲੌਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਜ਼ਿੰਮੇਵਾਰੀ ਚੁੱਕੀ ਜਾਂਦੇ ਹਨ ਉਹ ਗ਼ਲਤ ਹੈ। ਇਹ ਕਤਲ ਸਿਰਫ਼ ਪੈਸਿਆਂ ਲਈ ਹੋਇਆ। ਇਹ ਕਤਲ ਕਰਵਾਉਣ ਵਾਲਾ ਹੋਰ ਕੋਈ ਨਹੀਂ ਬਲਕਿ ਮਨਕੀਰਤ ਔਲਖ ਹੈ। ਨਾਲ ਜਿੰਨੇ ਵੀ ਸਿੰਗਰ ਨੇ ਸਾਰਿਆਂ ਦੀ ਨਿੱਜੀ ਜਣਕਾਰੀ ਸਾਂਝੀ ਕਰਦਾ ਹਾਂ। ਪੈਸੇ ਹਰ ਸਿੰਗਰ ਤੋਂ ਜਾਂਦੇ ਹਨ ਲੌਰੈਂਸ ਬਿਸ਼ਨੋਈ ਨੂੰ। ਮਨਕੀਰਤ ਔਲਖ ਦੀ ਸੁਰੱਖਿਆ ਨਹੀਂ ਲਈ ਵਾਪਿਸ ਕਿਉਂ ? ਗੱਲ ਸੋਚਣ ਵਾਲੀ ਗੱਲ ਹੈ, ਸ਼ਰਮ ਕਰੋ ਕੁੱਝ ਪੈਸਿਆਂ ਪਿੱਛੇ ਹੀਰੇ ਵਰਗਾ ਮਾਂ ਦਾ ਪੁੱਤ ਖੋਹ ਲਿਆ।”ਪੋਸਟ ’ਚ ਅੱਗੇ ਲਿਖਿਆ ਹੈ, “ਬਾਕੀ ਤੂੰ ਹੁਣ ਇੰਤਜ਼ਾਰ ਕਰ, ਤੇਰੇ ਬਾਹਰ ਰਹਿੰਦੇ ਗੋਲਡੀ ਦਾ ਅਤੇ ਤੇਰਾ ਇੰਤਜ਼ਾਮ ਪੱਕਾ ਕਰਨੈ, ਇਹੋ ਜਿਹਾ ਕਿੱਲ ਠੋਕਾਂਗੇ ਤੇਰੀਆਂ ਫ਼ੱਟੀਆਂ ’ਚ, ਮੁੜ ਕੇ ਕਿਸੇ ਨੇ ਇਹ ਹਰਕਤ ਕਰਨ ਲੱਗਿਆਂ 100 ਵਾਰ ਸੋਚਣੈ। ਬਾਕੀ ਸਾਡੀ ਬੇਨਤੀ ਹੈ ਜਾਂਚ ਜ਼ਰੂਰ ਹੋਵੇ, ਜੇ ਅਸੀਂ ਕੀਤੀ ਫ਼ਿਰ ਸਭ ਨੂੰ ਪਤੈ ਕੀ ਹੋਣਾ। ਸਾਡਾ ਨਿੱਜੀ ਕੋਈ ਸਬੰਧ ਨਹੀਂ ਸਿੱਧੂ ਨਾਲ, ਬਸ ਇਕ ਮਾਂ ਦਾ ਪੁੱਤ ਗਿਆ, ਇਸ ਚੀਜ਼ ਦਾ ਦੁੱਖ ਹੈ।” ਪੋਸਟ ਦੀ ਅਖੀਰ ’ਚ ਲਿਖਿਆ ਹੈ, “ਬਾਕੀ ਇਹ ਜਿਹੜੀ ਘਟੀਆ ਗੱਲ ਆਖੀ ਹੈ ਇਨ੍ਹਾਂ ਨੇ, ਉਸ ਦਾ ਸਾਡੇ ਗਰੁੱਪ ਨਾਲ ਕੋਈ ਸਬੰਧ ਨਹੀਂ ਸੀ ਅਤੇ ਇਹ ਸਭ ਝੂਠ ਹੈ। ਬਾਕੀ ਇਨ੍ਹਾਂ ਦਾ ਪੁਰਾਣਾ ਪੇਸ਼ਾ ਕਤਲ ਕਰ ਕੇ ਆਪਣੇ ਮਾਰੇ ਹੋਏ ਬੰਦਿਆਂ ਦਾ ਵੀ ਇਸਤੇਮਾਲ ਕਰਨਾ, ਜਿਹੜੇ ਇਹ ਅੰਕਿਤ ਭਾਡੂ ਦੇ ਐਨਕਾਊਂਟਰ ’ਚ ਹੱਥ ਸੀ, ਗੁਰਲਾਲ ਬਰਾੜ ਦਾ ਨੁਕਸਾਨ ਕਰਾਇਆ ਬਹੁਤ ਘਟੀਆ ਬੰਦੇ ਨੇ ਇਹ। ਪੈਸੇ ਪਿੱਛੇ ਤਾਂ ਆਪਣੀ ਮਾਂ ਨੂੰ ਵੀ ਕਤਲ ਕਰ ਦੇਣ, ਕੋਈ ਨਾ ਬਾਕੀ ਜਲਦੀ ਮੁਲਾਕਾਤ ਹੋਵੇਗੀ।”





# ਪਟਿਆਲਾ ਜੇਲ੍ਹ ’ਚ ਬੰਦ ਸਿੱਧੂ ਨੂੰ ਮਿਲੇਗੀ ਸਪੈਸ਼ਲ ਡਾਈਟ, ਖ਼ੁਦ ਚੁਕਾਉਣਾ ਪਵੇਗਾ ਸਾਰਾ ਖ਼ਰਚ

ਪਟਿਆਲਾ (ਪੰਜਾਬੀ ਅਖਬਾਰ ਬਿਊਰੋ)- 34 ਸਾਲ ਪੁਰਾਣੇ ਰੋਡ ਰੇਜ ਕੇਸ ਵਿੱਚ ਪਟਿਆਲਾ ਦੀ ਕੇਂਦਰੀ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਵਿਸ਼ੇਸ਼ ਡਾਈਟ ਦਿੱਤੀ ਜਾਵੇਗੀ। ਇਸ ਦਾ ਖਰਚਾ ਸਿੱਧੂ ਖੁਦ ਚੁੱਕਣਗੇ । ਉਨ੍ਹਾਂ ਦੀ ਸਿਹਤ ਦੇ ਮੱਦੇਨਜ਼ਰ ਅਦਾਲਤ ਦੇ ਹੁਕਮਾਂ ’ਤੇ ਬਣੇ ਮੈਡੀਕਲ ਬੋਰਡ ਨੇ ਵਿਸ਼ੇਸ਼ ਡਾਈਟ ਪਲਾਨ ਤਿਆਰ ਕੀਤਾ ਹੈ। ਹਾਲਾਂਕਿ ਇਹ ਡਾਈਟ ਪਲਾਨ ਅਜੇ ਲਾਗੂ ਨਹੀਂ ਹੋਇਆ ਹੈ। ਜੇਲ੍ਹ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਤੋਂ ਡਾਈਟ ਪਲਾਨ ਨਹੀਂ ਮਿਲਿਆ ਹੈ । ਸਪੈਸ਼ਲ ਡਾਈਟ ਖੁਰਾਕ ਯੋਜਨਾ ਨੂੰ ਜੇਲ੍ਹ ਹਸਪਤਾਲ ਦੇ ਡਾਕਟਰ ਹੀ ਫਾਈਨਲ ਕਰਨਗੇ। ਇਸ ਦਾ ਖਰਚਾ ਸਿੱਧੂ ਨੂੰ ਖੁਦ ਚੁੱਕਣਾ ਪਵੇਗਾ। ਜੇਲ੍ਹ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਸਵੇਰੇ ਸੱਤ ਵਜੇ ਚਾਹ ਦੇ ਨਾਲ ਬਿਸਕੁਟ ਜਾਂ ਕਾਲੇ ਛੋਲੇ ਦਿੱਤੇ ਜਾਂਦੇ ਹਨ। ਜਿਸ ਤੋਂ ਬਾਅਦ 8.30 ਵਜੇ ਛੇ ਰੋਟੀਆਂ, ਦਾਲ ਜਾਂ ਸਬਜ਼ੀ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਸ਼ਾਮ 6 ਵਜੇ ਰਾਤ ਦੇ ਖਾਣੇ ਲਈ 6 ਰੋਟੀਆਂ, ਦਾਲ ਜਾਂ ਸਬਜ਼ੀ ਦਿੱਤੀ ਜਾਂਦੀ ਹੈ, ਪਰ ਸਿੱਧੂ ਫਿਲਹਾਲ ਸਲਾਦ ਅਤੇ ਫਲ ਹੀ ਖਾ ਰਹੇ ਹਨ।

ਜੇਲ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਿੱਧੂ ਇੱਕ ਹਫ਼ਤੇ ਵਿੱਚ ਸਿਰਫ਼ 2500 ਰੁਪਏ ਹੀ ਖਰਚ ਕਰ ਸਕਦੇ ਹਨ। ਇਹ ਰਕਮ ਪਰਿਵਾਰ ਵੱਲੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਬਣਾਏ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ । ਜੇਲ੍ਹ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਸਪੈਸ਼ਲ ਡਾਈਟ ਪਲਾਨ ਵਿੱਚ ਸ਼ਾਮਲ ਆਈਟਮਾਂ ਜੇਲ੍ਹ ਦੀ ਕੰਟੀਨ ਤੋਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਜੇਲ੍ਹ ਦੇ ਡਾਕਟਰ ਬਾਹਰੋਂ ਮੰਗਵਾਉਣ ਵਾਲੀ ਵਸਤੂ ਦਾ ਆਪਸ਼ਨ ਦੇਣਗੇ । ਇਸ ਲਈ ਏਡੀਜੀਪੀ ਜੇਲ੍ਹ ਦੀਆਂ ਹਦਾਇਤਾਂ ’ਤੇ ਕੰਮ ਕੀਤਾ ਜਾਵੇਗਾ । ਸਿੱਧੂ ਨੂੰ ਜੇਲ੍ਹ ਵਿੱਚ ਕਲਰਕ ਦਾ ਕੰਮ ਸੌਂਪਿਆ ਗਿਆ ਹੈ।

ਦੱਸ ਦੇਈਏ ਕਿ ਸਿੱਧੂ ਦੀ ਵਿਸ਼ੇਸ਼ ਖੁਰਾਕ ਵਿੱਚ ਸਵੇਰੇ ਇੱਕ ਕੱਪ ਰੋਜ਼ਮੇਰੀ ਚਾਹ ਜਾਂ ਇੱਕ ਗਲਾਸ ਨਾਰੀਅਲ ਪਾਣੀ, ਨਾਸ਼ਤੇ ਲਈ ਇੱਕ ਕੱਪ ਲੈਕਟੋਜ਼ ਮੁਕਤ ਦੁੱਧ, ਇੱਕ ਚਮਚ ਫਲੈਕਸਸੀਡ/ਖਰਬੂਜੇ ਦੇ ਬੀਜ/ਚੀਆ, ਪੰਜ-ਛੇ ਬਦਾਮ, ਇੱਕ ਅਖਰੋਟ ਅਤੇ ਪੇਕਨ ਨਟਸ ਸ਼ਾਮਲ ਹਨ। ਨਾਸ਼ਤੇ ਅਤੇ ਦੁਪਹਿਰ ਦੇ ਖਾਣੇ ਦੇ ਵਿਚਕਾਰ, ਡਾਕਟਰਾਂ ਨੇ ਸਿੱਧੂ ਨੂੰ ਇੱਕ ਗਲਾਸ ਜੂਸ (ਚੁੱਕੰਦਰ, ਖੀਰਾ, ਤੁਲਸੀ ਦੇ ਪੱਤੇ, ਆਂਵਲਾ, ਗਾਜਰ ਆਦਿ) ਜਾਂ ਕਿਸੇ ਵੀ ਫਲ ਜਿਵੇਂ ਕਿ ਤਰਬੂਜ, ਖਰਬੂਜਾ, ਕੀਵੀ, ਅਮਰੂਦ ਆਦਿ ਫਲ ਦਾ ਜੂਸ, ਜਾਂ ਪੁੰਗਰੇ ਕਾਲੇ ਛੋਲੇ, ਹਰੇ ਛੋਲੇ, ਖੀਰੇ /ਟਮਾਟਰ/ਨਿੰਬੂ/ਏਵੋਕਾਡੋ ਸਲਾਦ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਦੁਪਹਿਰ ਦੇ ਖਾਣੇ ਵਿੱਚ ਖੀਰੇ, ਮੌਸਮੀ ਹਰੀਆਂ ਸਬਜ਼ੀਆਂ, ਜਵਾਰ/ਸਿੰਘਰਾ/ਰਾਗੀ ਦੀ ਰੋਟੀ ਦੀ ਸਿਫ਼ਾਰਸ਼ ਕੀਤੀ ਹੈ । ਸ਼ਾਮ ਨੂੰ ਘੱਟ ਫੈਟ ਵਾਲੇ ਦੁੱਧ ਤੋਂ ਬਣੀ ਚਾਹ ਦਾ ਕੱਪ ਅਤੇ ਅੱਧਾ ਨਿੰਬੂ ਦੇ ਨਾਲ 25 ਗ੍ਰਾਮ ਪਨੀਰ ਜਾਂ ਸੋਇਆ ਪਨੀਰ ਦੇ ਨਾਲ ਦੇਣ ਲਈ ਕਿਹਾ ਗਿਆ ਹੈ। ਡਾਕਟਰਾਂ ਨੇ ਸਿੱਧੂ ਨੂੰ ਰਾਤ ਦੇ ਖਾਣੇ ਵਿੱਚ ਮਿਕਸਡ ਸਬਜ਼ੀਆਂ, ਦਾਲ, ਸੂਪ ਜਾਂ ਕਾਲੇ ਛੋਲਿਆਂ ਦਾ ਸੂਪ ਅਤੇ ਇੱਕ ਕਟੋਰੀ ਹਰੀਆਂ ਸਬਜ਼ੀਆਂ ਦੇਣ ਲਈ ਕਿਹਾ ਹੈ।



# ਸਿੱਖੀ ਪਹਿਰਾਵੇ ਵਿਚ ਇਸਾਈ ਧਰਮ ਦੇ ਪ੍ਰਚਾਰ ਦਾ ਮਾਮਲਾ ਜਥੇਦਾਰ ਕੋਲ ਪੁੱਜਿਆ



ਤਲਵੰਡੀ ਸਾਬੋ (ਪੰਜਾਬੀ ਅਖਬਾਰ ਬਿਊਰੋ)- ਦੇਸ਼ ਅੰਦਰ ਕੁੱਝ ਲੋਕਾਂ ਵੱਲੋਂ ਸਿੱਖੀ ਸਰੂਪ ਵਿੱਚ ਅਤੇ ਸਿੰਘ ਜਾਂ ਕੌਰ ਆਪਣੇ ਨਾਮ ਨਾਲ ਲਗਾ ਕੇ ਇਸਾਈ ਧਰਮ ਦਾ ਪ੍ਰਚਾਰ ਕਰਨ ਦੌਰਾਨ ਧਰਮ ਪਰਿਵਰਤਨ ਕਰਵਾਉਣ ਦਾ ਮਾਮਲਾ ਅੱਜ ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਪੁੱਜਾ ਹੈ ਜਿਨ੍ਹਾਂ ਨੇ ਮਾਮਲੇ ਦਾ ਨੋਟਿਸ ਲੈਂਦਿਆਂ ਇਸ ਨੂੰ ਪੰਜਾਬ ਦਾ ਮਾਹੌਲ ਖਰਾਬ ਕਰਨ ਦਾ ਸਾਜਿਸ਼ ਕਰਾਰ ਦਿੱਤਾ ਹੈ।

ਦੱਸਣਾ ਬਣਦਾ ਹੈ ਕਿ ਮੁੰਬਈ ਵਾਸੀ ਵਿੱਕੀ ਥੋਮਸ ਨਾਂ ਦੇ ਇੱਕ ਸਖਸ਼ ਨੇ ਮੁੰਬਈ ਦੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਅੱਜ ਦਮਦਮਾ ਸਾਹਿਬ ਵਿਖੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਰਿਹਾਇਸ਼ ਉਤੇ ਪੁੱਜ ਕੇ ਉਨ੍ਹਾਂ ਨਾਲ ਮੁਲਾਕਾਤ ਦੌਰਾਨ ਸ਼ਿਕਾਇਤ ਕਰਦਿਆਂ ਦੱਸਿਆ ਕਿ ਪੰਜਾਬ ਵਿੱਚ ਕੁੱਝ ਲੋਕ ਸਿੱਖ ਪਹਿਰਾਵੇ ਵਿੱਚ ਆਪਣੇ ਨਾਮ ਪਿੱਛੇ ਸਿੰਘ ਅਤੇ ਕੌਰ ਸ਼ਬਦ ਲਗਾਉਣ ਦੇ ਨਾਲ ਨਾਲ ਨਾਮ ਦੇ ਅੱਗੇ ਪਾਸਟਰ ਲਗਾ ਕੇ ਇਸਾਈ ਧਰਮ ਦਾ ਪ੍ਰਚਾਰ ਕਰਦਿਆਂ ਧਰਮ ਪਰਿਵਰਤਨ ਕਰਵਾ ਰਹੇ ਹਨ। ਉਨ੍ਹਾਂ ਨੇ ਸ਼ਿਕਾਇਤ ਰਾਹੀਂ ਸਿੰਘ ਸਾਹਿਬ ਤੋਂ ਮੰਗ ਕੀਤੀ ਕਿ ਅਜਿਹੇ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਣੀ ਚਾਹਿਦੀ ਹੈ।

ਉਧਰ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਸਿੱਖ ਬਾਣੇ ਵਿੱਚ ਰਹਿੰਦਿਆਂ ਆਪਣੇ ਨਾਮ ਨਾਲ ਸਿੰਘ ਜਾਂ ਕੌਰ ਸ਼ਬਦ ਲਗਾ ਕੇ ਅਤੇ ਅੱਗੇ ਪਾਸਟਰ ਲਗਾ ਕੇ ਇਸਾਈ ਧਰਮ ਦਾ ਪ੍ਰਚਾਰ ਕਰਨਾ ਸਹੀ ਨਹੀਂ ਹੈ ਅਤੇ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਕੁਝ ਲੋਕ ਭੋਲੇ ਭਾਲੇ ਸਿੱਖਾਂ ਨੂੰ ਵਰਗਲਾ ਕੇ ਧਰਮ ਪਰਵਰਤਨ ਕਰਵਾ ਰਹੇ ਹਨ ਜਿਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਣ ਦੇ ਆਸਾਰ ਬਣ ਸਕਦੇ ਹਨ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਅਜਿਹੇ ਲੋਕਾਂ ਨੂੰ ਨੱਥ ਪਾਵੇ ਕਿਉਂਕਿ ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਵਜਦੀ ਹੈ, ਨਾਲ ਹੀ ਉਨ੍ਹਾਂ ਕਿਹਾ ਕਿ ਜੇ ਅਜਿਹੀਆਂ ਕਾਰਵਾਈਆਂ ਨਾ ਰੁਕੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਕੋਈ ਠੋਸ ਪ੍ਰੋਗਰਾਮ ਉਲੀਕਿਆ ਜਾ ਸਕਦਾ ਹੈ।

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਭਾਈਚਾਰਕ ਸਾਂਝ ਦੀ ਅਨੋਖੀ ਉਦਾਹਰਨ ਹੈ ਪਿੰਡ ਫ਼ੇਰੂਰਾਈਂ





## ਸਿੱਖ ਭਾਈਚਾਰੇ ਵੱਲੋਂ ਮੁਸਲਮਾਨਾਂ ਲਈ ਬਣਵਾ ਕੇ ਦਿੱਤੀ ਜਾ ਰਹੀ ਹੈ ਮਸਜਿਦ

**ਦੇਸ਼ ਵਿੱਚ ਜਿਥੇ ਮਸਜਿਦਾਂ ਨੂੰ ਇਹ ਕਹਿ ਕੇ ਢਾਹਿਆ ਜਾ ਰਿਹਾ ਹੈ ਕਿ ਮੁਗਲ ਸ਼ਾਸਕਾਂ ਨੇ ਇਥੇ ਮੰਦਿਰਾਂ ਨੂੰ ਢਾਹ ਕੇ ਇਨ੍ਹਾਂ ਇਬਾਦਤਗਾਹਾਂ ਨੂੰ ਉਸਾਰਿਆ, ਉਥੇ ਪੰਜਾਬ ਵਿੱਚ ਹਿੰਦੂ, ਸਿੱਖ, ਮੁਸਲਿਮ ਭਾਈਚਾਰਿਆਂ ਨੂੰ ਮਜ਼ਬੂਤ ਕਰਨ ਲਈ ਇੱਕ ਦੂਜੇ ਦੇ ਧਾਰਮਿਕ ਸਥਾਨ ਬਣਾ ਕੇ ਮਦਦ ਕਰ ਰਹੇ ਹਨ। ਪੰਜਾਬ ਵਿੱਚ ਤਾਂ ਇਸ ਦੀਆਂ ਅਨੋਖੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ। ਪਟਿਆਲਾ ਸ਼ਹਿਰ ਵਿੱਚ ਗੁਰਦੁਆਰਾ ਅਤੇ ਮਸਜਿਦ ਦੀਆਂ ਕੰਧਾਂ ਸਾਂਝੀਆਂ ਹਨ। ਰਾਜਕੋਟ ਨੇੜੇ ਪਿੰਡ ਫੇਰੂਰਾਈਂ ਵਿੱਚ ਸਿੱਖ ਭਾਈਚਾਰੇ ਵਲੋਂ ਖੁਦ ਮਸਜਿਦ ਬਣਾ ਕੇ ਦਿੱਤੀ ਜਾ ਰਹੀ ਹੈ। ਇਥੋਂ ਦੇ ਇੰਦਰ ਖਾਨ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ ਉਥੇ ਨਮਾਜ਼ ਵੀ ਪੜ੍ਹਦੇ ਹਨ। ਭਾਈਚਾਰਕ ਸਾਂਝ ਦੀ ਇਹ ਅਨੋਖੀ ਉਦਾਹਰਣ ਪੂਰੇ ਦੇਸ਼ ਲਈ ਇੱਕ ਸਬਕ ਹੈ।**

ਲੁਧਿਆਣਾ (ਜਸਵੀਰ ਛੇਤਰਾ)- ਜਗਰਾਉਂ ਅਤੇ ਰਾਏਕੋਟ ਮਾਰਗ ਤੋਂ ਇੱਕ ਪਾਸੇ ਨੂੰ ਹਟਵੇਂ ਪਿੰਡ ਫੇਰੂਰਾਈਂ ਨੇ ਭਾਈਚਾਰਕ ਸਾਂਝ ਦੀ ਇੱਕ ਅਨੋਖੀ ਮਿਸਾਲ ਕਾਇਮ ਕੀਤੀ ਹੈ। ਇੱਥੇ ਚਾਰ ਮੁਸਲਮਾਨ ਪਰਿਵਾਰਾਂ ਲਈ ਪਿੰਡ ਵਾਸੀ ਮਿਲ ਕੇ ਇੱਕ ਮਸੀਤ ਦੀ ਉਸਾਰੀ ਕਰ ਰਹੇ ਹਨ।




ਇਸ ਪਿੰਡ ਦੇ ਇੰਦਰ ਖਾਨ, ਜਿਨ੍ਹਾਂ ਦਾ ਸਰਕਾਰੀ ਕਾਗਜ਼ਾਂ ਵਿੱਚ ਨਾਂ ਹਰੇਕ ਥਾਂ ਇੰਦਰਜੀਤ ਸਿੰਘ ਹੈ। ਉਹ ਰੋਜ਼ਾਨਾ ਤੜਕੇ ਚਾਰ ਵਜੇ ਤੋਂ ਪਹਿਲਾਂ ਉਹ ਗੁਰਦੁਆਰਾ ਸਾਹਿਬ 'ਚ ਸਾਫ਼-ਸਫਾਈ ਮਗਰੋਂ ਨਿਤਨੇਮ ਦਾ ਪਾਠ ਕਰਦੇ ਹਨ। ਬਾਅਦ ਵਿੱਚ ਨਮਾਜ਼ ਵੇਲੇ ਉਹ ਗੁਰਦੁਆਰਾ ਸਾਹਿਬ ਦੇ ਸੁੱਖ ਆਸਨ ਵਾਲੇ ਸਥਾਨ 'ਤੇ ਹੀ ਨਮਾਜ਼ ਅਦਾ ਕਰਦੇ ਹਨ।

ਉਨ੍ਹਾਂ ਨੇ ਇੱਕ ਹੋਰ ਅਨੋਖਾ ਕੰਮ ਸ਼ੁਰੂ ਕੀਤਾ ਹੋਇਆ ਹੈ। 2009 ਤੋਂ ਪਿੰਡ 'ਚ ਜਿਸ ਕਿਸੇ ਦੀ ਵੀ ਮੌਤ ਹੋਈ ਤਾਂ ਉਸ ਦਾ ਵੇਰਵਾ, ਭੋਗ ਦੀ ਤਾਰੀਕ ਆਦਿ ਦਾ ਰਿਕਾਰਡ ਉਹ ਰਜਿਸਟਰ 'ਚ ਰੱਖ ਰਹੇ ਹਨ।

ਇੰਨਾ ਹੀ ਨਹੀਂ ਜਿਸ ਘਰ 'ਚ ਮੌਤ ਹੋਈ ਹੁੰਦੀ ਹੈ ਉਥੇ ਜਾ ਕੇ ਜਪੁਜੀ ਸਾਹਿਬ ਦੇ 21 ਪਾਠ ਵੀ ਕਰਦੇ ਹਨ ਅਤੇ ਭੋਗ ਦੀਆਂ ਰਸਮਾਂ ਵੀ ਨਿਭਾਉਂਦੇ ਹਨ। ਇਸੇ ਤਰ੍ਹਾਂ ਮੁਸਲਮਾਨ ਭਾਈਚਾਰੇ 'ਚ ਹੋਈ ਮੌਤ 'ਤੇ ਉਹ ਕਲਮਾਂ ਪੜ੍ਹਨ ਜਾਂਦੇ ਹਨ।

ਇੰਦਰ ਖ਼ਾਨ ਨੇ ਦੱਸਿਆ ਕਿ ਮੱਕੇ ਜਾਣ ਦਾ ਹਾਲੇ ਉਨ੍ਹਾਂ ਨੂੰ ਸੁਭਾਗ ਪ੍ਰਾਪਤ ਨਹੀਂ ਹੋਇਆ ਪਰ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਚਾਰਾਂ ਦਰਵਾਜ਼ਿਆਂ 'ਚ ਬੈਠ ਕੇ ਨਮਾਜ਼ ਅਦਾ ਕਰਨ ਦੀ ਚਾਹਤ ਪੂਰੀ ਕਰ ਲਈ ਹੈ ਜਿਸ ਨਾਲ ਉਨ੍ਹਾਂ ਮੁਤਾਬਕ ਉਨ੍ਹਾਂ ਨੂੰ ਡਾਢਾ ਸਕੂਨ ਮਿਲਿਆ।

ਪਿੰਡ 'ਚ ਮਸਜਿਦ ਦੀ ਉਸਾਰੀ

ਪਹਿਲਾਂ ਰਾਏਕੋਟ ਨੇੜਲੇ ਪਿੰਡ ਮੂਮ 'ਚ ਪੰਡਿਤਾਂ ਨੇ ਮੁਸਲਮਾਨ ਭਾਈਚਾਰੇ ਨੂੰ ਮਸਜਿਦ ਦੀ ਉਸਾਰੀ ਲਈ ਜ਼ਮੀਨ ਦਾਨ ਦੇ ਕੇ ਭਾਈਚਾਰਕ ਸਾਂਝ ਦੀ ਮਿਸਾਲ ਕਾਇਮ ਕੀਤੀ ਤਾਂ ਹੁਣ ਇਸ ਪਿੰਡ ਦੇ ਕੁਝ ਵਿੱਥ 'ਤੇ ਸਥਿਤ ਸਿੱਖ ਭਾਈਚਾਰਾ ਪਿੰਡ 'ਚ ਰਹਿੰਦੇ ਚਾਰ ਮੁਸਲਮਾਨ ਪਰਿਵਾਰਾਂ ਲਈ ਮਦੀਨਾ ਮਸਜਿਦ ਦੀ ਉਸਾਰੀ ਕਰਵਾ ਰਿਹਾ ਹੈ।

ਬਾਬਾ ਗੁਰਚਰਨ ਸਿੰਘ ਨਾਨਕਸਰ ਵਾਲਿਆਂ ਨੇ ਇਸ ਦੇ ਲਈ 52 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਵੀ ਦਿੱਤੀ।

ਉਸ ਤੋਂ ਬਾਅਦ ਪਿੰਡ ਦੇ ਇੱਕ ਹੋਰ ਸਿੱਖ ਪਰਿਵਾਰ ਨੇ ਇਕ ਲੱਖ ਰੁਪਏ ਦਾ ਯੋਗਦਾਨ ਪਾਇਆ। ਹੁਣ ਕਈ ਪਰਿਵਾਰ 50-50 ਹਜ਼ਾਰ ਰੁਪਏ ਦਾ ਯੋਗਦਾਨ ਇਸ ਮਸਜਿਦ ਨੂੰ ਬਣਾਉਣ 'ਚ ਪਾ ਚੁੱਕੇ ਹਨ।

ਪਿੰਡ ਦੀ ਗੁਰਦੁਆਰਾ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਨੇ ਦੱਸਿਆ ਕਿ ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦੇ ਪਿੰਡ ਫੇਰੂਰਾਈਂ 'ਚ ਇੱਕੋ ਮੁਸਲਮਾਨ ਪਰਿਵਾਰ ਬਚਿਆ ਸੀ।

ਅੱਜ ਪਿੰਡ 'ਚ ਰਹਿੰਦੇ ਚਾਰੇ ਪਰਿਵਾਰ ਇਕੋ ਖ਼ਾਨਦਾਨ ਨਾਲ ਸਬੰਧਤ ਹਨ। ਇਹ ਪਿੰਡ ਦੇ ਹਰ ਸਾਂਝੇ ਪ੍ਰੋਗਰਾਮ 'ਚ ਬਣਦਾ ਯੋਗਦਾਨ ਪਾਉਂਦੇ ਹਨ ਅਤੇ ਧਾਰਮਿਕ ਕਾਰਜਾਂ 'ਚ ਵੀ ਪਿੱਛੇ ਨਹੀਂ ਹੁੰਦੇ ਇਸ ਲਈ ਪਿੰਡ 'ਚ ਗੁਰਦੁਆਰੇ ਦੀ ਹਦੂਦ ਨਾਲ ਹੀ ਜ਼ਮੀਨ ਦਿੱਤੀ ਗਈ ਅਤੇ ਕੁਝ ਜ਼ਮੀਨ ਪੰਚਾਇਤ ਨੇ ਦਿੱਤੀ ਹੈ।

ਇਹ ਪਿੰਡ ਫਿਰਕੂ ਸਦਭਾਵਨਾ ਦੀ ਇੱਕ ਵਧੀਆ ਮਿਸਾਲ ਬਣਿਆ ਹੈ।

ਮਸਜਿਦ ਲਈ ਪਹਿਲੀਆਂ 13 ਇੱਟਾਂ ਗੁਰਦੁਆਰਾ ਰਾਏ ਪੱਤੀ ਵਿਖੇ ਇੱਕ ਸਾਂਝੀ ਅਰਦਾਸ ਅਤੇ ਦੁਆ 'ਚ ਪਿੰਡ ਦੇ ਸਿੱਖਾਂ ਅਤੇ ਮੁਸਲਮਾਨਾਂ ਵੱਲੋਂ ਸਤਿਕਾਰ ਨਾਲ ਉਸਾਰੀ ਵਾਲੀ ਥਾਂ 'ਤੇ ਪਹੁੰਚਾਉਣ ਤੋਂ ਪਹਿਲਾਂ ਬਖਸ਼ਿਸ਼ ਕੀਤੀਆਂ ਗਈਆਂ।

ਸਿੱਖ ਭਾਈਚਾਰਾ ਇਸ 'ਚ ਰੁਪਏ ਅਤੇ ਸਮੱਗਰੀ ਪੱਖੋਂ ਵੱਡਾ ਯੋਗਦਾਨ ਪਾ ਰਿਹਾ ਹੈ। ਗੁਰਦੁਆਰੇ ਦੇ ਪ੍ਰਧਾਨ ਇਕਬਾਲ ਸਿੰਘ ਅਤੇ ਦਰਸ਼ਨ ਸਿੰਘ ਨੇ ਕਿਹਾ ਕਿ ਪਿੰਡ 'ਚ ਗੁਰਦੁਆਰਾ ਅਤੇ ਮੰਦਰ ਸੀ ਅਤੇ ਉਹ ਇੱਕ ਮਸਜਿਦ ਵੀ ਚਾਹੁੰਦੇ ਸਨ।

ਪੰਜਾਬ ਵਰਗੀ ਭਾਈਚਾਰਕ ਸਾਂਝ ਨੂੰ ਪੂਰੇ ਦੇਸ਼ 'ਚ ਪ੍ਰਫੁੱਲਤ ਕਰਨ ਦਾ ਕੰਮ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਕੀਤਾ ਗਿਆ ਹੈ। ਇਸ ਪਿੰਡ ਵਿੱਚ ਕੁੱਲ 1400 ਵੋਟਰ ਹਨ ਤੇ ਸਿੱਖਾਂ ਦੀ ਬਹੁਗਿਣਤੀ ਹੈ।

ਇੰਦਰ ਖ਼ਾਨ ਨੇ ਦੱਸਿਆ ਕਿ ਮਸਜਿਦ ਲਈ ਕਰੀਬ 10 ਸਾਲ ਪਹਿਲਾਂ ਪੌਣੇ ਦੋ ਲੱਖ ਰੁਪਏ ਸਾਢੇ ਚਾਰ ਬਿਸਵੇ ਜ਼ਮੀਨ ਖਰੀਦੀ ਸੀ ਪਰ ਮਸਜਿਦ ਬਣਾਉਣ ਲਈ ਉਨ੍ਹਾਂ ਕੋਲ ਸਾਧਨਾਂ ਦੀ ਕਮੀ ਸੀ। ਉਨ੍ਹਾਂ ਨੇ ਕਿਹਾ, 'ਗੁਰਦੁਆਰੇ 'ਚ ਅਰਦਾਸ ਕਰਨ ਤੋਂ ਬਾਅਦ ਮੁਸਲਿਮ ਭਾਈਚਾਰੇ ਨੇ ਨਮਾਜ਼ ਅਦਾ ਕੀਤੀ ਅਤੇ ਉਸ ਤੋਂ ਬਾਅਦ ਸਿੱਖ ਭਰਾ ਇੱਟਾਂ ਲੈ ਕੇ ਸਾਡੇ ਨਾਲ ਆਏ। ਅਗਲੇ ਕੁਝ ਚਾਰ ਦਿਨਾਂ 'ਚ ਉਸਾਰੀ ਸ਼ੁਰੂ ਹੋ ਜਾਵੇਗੀ ਅਤੇ ਕੁਝ ਮਹੀਨੇ 'ਚ ਮਸਜਿਦ ਬਣ ਜਾਵੇਗੀ।' ਪਿੰਡ ਦੇ ਮੁਸਲਮਾਨ ਭਾਈਚਾਰੇ ਦੀ ਸਿੱਖ ਧਰਮ 'ਚ ਬਹੁਤ ਆਸਥਾ ਹੈ ਅਤੇ ਉਨ੍ਹਾਂ ਵੱਲੋਂ ਇਹ ਮਸਜਿਦ ਵੀ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭਗਤ ਗਨੀ ਖਾਂ ਤੇ ਨਬੀ ਖਾਂ ਦੀ ਯਾਦ 'ਚ ਬਣਾਈ ਜਾ ਰਹੀ ਹੈ।



**ਧੰਨਵਾਦ ਬੀਬੀਸੀ**

# ਅਣਹੋਣੀ: ਜੋਬਨ ਰੁੱਤੇ ਖ਼ਾਮੋਸ਼ ਹੁੰਦੇ ਰਹੇ ਪੰਜਾਬ ਦੇ ਬੋਲ...!



ਅਵਤਾਰ ਸਿੰਘ ਪਾਸ਼ | ਅਮਰ ਸਿੰਘ ਚਮਕੀਲਾ | ਵਰਿੰਦਰ | ਦਿਲਸ਼ਾਦ ਅਖਤਰ

## ਕਵੀ ਪਾਸ਼, ਫ਼ਿਲਮ ਅਦਾਕਾਰ ਵਰਿੰਦਰ ਤੇ ਗਾਇੱਕ ਚਮਕੀਲਾ ਤੇ ਦਿਲਸ਼ਾਦ ਅਖਤਰ ਦਾ ਵੀ ਕੀਤਾ ਗਿਆ ਸੀ ਕਤਲ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿੱਚ ਕਲਮਾਂ ਅਤੇ ਬੋਲਾਂ ਦੇ ਕਤਲ ਕੋਈ ਨਵੇਂ ਨਹੀਂ ਹਨ। ਇਨ੍ਹਾਂ ਹਮਲਿਆਂ ਦੇ ਮਕਸਦ ਵੱਖੋ-ਵੱਖਰੇ ਰਹੇ ਹਨ। ਮਸ਼ਹੂਰ ਗਾਇੱਕ ਸਿੱਧੂ ਮੂਸੇਵਾਲਾ ਨੂੰ 29 ਸਾਲ ਦੀ ਉਮਰ 'ਚ ਕਤਲ ਕਰ ਦਿੱਤਾ ਗਿਆ। ਉਸ ਦੀ ਗਾਇੱਕੀ ਨੂੰ ਨਾਪਸੰਦ ਕਰਨ ਵਾਲੇ ਬਹੁਤ ਸਨ, ਉਸ ਤੋਂ ਵੱਧ ਪ੍ਰਸ਼ੰਸਕ ਵੀ ਸਨ।

ਸਿੱਧੂ ਮੂਸੇਵਾਲਾ ਆਪਣੀ ਗਾਇੱਕੀ ਦੀ ਉਮਰ ਦੌਰਾਨ ਕਿਸੇ ਨਾ ਕਿਸੇ ਵਿਵਾਦ ਨਾਲ ਵੀ ਜੁੜੇ ਰਹੇ।

ਗੱਲ ਪਿਛਾਂਹ ਤੋਂ ਸੁਰੂ ਕਰਦੇ ਹਾਂ। ਪੰਜਾਬ ਦੇ ਕਾਲੇ ਦੌਰ ਵਿੱਚ ਇਨਕਲਾਬੀ ਕਵੀ ਅਵਤਾਰ ਸਿੰਘ ਸੰਧੂ ਉਰਫ਼ ਪਾਸ ਦਾ 23 ਮਾਰਚ, 1988 ਨੂੰ ਜੱਦੀ ਪਿੰਡ ਤਲਵੰਡੀ ਸਲੇਮ ਵਿੱਚ ਕਤਲ ਹੋਇਆ। ਉਦੋਂ ਉਨ੍ਹਾਂ ਦੀ ਉਮਰ 38 ਸਾਲ ਸੀ। ਪਾਸ ਦੀ ਲੇਖਣੀ ਨੂੰ ਕਿਸੇ ਨਵੇਂ ਪੁਰਾਣੇ ਨਾਲ ਮੇਲਿਆ ਨਹੀਂ ਜਾ ਸਕਦਾ। ਪਾਸ ਨੇ 1987 ਵਿੱਚ ਕਵਿਤਾ ਲਿਖੀ, 'ਸਭ ਤੋਂ ਖ਼ਤਰਨਾਕ ਹੁੰਦਾ ਹੈ, ਸਾਡੇ ਸੁਪਨਿਆਂ ਦਾ ਮਰ ਜਾਣਾ', ਬੇਹੱਦ ਮਕਬੂਲ ਹੋਈ। ਬੇਸ਼ੱਕ ਕਾਲੇ ਦੌਰ ਨੇ ਮਹਾਨ ਕਵੀ ਨੂੰ ਜੁਦਾ ਕਰ ਦਿੱਤਾ ਲੇਕਿਨ ਉਨ੍ਹਾਂ ਦੀ ਹਰ ਰਚਨਾ ਦੀ ਉਮਰ ਸਦੀਵੀ ਹੈ।

ਕਾਲੇ ਸਮਿਆਂ ਵਿੱਚ ਪੰਜਾਬ 'ਚ 1988 ਦੇ ਉਸੇ ਮਾਰਚ ਮਹੀਨੇ ਨੌਜਵਾਨ ਗਾਇੱਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਸਾਥਣ ਬੀਬਾ ਅਮਰਜੋਤ ਕੌਰ ਤੋਂ ਇਲਾਵਾ ਦੋ ਸਾਜਿ?ਦਿਆਂ ਦਾ ਵੀ ਕਤਲ ਹੋਇਆ। ਅਮਰ ਸਿੰਘ ਚਮਕੀਲਾ ਅਤੇ ਬੀਬਾ ਅਮਰਜੋਤ ਜਦੋਂ ਪਿੰਡ ਮਹਿਸਾਸਪੁਰ ਵਿੱਚ 8 ਮਾਰਚ 1988 ਨੂੰ ਦੁਪਹਿਰ ਦੋ ਵਜੇ ਅਖਾੜਾ ਲਗਾ ਰਹੇ ਸਨ ਤਾਂ ਉਨ੍ਹਾਂ ਨੂੰ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਦਿੱਤੀਆਂ ਸਨ। ਚਮਕੀਲੇ ਦੀ ਗਾਇੱਕੀ ਕਿਸ ਪੱਧਰ ਦੀ ਸੀ, ਵੱਖਰਾ ਮਾਮਲਾ ਹੈ, ਉਸ ਦੀ ਮਕਬੂਲੀਅਤ ਦੀ ਉਨ੍ਹਾਂ ਸਮਿਆਂ ਦੇ ਪੇਂਡੂ ਪੰਜਾਬ ਵਿੱਚ ਤੂਤੀ ਬੋਲਦੀ ਸੀ। ਅੱਜ ਵੀ ਚਮਕੀਲਾ ਦੇ ਗੀਤ ਖੇਤਾਂ ਦੀਆਂ ਮੋਟਰਾਂ 'ਤੇ ਵੱਜਦੇ ਹਨ। ਪੰਜਾਬੀ ਫ਼ਿਲਮੀ ਅਦਾਕਾਰ ਵਰਿੰਦਰ ਜਿਸ ਨੇ 12 ਵਰ੍ਹਿਆਂ ਦੇ ਫ਼ਿਲਮੀ ਸਫ਼ਰ ਦੌਰਾਨ 25 ਦੇ ਕਰੀਬ ਮਕਬੂਲ ਪੰਜਾਬੀ ਫ਼ਿਲਮਾਂ ਦਿੱਤੀਆਂ, ਵੀ 6 ਦਸੰਬਰ 1988 ਨੂੰ ਗੋਲੀਆਂ ਦਾ ਸਿ?ਕਾਰ ਹੋ ਗਿਆ ਸੀ। ਵਰਿੰਦਰ ਦੀ ਫ਼ਿਲਮ 'ਜੱਟ ਤੇ ਜਮੀਨ' ਦੀ ਲੁਧਿਆਣਾ ਦੇ ਪਿੰਡ ਤਲਵੰਡੀ ਵਿੱਚ ਸ਼ੂਟਿੰਗ ਚੱਲ ਰਹੀ ਸੀ। ਅਣਪਛਾਤਿਆਂ ਨੇ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ ਸੀ। ਉਸ ਦਾ ਚਿਹਰਾ-ਮੋਹਰਾ ਧਰਮਿੰਦਰ ਨਾਲ ਮੇਲ ਖਾਂਦਾ ਸੀ। ਪੰਜਾਬੀ ਗਾਇੱਕ ਦਿਲਸਾਦ ਅਖ਼ਤਰ ਨੂੰ ਵੀ ਇਸੇ ਰਾਹ ਜਾਣਾ ਪਿਆ ਸੀ। ਉਨ੍ਹਾਂ ਦਿਨਾਂ ਵਿੱਚ ਕਾਲਜਾਂ ਤੇ 'ਵਰਸਿਟੀਆਂ ਦੇ ਹੋਸਟਲਾਂ ਵਿੱਚ ਦਿਲਸਾਦ ਅਖ਼ਤਰ ਦੇ ਗੀਤਾਂ ਦੀ ਧਮਕ ਪੈਂਦੀ ਸੀ। 30 ਵਰ੍ਹਿਆਂ ਦੀ ਉਮਰ ਹੀ ਦਿਲਸ਼ਾਦ ਅਖ਼ਤਰ ਜਿ?ਦਗੀ ਤੋਂ ਹੱਥ ਧੋ ਬੈਠਿਆ ਸੀ। ਗੁਰਦਾਸਪੁਰ ਜਿ?ਲ੍ਹੇ ਵਿੱਚ ਇੱਕ ਵਿਆਹ ਦੇ ਪ੍ਰੋਗਰਾਮ ਵਿੱਚ ਇੱਕ ਸਰਾਬੀ ਡੀਐੱਸਪੀ ਨੇ ਏਕੇ 47 ਨਾਲ ਬੁਛਾੜ ਕਰਕੇ ਨੌਜਵਾਨ ਗਾਇੱਕ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ। ਇਹ ਘਟਨਾ 28 ਜਨਵਰੀ, 1996 ਨੂੰ ਵਾਪਰੀ ਸੀ, ਜਦੋਂ ਸਰਾਬੀ ਡੀਐਸਪੀ ਨੇ ਜ਼ਿੱਦ ਕੀਤੀ ਕਿ ਦਿਲਸਾਦ 'ਨੱਚੀ ਜੋ ਸਾਡੇ ਨਾਲ' ਗੀਤ ਸੁਣਾਵੇ। ਦਿਲਸਾਦ ਅਖ਼ਤਰ ਨੇ ਇਸ ਕਰਕੇ ਨਾਂਹ ਕਰ ਦਿੱਤੀ ਕਿ ਉਹ ਕਿਸੇ ਹੋਰ ਗਾਇੱਕ ਦਾ ਗੀਤ ਨਹੀਂ ਗਾਉਂਦਾ ਕਿਉਂਕਿ ਇਹ ਗੀਤ ਹੰਸ ਰਾਜ ਹੰਸ ਦਾ ਗਾਇਆ ਹੋਇਆ ਸੀ। ਹੋਰ ਕਿੰਨੇ ਹੀ ਕਲਮਾਂ ਵਾਲੇ ਅਤੇ ਗਾਇੱਕ ਹਮਲਿਆਂ ਵਿੱਚ ਸ਼ਿਕਾਰ ਹੋਏ ਹਨ।

# ਪਿੰਡ ਮੂਸਾ 'ਚ ਕਿਸੇ ਵੀ ਘਰ 'ਚ ਨਹੀਂ ਬਲਿਆ ਚੁੱਲ੍ਹਾ





ਮਾਨਸਾ (ਪੰਜਾਬੀ ਅਖਬਾਰ ਬਿਊਰੋ)- ਜ਼ਿਲ੍ਹਾ ਮਾਨਸਾ ਦਾ ਪਿੰਡ ਮੂਸਾ ਉਦਾਸ ਹੈ। ਗ਼ਮ 'ਚ ਡੁੱਬੇ ਇਸ ਪਿੰਡ ਨੇ ਚੜ੍ਹਦਾ ਸੂਰਜ ਵੀ ਦੇਖਿਆ ਸੀ ਜਦੋਂ ਕੌਮਾਂਤਰੀ ਸਫ਼ਾਂ ਤਕ ਪਿੰਡ ਦੀ ਗੂੰਜ ਪਈ ਸੀ। ਅੱਜ ਪਿੰਡ ਮੂਸਾ ਦਾ ਸੂਰਜ ਡੁੱਬ ਗਿਐ। ਜਿੰਨਾ ਮਾਣ ਇਸ ਪਿੰਡ ਦੇ ਹਿੱਸੇ ਆਇਆ, ਓਨੇ ਹੀ ਗ਼ਮ ਅੱਜ ਇਸ ਪਿੰਡ ਦੀ ਝੋਲੀ 'ਚ ਹਨ। ਕਿਸੇ ਵੀ ਘਰ 'ਚ ਚੁੱਲ੍ਹੇ ਅੱਗ ਨਹੀਂ ਬਲੀ, ਸਭ ਅੱਖਾਂ ਨਮ ਸਨ। ਚਾਰ-ਚੁਫ਼ੇਰੇ ਸੁੰਨ ਪਸਰੀ ਹੋਈ ਹੈ। ਇੰਝ ਸਿੱਧੂ ਮੂਸੇਵਾਲਾ ਦੇ ਕਤਲ ਦੀ ਖ਼ਬਰ ਮਿਲੇਗੀ, ਇਹ ਕਿਸੇ ਦੇ ਚਿੱਤ ਚੇਤੇ 'ਚ ਵੀ ਨਹੀਂ ਸੀ। ਅੱਜ ਇੱਕ ਬੰਦੂਕ ਨੇ ਨੌਜਵਾਨ ਗਾਇਕ ਨੂੰ ਸਦਾ ਦੀ ਨੀਂਦ ਸੁਆ ਦਿੱਤਾ।

ਪਿੰਡ ਦੇ ਲੋਕ ਆਖਦੇ ਹਨ ਕਿ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਸਿੱਧ-ਪੱਧਰੇ ਸੁਭਾਅ ਵਾਲਾ ਸੀ, ਨਾ ਕੋਈ ਵਿੰਗ ਅਤੇ ਨਾ ਵਲ ਸੀ। ਜ਼ੁਬਾਨ ਦਾ ਖਰਾ ਸੀ ਅਤੇ ਦਲੇਰ ਸੀ। ਮਾਂ ਆਖ ਰਹੀ ਸੀ, "ਮੈਨੂੰ ਵੀ ਇੱਕ ਗੋਲੀ ਮਾਰ ਦਿਓ।" ਸਿੱਧੂ ਮਾਪਿਆਂ ਦਾ ਇਕਲੌਤਾ ਪੁੱਤ ਸੀ। ਪਿੰਡ ਮੂਸਾ ਦੀਆਂ ਭੈਣਾਂ ਦੇ ਦਿਲ 'ਚ ਹੌਲ ਪਿਆ। ਬਜ਼ੁਰਗਾਂ ਦੇ ਹੰਝੂ ਆਪ-ਮੁਹਾਰੇ ਵਹਿ ਤੁਰੇ। ਸਿੱਧੂ ਮੂਸੇਵਾਲਾ ਨੇ ਜਦੋਂ ਬੰਦੂਕ ਸਭਿਆਚਾਰ ਅਤੇ ਹਿੰਸਾ ਨੂੰ ਹੁਲਾਰ ਦੇਣ ਵਾਲੇ ਗਾਣੇ ਗਾਏ ਤਾਂ ਓਦੋਂ ਪਿੰਡ ਨੂੰ ਤਾਅਨਿਆਂ ਦਾ ਸੇਕ ਵੀ ਝੱਲਣਾ ਪਿਆ। ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਦੇ ਬਾਵਜੂਦ ਸਿੱਧੂ ਮੂਸੇਵਾਲਾ ਨੇ ਆਪਣੇ ਪਿੰਡ ਵਾਲੇ ਘਰ 'ਚ ਹੀ ਰਹਿਣ ਨੂੰ ਤਰਜ਼ੀਹ ਦਿੱਤੀ। ਉਹ ਪੇਂਡੂ ਜ਼ਿੰਦਗੀ ਦਾ ਕਾਇਲ ਸੀ। ਉਸ ਦੇ ਪਿਤਾ ਸਾਬਕਾ ਫ਼ੌਜੀ ਹਨ ਜਦੋਂ ਕਿ ਮਾਂ ਪਿੰਡ ਦੀ ਸਰਪੰਚ ਹੈ।

17 ਜੂਨ 1993 ਨੂੰ ਜਨਮੇ ਸਿੱਧੂ ਮੂਸੇਵਾਲਾ ਦੇ ਲੱਖਾਂ ਦੀ ਗਿਣਤੀ 'ਚ ਚਾਹਵਾਨ ਹਨ। ਉਹ ਲੈਜੈਂਡ, ਸ਼ੈਤਾਨ, ਜ਼ਰਾ ਸੁਣੋ, ਜੱਟ ਦਾ ਮੁਕਾਬਲਾ ਅਤੇ ਹਥਿਆਰ ਵਰਗੇ ਹਿੱਟ ਪੰਜਾਬੀ ਟਰੈਕਾਂ ਲਈ ਜਾਣਿਆ ਜਾਂਦਾ ਸੀ। ਮੂਸੇਵਾਲਾ ਨੇ ਸਟਾਰਡਮ ਦਾ ਆਨੰਦ ਮਾਣਿਆ ਅਤੇ ਇਹ ਕਿਸੇ ਟਾਵੇਂ ਪੇਂਡੂ ਮੁੰਡੇ ਦੇ ਹਿੱਸੇ ਆਉਂਦੀ ਹੈ। ਸਤੰਬਰ 2019 'ਚ ਰਿਲੀਜ਼ ਹੋਏ ਉਸ ਦੇ ਗੀਤ ਜੱਟੀ ਜਿਊਣੇ ਮੌੜ ਦੀ ਬੰਦੂਕ ਵਰਗੀ ਨੇ ਵੀ ਇੱਕ ਵਿਵਾਦ ਨੂੰ ਜਨਮ ਦਿੱਤਾ ਸੀ। ਇੱਕ ਗਾਣੇ ਦੇ ਮਾਮਲੇ 'ਚ ਉਸ ਨੇ ਮੁਆਫ਼ੀ ਵੀ ਮੰਗ ਲਈ ਸੀ। ਮੂਸੇਵਾਲਾ ਨੇ ਲੁਧਿਆਣਾ 'ਚ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਸੀ ਅਤੇ ਉਸ ਨੇ ਕਾਲਜ ਦੇ ਦਿਨਾਂ 'ਚ ਹੀ ਸੰਗੀਤ ਦੀ ਸਿੱਖਿਆ ਹਾਸਿਲ ਕੀਤੀ। ਉਸ ਮਗਰੋਂ ਉਹ ਕੈਨੇਡਾ ਚਲਾ ਗਿਆ। ਉਸ ਨੂੰ ਕਈ ਪੁਲੀਸ ਕੇਸਾਂ ਦਾ ਵੀ ਸਾਹਮਣਾ ਕਰਨਾ ਪਿਆ। ਕਾਂਗਰਸ ਨੇ ਲੰਘੀਆਂ ਪੰਜਾਬ ਵਿਧਾਨ ਚੋਣਾਂ 'ਚ ਸਿੱਧੂ ਮੂਸੇਵਾਲਾ ਨੂੰ ਮਾਨਸਾ ਹਲਕੇ ਤੋਂ ਚੋਣ ਮੈਦਾਨ 'ਚ ਖੜ੍ਹਾ ਕੀਤਾ ਅਤੇ ਉਹ ਆਪ ਦੇ ਵਿਜੈ ਸਿੰਗਲਾ ਤੋਂ ਹਾਰ ਗਿਆ ਸੀ। ਜਦੋਂ ਹੁਣ ਵਿਜੈ ਸਿੰਗਲਾ ਨੂੰ ਵਜ਼ੀਰੀ ਤੋਂ ਬਰਖ਼ਾਸਤ ਕੀਤਾ ਗਿਆ ਤਾਂ ਸਿੱਧੂ ਮੂਸੇਵਾਲਾ ਨੇ ਟਵੀਟ ਕੀਤੇ ਜਿਨ੍ਹਾਂ ਤੋਂ ਮੁੜ ਉਹ ਚਰਚਾ 'ਚ ਆ ਗਿਆ ਸੀ। ਉਹ ਆਖਦਾ ਹੁੰਦਾ ਸੀ ਕਿ ਉਹ ਸਿਆਸਤ 'ਚ ਕਿਸੇ ਰੁਤਬੇ ਲਈ ਨਹੀਂ ਬਲਕਿ ਸਿਸਟਮ ਨੂੰ ਬਦਲਣ ਲਈ ਉਸ ਦਾ ਹਿਸਾ ਬਣਨਾ ਚਾਹੁੰਦਾ ਹੈ। ਕਾਂਗਰਸ 'ਚ ਸਮੂਲੀਅਤ ਸਮੇਂ ਉਹ ਤਤਕਾਲੀ ਮੁੱਖ ਮੰਤਰੀ ਚਰਨਜੀਤ ਚੰਨੀ ਤੋਂ ਇਲਾਵਾ ਕਾਂਗਰਸੀ ਆਗੂ ਰਾਹੁਲ ਗਾਂਧੀ ਨਾਲ ਵੀ ਮਿਲਣੀ ਕੀਤੀ ਸੀ।

**ਗਾਇਕ ਦੇ ਕਾਤਲਾਂ ਨੂੰ ਸਖ਼ਤ ਸਜ਼ਾ ਦੀ ਮੰਗ**

ਪਿੰਡ ਮੂਸਾ ਦੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਸਿੱਧੂ ਨੇ ਘਟਨਾ 'ਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਸਾਰਾ ਪਿੰਡ ਸੁੰਨ ਹੋਇਆ ਪਿਆ ਹੈ। ਸਿੱਧੂ ਦੇ ਕਤਲ ਲਈ ਪਿੰਡ ਵਾਸੀ ਸਰਕਾਰ ਅਤੇ ਸੁੱਖਿਆ ਪ੍ਰਬੰਧਾਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਸਭਿਆਚਾਰਕ ਚੇਤਨਾ ਮੰਚ ਦੇ ਪ੍ਰਧਾਨ ਹਰਿੰਦਰ ਮਾਨਸ਼ਾਹੀਆ ਅਤੇ ਜਨਰਲ ਸਕੱਤਰ ਹਰਦੀਪ ਸਿੱਧੂ ਨੇ ਕਿਹਾ ਕਿ ਪੰਜਾਬੀ ਗਾਇਕੀ ਨੂੰ ਦੁਨੀਆਂ ਦੇ ਹਰ ਕੋਨੇ 'ਚ ਪਹੁੰਚਾਉਣ ਵਾਲੇ ਸਿੱਧੂ ਮੂਸੇਵਾਲਾ ਦਾ ਕੋਈ ਬਦਲ ਨਹੀਂ। ਉਨ੍ਹਾਂ ਗਾਇਕ ਦੇ ਕਾਤਲਾਂ ਨੂੰ ਫ਼ਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ। ਮਾਨਸਾ ਦੇ ਪੰਜਾਬੀ ਗਾਇੱਕ ਬਲਜਿੰਦਰ ਸੰਦੀਲਾ ਨੇ ਦੱਸਿਆ ਕਿ 22 ਸਾਲ ਦੀ ਉਮਰ 'ਚ ਕਸੂਰ ਨਾਲ ਮਸ਼ਹੂਰ ਹੋਣ ਵਾਲੇ ਸਿੱਧੂ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

# ਵਿਦਿਆਰਥੀ ਆਗੂ ਅਕਸ਼ੈ ਤੇ ਕਲਾਕਾਰ ਕਰਤਾਰ ਚੀਮਾ ਵਿੱਚਾਲੇ ਤਕਰਾਰ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਵਿਦਿਆਰਥੀ ਜਥੇਬੰਦੀ ਐੱਨਐੱਸਯੂਆਈ ਦੇ ਸੂਬਾਈ ਪ੍ਰਧਾਨ ਅਕਸ਼ੈ ਸ਼ਰਮਾ ਨੇ ਪੰਜਾਬੀ ਫ਼ਿ?ਲਮ ਕਲਾਕਾਰ ਕਰਤਾਰ ਚੀਮਾ 'ਤੇ ਦੋਸ਼ ਲਾਇਆ ਹੈ ਉਸ ਨੇ ਵਿਦੇਸ਼ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਤੋਂ ਉਸ ਨੂੰ ਧਮਕੀਆਂ ਦਿਵਾਈਆਂ ਹਨ। ਗੋਲਡੀ ਬਰਾੜ ਦਾ ਨਾਂ ਬੀਤੇ ਦਿਨ ਪੰਜਾਬੀ ਗਾਇੱਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਨਾਲ ਵੀ ਜੋੜਿਆ ਜਾ ਰਿਹਾ ਹੈ। ਅੱਜ ਇੱਥੇ ਐੱਨਐੱਸਯੂਆਈ ਆਗੂਆਂ ਅਤੇ ਕਲਾਕਾਰ ਕਰਤਾਰ ਚੀਮਾ ਵਿੱਚਾਲੇ ਤਕਰਾਰ ਤੇ ਹੱਥੋਪਾਈ ਵੀ ਹੋਈ ਹੈ, ਜਿਸ ਤੋਂ ਬਾਅਦ ਇਹ ਮਾਮਲਾ ਪੁਲੀਸ ਕੋਲ ਪੁੱਜਾ ਗਿਆ ਹੈ। ਇਸ ਮਾਮਲੇ ਵਿੱਚ ਦੋਵਾਂ ਧਿਰਾਂ ਵੱਲੋਂ ਪੁਲੀਸ ਕੋਲ ਸ਼ਿਕਾਇਤ ਦਿੱਤੀ ਗਈ ਹੈ। ਵਿਦਿਆਰਥੀ ਆਗੂ ਅਕਸ਼ੈ ਸ਼ਰਮਾ ਨੇ ਦੋਸ਼ ਲਾਇਆ ਹੈ ਕਿ ਕਰਤਾਰ ਚੀਮਾ ਉਸ ਦੀ ਲਗਪਗ 25 ਲੱਖ ਰੁਪਏ ਦੀ ਰਕਮ ਵਾਪਸ ਨਹੀਂ ਕਰ ਰਿਹਾ ਹੈ। ਇਸੇ ਸਬੰਧ ਵਿੱਚ ਹੀ ਉਸ ਨੂੰ ਕੈਨੇਡਾ ਰਹਿੰਦੇ ਗੋਲਡੀ ਬਰਾੜ ਕੋਲੋਂ ਧਮਕੀਆਂ ਦਿਵਾਈਆਂ ਗਈਆਂ ਹਨ। ਉਸ ਨੇ ਇਸ ਸਬੰਧੀ ਇੱਕ ਆਡੀਓ ਰਿਕਾਰਡਿੰਗ ਵੀ ਪੁਲੀਸ ਨੂੰ ਸੌਂਪੀ ਹੈ। ਵਿਦਿਆਰਥੀ ਆਗੂ ਨੇ ਕਿਹਾ, "ਜੇਕਰ ਮੈਨੂੰ ਜਾਂ ਮੇਰੇ ਪਰਿਵਾਰ ਨੂੰ ਕੋਈ ਨੁਕਸਾਨ ਹੋਇਆ ਤਾਂ ਉਸ ਲਈ ਕਲਾਕਾਰ ਕਰਤਾਰ ਚੀਮਾ ਜ਼ਿੰਮੇਵਾਰ ਹੋਵੇਗਾ। ਜਦੋਂ ਵੀ ਮੈਂ ਆਪਣੀ ਰਕਮ ਵਾਪਸ ਮੰਗੀ ਹੈ ਤਾਂ



ਕਰਤਾਰ ਚੀਮਾ ਨੇ ਮੈਨੂੰ ਸਮਾਜ ਵਿਰੋਧੀ ਅਨਸਰਾਂ ਕੋਲੋਂ ਡਰਾਇਆ ਧਮਕਾਇਆ ਹੈ।" ਉਸ ਨੇ ਦੋਸ਼ ਲਾਇਆ ਕਿ ਤਕਰਾਰ ਦੌਰਾਨ ਕਲਾਕਾਰ ਨੇ ਉਸ ਨੂੰ ਪਿਸਤੌਲ ਵੀ ਦਿਖਾਈ ਹੈ। ਦੂਜੇ ਪਾਸੇ ਕਲਾਕਾਰ ਕਰਤਾਰ ਚੀਮਾ ਨੇ ਕਿਹਾ ਹੈ ਕਿ ਵਿਦਿਆਰਥੀ ਆਗੂ ਨੇ ਇੱਕ ਫਿਲਮ ਵਿੱਚ ਭਾਈਵਾਲੀ 'ਤੇ ਪੰਜ ਲੱਖ ਰੁਪਏ ਨਿਵੇਸ਼ ਕੀਤੇ ਸਨ ਪਰ ਇਹ ਫਿਲਮ ਸਫ਼ਲ ਨਹੀਂ ਹੋਈ ਅਤੇ ਘਾਟਾ ਪਿਆ ਹੈ, ਹੁਣ ਉਹ ਆਪਣੀ ਰਕਮ ਮੰਗ ਰਿਹਾ ਹੈ। ਕਰਤਾਰ ਨੇ ਦੋਸ਼ ਲਾਇਆ ਕਿ ਅੱਜ ਦੀ ਕਾਰਵਾਈ ਸਿਰਫ਼ ਇੱਕ ਸਟੰਟ ਸੀ, ਕਿਉਂਕਿ 'ਆਪ' ਸਰਕਾਰ ਨੇ ਅਕਸ਼ੈ ਦੀ ਸੁਰੱਖਿਆ ਵਾਪਸ ਲੈ ਲਈ ਹੈ ਅਤੇ ਸੁਰੱਖਿਆ ਕਰਮਚਾਰੀ ਵਾਪਸ ਲੈਣ ਲਈ ਉਸ ਵੱਲੋਂ ਅਜਿਹਾ ਕੀਤਾ ਗਿਆ ਹੈ। 25 ਲੱਖ ਰੁਪਏ ਦੀ ਰਕਮ ਦੇ ਕੀਤੇ ਜਾ ਰਹੇ ਦਾਅਵੇ ਨੂੰ ਉਸ ਨੇ ਗਲਤ ਕਿਹਾ ਅਤੇ ਕਿਹਾ ਕਿ ਇਸ ਸਬੰਧੀ ਹਿਸਾਬ-ਕਿਤਾਬ ਕੀਤਾ ਜਾ ਸਕਦਾ ਹੈ। ਗੋਲਡੀ ਬਰਾੜ ਦੇ ਨਾਂ 'ਤੇ ਧਮਕੀਆਂ ਦੇ ਦੋਸ਼ ਨੂੰ ਉਸ ਨੇ ਰੱਦ ਕੀਤਾ ਅਤੇ ਕਿਹਾ ਕਿ ਪੁਲੀਸ ਇਸ ਆਡੀਓ ਰਿਕਾਰਡਿੰਗ ਦੀ ਜਾਂਚ ਕਰਵਾ ਸਕਦੀ ਹੈ। ਉਸ ਨੇ ਦੋਸ਼ ਲਾਇਆ ਕਿ ਵਿਦਿਆਰਥੀ ਆਗੂ ਨੇ ਉਸ 'ਤੇ ਰਿਵਾਲਵਰ ਵੀ ਤਾਣੀ ਸੀ। ਇਸੇ ਮਾਮਲੇ ਵਿੱਚ ਉਸ ਨੇ ਪੁਲੀਸ ਨੂੰ ਦਰਖਾਸਤ ਦੇ ਕੇ ਵਿਦਿਆਰਥੀ ਆਗੂ ਖਿ?ਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਉਹ ਇੱਥੇ ਆਪਣੀ ਇੱਕ ਫ਼ਿਲਮ ਦੀ ਸ਼ੂਟਿੰਗ ਲਈ ਆਇਆ ਹੋਇਆ ਸੀ। ਥਾਣਾ ਸਿਵਲ ਲਾਈਨ ਦੇ ਐੱਸ.ਐੱਚ.ਓ. ਅਮੋਲਕਪ੍ਰੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਵਿਦਿਆਰਥੀ ਆਗੂ ਅਕਸ਼ੈ ਸ਼ਰਮਾ ਅਤੇ ਕਲਾਕਾਰ ਕਰਤਾਰ ਚੀਮਾ ਦੀਆਂ ਦਰਖਾਸਤਾਂ ਲੈ ਲਈਆਂ ਹਨ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience



Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022



ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ !

# ਸ੍ਰੀ ਲੰਕਾ, ਕਿਵੇਂ ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਨੇ ਇੱਕ ਦੇਸ਼ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਸ੍ਰੀ ਲੰਕਾ ਵਿੱਚ ਇਸ ਵੇਲੇ ਭਿਆਨਕ ਸਰਕਾਰ ਵਿਰੋਧੀ ਦੰਗੇ ਚੱਲ ਰਹੇ ਹਨ। ਲੋਕਾਂ ਨੇ ਰਾਜਪਕਸ਼ਾ ਪਰਿਵਾਰ ਅਤੇ ਸੱਤਾਧਾਰੀ ਪਾਰਟੀ (ਸ੍ਰੀ ਲੰਕਾ ਪੋਡੂਜਨਾ ਪੇਰੂਨਮਾ) ਦੇ ਸਾਂਸਦਾਂ ਅਤੇ ਮੰਤਰੀਆਂ ਦੇ ਸੈਂਕੜੇ ਸਰਕਾਰੀ ਅਤੇ ਨਿੱਜੀ ਮਕਾਨ ਤੇ ਵਪਾਰਿਕ ਅਦਾਰਿਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਹੈ।ਹਾਲਾਤ ਐਨੇ ਖਰਾਬ ਹਨ ਕਿ ਅਸਤੀਫਾ ਦੇ ਚੁੱਕੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੂੰ ਜਾਨ ਬਚਾਉਣ ਲਈ ਪਰਿਵਾਰ ਸਮੇਤ ਤ੍ਰਿਨਕੋਮਾਲੀ ਸਮੁੰਦਰੀ ਅੱਡੇ ਵਿੱਚ ਸ਼ਰਣ ਲੈਣੀ ਪਈ ਹੈ।ਉਸ ਦੇ ਲੜਕੇ ਨਾਮਾਲ ਰਾਜਪਕਸ਼ੇ ਦੇ ਇੱਕ ਪੰਜ ਸਿਤਾਰਾ ਹੋਟਲ ਸਮੇਤ ਰਾਜਪਕਸ਼ਾ ਪਰਿਵਾਰ ਵੱਲੋਂ ਆਪਣੇ ਪਿੰਡ ਵਿੱਚ ਬਣਾਇਆ ਗਿਆ ਇੱਕ ਅਜਾਇਬਘਰ ਵੀ ਫੂਕ ਦਿੱਤਾ ਗਿਆ। ਭ੍ਰਿਸ਼ਟਾਚਾਰ ਦਾ ਪ੍ਰਤੀਕ ਇਹ ਨਿੱਜੀ ਅਜਾਇਬਘਰ ਰਾਜਪਕਸ਼ਾ ਪਰਿਵਾਰ ਨੇ ਆਪਣੇ ਮਾਤਾ ਪਿਤਾ ਦੀ ਯਾਦ ਵਿੱਚ ਉਸਾਰਿਆ ਸੀ।ਪਰ ਬਾਅਦ ਵਿੱਚ ਇਸ ਦੀ ਲਾਗਤ ਜੋ ਕਰੀਬ 9 ਕਰੋੜ ਬਣਦੀ ਸੀ, ਸਰਕਾਰ ਤੋਂ ਵਸੂਲ ਲਈਸੀ। ਰਾਜਪਕਸ਼ਿਆਂ ਸਮੇਤ ਅਨੇਕ ਸੱਤਾਧਾਰੀ ਨੇਤਾਵਾਂ ਦੀਆਂ ਭ੍ਰਿਸ਼ਟਾਚਾਰ ਰਾਹੀਂ ਖਰੀਦੀਆਂ ਗਈਆਂ ਬੇਸ਼ਕੀਮਤੀ ਵਿਦੇਸ਼ੀ ਗੱਡੀਆਂ ਸਮੁੰਦਰ ਅਤੇ ਝੀਲਾਂ ਵਿੱਚ ਸੁੱਟ ਦਿੱਤੀਆਂ ਗਈਆਂ ਹਨ। ਅੰਦਲੋਨਕਾਰੀ ਰਾਸ਼ਟਰਪਤੀ ਗੋਟਾਬਾਏਰਾਜਪਕਸ਼ਾ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ। ਇਸ ਮਾਰ ਧਾੜ ਦੌਰਾਨ ਹੁਣ ਤੱਕ 150 ਤੋਂ ਵੱਧ ਨਾਗਰਿਕ ਹਲਾਕ ਅਤੇ 1000 ਤੋਂ ਜ਼ਖਮੀ ਹੋ ਚੁੱਕੇ ਹਨ। ਅੰਦੋਲਨਕਾਰੀ ਸੱਤਾਧਾਰੀ ਨੇਤਾਵਾਂ ਦੀ ਜਾਨ ਦੇ ਦੁਸ਼ਮਣ ਬਣ ਗਏ ਹਨ।ਕੁਝ ਦਿਨ ਪਹਿਲਾਂ ਜਦੋਂ ਪ੍ਰਦਰਸ਼ਨਕਾਰੀਆਂ ਨੇ ਸੱਤਾਧਾਰੀ ਦਲ ਦੇ ਇੱਕ ਐਮ.ਪੀ. ਅੰਮਰਾਕੀਰਤੀ ਅੱਥੂਕੁਰਾਲਾ ਨੂੰ ਘੇਰ ਲਿਆ ਤਾਂ ਉਸ ਨੇ ਗੋਲੀਆਂ ਚਲਾ ਕੇ ਦੋ ਪ੍ਰਦਰਸ਼ਨਕਾਰੀਆਂ ਦੀ ਹੱਤਿਆ ਕਰ ਦਿੱਤੀ ਤੇ ਆਪ ਵੀ ਖ਼ੁਦਕੁਸ਼ੀ ਕਰ ਲਈ। ਗੋਟਾਬਾਏ ਫਿਲਹਾਲ ਕੁਰਸੀ ਨੂੰ ਚਿਪਕਿਆ ਹੋਇਆਆ ਹੈ।ਉਸ ਨੇ ਅਸਤੀਫਾ ਦੇਣ ਦੀ ਬਜਾਏ ਦੇਸ਼ ਵਿੱਚ ਐਮਰਜੈਂਸੀ ਲਗਾ ਦਿੱਤੀ ਹੈ ਤੇ ਫੌਜ ਨੂੰ ਪ੍ਰਦਸ਼ਨਕਾਰੀਆਂ ਨੂੰ ਗੋਲੀ ਮਾਰ ਦੇਣ ਦੇ ਅਧਿਕਾਰ ਦੇ ਦਿੱਤੇ ਹਨ। ਸ੍ਰੀ ਲੰਕਾ ਦੀ ਆਰਥਿਕ ਹਾਲਤ ਐਨੀ ਖਰਾਬ ਹੋ ਚੁੱਕੀ ਹੈ ਕਿ ਇਸ ਦਾ ਵਿਦੇਸ਼ੀ ਮੁਦਰਾ ਭੰਡਾਰ ਤਕਰੀਬਨ ਖਾਲੀ ਹੋ ਚੁੱਕਾ ਹੈ ਤੇ ਦੇਸ਼ ਦਿਵਾਲੀਆ ਹੋਣ ਦੇ ਕੰਢੇ 'ਤੇ ਪਹੁੰਚ ਚੁੱਕਾ ਹੈ।ਸ੍ਰੀ ਲੰਕਾ ਦੀ ਬਰਬਾਦੀ ਦਾ ਇੱਕੋ ਇੱਕ ਕਾਰਨ ਰਾਜਪਕਸ਼ਾ ਪਰਿਵਾਰ ਦੀ ਕੁਨਬਾਪਰਵਰੀ ਅਤੇ ਸਿਰੇ ਦਾ ਭ੍ਰਿਸ਼ਟਾਚਾਰ ਹੈ।ਲੰਕਾ ਸਰਕਾਰ ਦੇ ਜਿਆਦਾਤਰ ਮਹੱਤਵਪੂਰਨ ਅਹੁਦਿਆਂ 'ਤੇ ਇਸ ਪਰਿਵਾਰ ਦਾ ਹੀ ਕਬਜ਼ਾ ਹੈ।

ਮਹਿੰਦਾ ਰਾਜਪਕਸ਼ਾ – ਇਸ ਪਰਿਵਾਰ ਦਾ ਮੁਖੀਆ 76 ਸਾਲਾ ਮਹਿੰਦਾ ਰਾਜਪਕਸ਼ਾ ਹੈ। ਇੱਕ ਰਸੂਖਵਾਨ ਰਾਜਨੀਤਕ ਪਰਿਵਾਰ ਵਿੱਚ ਪੈਦਾ ਹੋਇਆ ਮਹਿੰਦਾ ਰਾਜਪਕਸ਼ਾ ਬਹੁਤ ਤੇਜ਼ੀ ਨਾਲ ਸਫਲਤਾ ਦੀਆਂ ਪੌੜੀਆ ਚੜ੍ਹਿਆ ਹੈ। ਉਹ ਪੇਸ਼ੇ ਤੋਂ ਵਕੀਲ ਸੀ ਤੇ 1970 ਵਿੱਚ ਉਸ ਨੇ ਪਹਿਲੀ ਵਾਰ ਪਾਰਲੀਮੈਂਟ ਦੀ ਚੋਣ ਜਿੱਤੀ।2005 ਵਿੱਚ ਰਾਸ਼ਟਰਪਤੀ ਚੁਣਿਆ ਗਿਆ ਤੇ ਇਸ ਅਹੁਦੇ 'ਤੇ 2015 ਤੱਕ ਰਿਹਾ। ਉਸ ਦੀ ਅਗਵਾਈ ਹੇਠ ਹੀ ਸ੍ਰੀ ਲੰਕਾ ਦੀ ਫੌਜ ਨੇ 39 ਸਾਲ ਦੀ ਜੰਗ ਤੋਂ ਬਾਅਦ 18 ਮਈ 2009 ਨੂੰ ਤਾਮਿਲ ਬਾਗੀਆਂ ਦੀ ਅੱਤਵਾਦੀ ਜਥੇਬੰਦੀ ਲਿੱਟੇ ਦਾ ਖਾਤਮਾ ਕੀਤਾ ਸੀ। ਇਸ ਜੰਗ ਵਿੱਚ ਜੇਤੂ ਹੋਣ ਕਾਰਨ ਉਹ ਘਰ ਘਰ ਵਿੱਚ ਮਸ਼ਹੂਰ ਹੋ ਗਿਆ ਤੇ 2010 ਵਿੱਚ ਦੁਬਾਰਾ ਰਾਸ਼ਟਰਪਤੀ ਚੁਣ ਲਿਆ ਗਿਆ। ਪਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਉਹ ਐਨਾ ਬਦਨਾਮ ਹੋ ਗਿਆ ਸੀ ਕਿ 2015 ਵਿੱਚ ਮੈਥਰੀਪਾਲਾ ਸਿਰੀਸੇਨਾ ਹੱਥੋਂ ਬੁਰੀ ਤਰਾਂ ਹਾਰ ਗਿਆ।2019 ਵਿੱਚ ਉਸ ਨੇ ਖੁਦ ਰਾਸ਼ਟਰਪਤੀ ਦੀ ਚੋਣ ਲੜਨ ਦੀ ਬਜਾਏ ਆਪਣੇ ਭਰਾ ਗੋਟਾਬਾਏ ਰਾਜਪਕਸ਼ਾ ਨੂੰ ਚੋਣ ਲੜਵਾ ਕੇ ਰਾਸ਼ਟਰਪਤੀ ਬਣਾ ਦਿੱਤਾ ਤੇ ਖੁਦ ਪ੍ਰਧਾਨ ਮੰਤਰੀ ਬਣ ਗਿਆ।ਉਸ ਨੇ ਕੁਨਬਾਪਰਵਰੀ ਅਤੇ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਰਾਜਪਕਸ਼ਾ ਪਰਿਵਾਰ ਦਾ ਕੋਈ ਬਦਕਿਸਮਤ ਮੈਂਬਰ ਹੀ ਹੋਵੇਗਾ ਜਿਸ ਨੂੰ ਉਸ ਨੇ ਕੋਈ ਸਰਕਾਰੀ ਅਹੁਦਾ ਨਾ ਦਿੱਤਾ ਹੋਵੇ। ਇਸ ਦਾ ਖੁਦ ਦਾ ਵੱਡਾ ਲੜਕਾ ਨਾਮਾਲ ਮੰਤਰੀ ਅਤੇ ਛੋਟਾ ਯੋਸ਼ੀਤਾ ਪ੍ਰਧਾਨ ਮੰਤਰੀ ਦਫਤਰ ਦਾ ਚੀਫ ਆਫ ਸਟਾਫ ਸੀ।

ਗੋਟਾਬਾਏ ਰਾਜਪਕਸ਼ਾ – 72 ਸਾਲਾ ਗੋਟਾਬਾਏ, ਮਹਿੰਦਾ ਰਾਜਪਕਸ਼ਾ ਦਾ ਛੋਟਾ ਭਰਾ ਅਤੇ ਸਭ ਤੋਂ ਭਰੋਸੇਯੋਗ ਸਾਥੀ ਹੈ। ਜਦੋਂ ਮਹਿੰਦਾ ਰਾਜਪਕਸ਼ਾ ਰਾਸ਼ਟਰਪਤੀ ਸੀ ਤਾਂ ਗੋਟਾਬਾਇਆ ਕੋਲ ਰੱਖਿਆ ਅਤੇ ਗ੍ਰਹਿ ਮੰਤਰੀ ਵਰਗੇ ਤਾਕਤਵਰ ਮਹਿਕਮੇ ਸਨ।2019 ਵਿੱਚ ਉਸ ਨੇ ਪਰਿਵਾਰ ਦੀ ਮਰਜ਼ੀ ਨਾਲ ਰਾਸ਼ਟਰਪਤੀ ਦੀ ਚੋਣ ਲੜੀ ਕਿਉਂਕਿ ਮਹਿੰਦਾ ਰਾਜਪਕਸ਼ਾ ਬਹੁਤ ਬਦਨਾਮ ਹੋ ਚੁੱਕਾ ਸੀ।ਉਸ ਦੇ ਰਾਸ਼ਟਰਪਤੀ ਬਣਦੇ ਸਾਰ ਸ੍ਰੀ ਲੰਕਾ ਦੇ ਬੁਰੇ ਦਿਨ ਸ਼ੁਰੂ ਹੋ ਗਏ। ਸਭ ਤੋਂ ਪਹਿਲਾਂ ਕਰੋਨਾ ਮਹਾਂਮਾਰੀ ਨੇ ਦੇਸ਼ ਦਾ ਬੇਹੱਦ ਮੁਨਾਫਾਬਖਸ਼ ਸੈਰ ਸਪਾਟਾ ਉਦਯੋਗ ਤਬਾਹ ਕਰ ਕੇ ਰੱਖ ਦਿੱਤਾ।ਜਿੱਤਣ ਸਮੇਂ ਲੋਕਾਂ ਨਾਲ ਕੀਤੇ ਚੋਣ ਵਾਅਦੇ ਅਨੁਸਾਰ 2019 ਵਿੱਚ ਉਸ ਨੇ ਟੈਕਸਾਂ ਨੂੰ ਅੱਧਾ ਕਰ ਦਿੱਤਾਜਿਸ ਕਾਰਨ ਦੇਸ਼ ਦਾ ਖਜ਼ਾਨਾ ਖਾਲੀ ਹੋ ਗਿਆ। 2021 ਵਿੱਚ ਉਸ ਨੇ ਸ੍ਰੀ ਲੰਕਾ ਦੇ ਕਿਸਾਨਾਂ ਨੂੰ ਇੱਕ ਤੁਗਲਕੀ ਹੁਕਮ ਜਾਰੀ ਕਰ ਦਿੱਤਾ ਕਿ ਉਹ ਸਿਰਫ ਆਰਗੈਨਿਕ ਖਾਦਾਂ ਅਤੇ ਰੂੜੀ ਦੀ ਵਰਤੋਂ ਕਰਨ ਕਿਉਂਕਿ ਉਹ ਦੇਸ਼ ਨੂੰ ਸੰਸਾਰ ਦਾ ਪਹਿਲਾ 100% ਆਰਗੈਨਿਕ ਖੇਤੀਬਾੜੀ ਦੇਸ਼ ਬਣਾਉਣਾ ਚਾਹੁੰਦਾ ਸੀ।ਜਦੋਂ ਕਿਸਾਨ ਨਾ ਮੰਨੇ ਤਾਂ ਉਸ ਨੇ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਇੰਪੋਰਟ ਹੀ ਬੰਦ ਕਰ ਦਿੱਤੀ। ਉਸ ਦੇ ਇਸ ਮੂਰਖਾਨਾ ਫੈਸਲੇ ਕਾਰਨ ਫਸਲਾਂ ਬਰਬਾਦ ਹੋ ਗਈਆਂ ਤੇ ਕਿਸਾਨ ਸੜਕਾਂ 'ਤੇ ਆ ਗਏ। ਇਥੋਂ ਤੱਕ ਕਿ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਕਮਾਉਣ ਵਾਲੇ ਚਾਹ ਦੇ ਬਾਗ ਵੀ ਦਿਵਾਲੀਆ ਹੋ ਗਏ। ਉਹ ਭਾਰਤ ਦਾ ਕੱਟੜ ਵਿਰੋਧੀ ਹੈ ਤੇ ਉਸ ਦੇ ਰਾਜ ਕਾਲ ਦੌਰਾਨ ਲੰਕਾ ਚੀਨ ਦੇ ਨਜ਼ਦੀਕ ਹੁੰਦਾ ਚਲਾ ਗਿਆ।ਉਸ ਨੇ ਫਜ਼ੂਲ ਦੇ ਪ੍ਰੋਜੈਕਟਾਂ ਲਈ, ਜੋ ਬਾਅਦ ਵਿੱਚ ਚਿੱਟੇ ਹਾਥੀ ਸਾਬਤ ਹੋਏ, 70 ਕਰੋੜ ਡਾਲਰ (ਕਰੀਬ 5000 ਕਰੋੜ ਰੁਪਏ) ਚੀਨ ਤੋਂ ਕਰਜ਼ਾ ਲਿਆ ਜਿਸ ਵਿੱਚੋਂ ਜਿਆਦਾਤਰ ਪੈਸਾ ਰਾਜਪਕਸ਼ਾ ਪਰਿਵਾਰ ਦੀਆਂ ਜੇਬਾਂ ਵਿੱਚ ਚਲਾ ਗਿਆ।ਰੱਖਿਆ ਮੰਤਰੀ ਹੁੰਦੇ ਸਮੇਂ ਗੋਟਾਬਾਏ ਆਪਣੇ ਵਿਰੋਧੀਆਂ ਨੂੰ ਅਗਵਾ ਕਰ ਕੇ ਗਾਇਬ ਕਰਨ ਲਈ ਚਿੱਟੇ ਰੰਗ ਦੀਆਂ ਕਾਲੇ ਸ਼ੀਸ਼ਿਆ ਵਾਲੀਆਂਵੈਨਾਂ ਵਰਤਦਾ ਹੁੰਦਾ ਸੀ। ਇਹ ਵੈਨਾਂ ਸ੍ਰੀ ਲੰਕਾ ਵਿੱਚ ਐਨੀਆਂ ਬਦਨਾਮ ਸਨ ਕਿ ਜਿਸ ਘਰ ਅੱਗੇ ਰੁਕ ਜਾਂਦੀਆਂ ਸਨ, ਉਸ ਘਰ ਦੇ ਕਿਸੇ ਨਾ ਕਿਸੇ ਮੈਂਬਰ ਦੀ ਮੌਤ ਨਿਸ਼ਚਿਤ ਸੀ।ਉਸ ਦੁਆਰਾ ਕੀਤੇ ਗਏ ਇਸ ਕਤਲੇਆਮ ਕਾਰਨ ਉਸ ਨੂੰ ਟਰਮੀਨੇਟਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਹੁਣ ਉਸ ਨੇ ਵਿਰੋਧੀ ਧਿਰ ਦੇ ਇੱਕ ਨੇਤਾ ਰਾਨਿਲ ਵਿਕਰਮਸਿੰਘੇ ਨੂੰ ਪ੍ਰਧਾਨ ਮੰਤਰੀ ਥਾਪ ਦਿੱਤਾ ਹੈ ਪਰ ਉਸ ਦੇ ਇਸ ਕਾਦਮ ਨਾਲ ਵੀ ਜਨਤਾ ਦਾ ਗੁੱਸਾ ਸ਼ਾਂਤ ਨਹੀਂ ਹੋਇਆ।ਲੱਗਦਾ ਹੈ ਕਿ ਅਖੀਰ ਗੋਟਾਬਾਏ ਨੂੰ ਵੀ ਅਸਤੀਫਾ ਦੇਣਾ ਹੀ ਪਏਗਾ ਕਿਉਂਕਿ ਉਸ ਵੱਲੋਂ ਫੌਜ ਨੂੰ ਦੰਗਾਕਾਰੀਆਂ ਨੂੰ ਗੋਲੀ ਮਾਰਨ ਦੇ ਦਿੱਤੇ ਨਿਰਦੇਸ਼ਾਂ ਤੋਂ ਬਾਅਦ ਵੀ ਸੁਰੱਖਿਆ ਸੈਨਾਵਾਂ ਇਸ ਹੁਕਮ 'ਤੇ ਅਮਲ ਕਰਨ ਵਿੱਚ ਹਿਚਕਿਚਾ ਰਹੀਆਂ ਹਨ।

ਬਾਸਿਲ ਰਾਜਪਕਸ਼ਾ –6 ਵਾਰ ਦਾ ਮੈਂਬਰ ਪਾਰਲੀਮੈਂਟ ਬਾਸਿਲ ਰਾਜਪਕਸ਼ਾ ਉਰਫ ਮਿਸਟਰ 10% (ਉਮਰ 70 ਸਾਲ) ਵੀ ਮਹਿੰਦਾ ਰਾਕਪਕਸ਼ਾ ਦਾ ਭਰਾ ਹੈ।ਗੋਟਾਬਾਏ ਸਰਕਾਰ ਵਿੱਚ ਵਿੱਤ ਮੰਤਰੀ ਬਾਸਿਲ ਨੇ ਚੱਲ ਰਹੇ ਅੰਦੋਲਨ ਕਾਰਨ 3 ਅਪਰੈਲ 2022 ਨੂੰ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਮਹਿੰਦਾ ਰਾਜਪਕਸ਼ਾ ਦੇ ਰਾਸ਼ਟਰਪਤੀ ਕਾਲ ਸਮੇਂ ਵੀ ਉਹ 2010 ਤੋਂ ਲੈ ਕੇ 2015 ਤੱਕ ਵਿੱਤ ਮੰਤਰੀ ਰਹਿ ਚੁੱਕਾ ਹੈ।2005 ਤੋਂ ਲੈ ਕੇ 2010 ਤੱਕ ਉਹ ਮਹਿੰਦਾ ਰਾਜਪਕਸ਼ਾ ਦਾ ਮੁੱਖ ਸਲਾਹਕਾਰ ਸੀ। ਸਰਕਾਰੀ ਠੇਕਿਆਂ ਵਿਚੋਂ ਭਾਰੀ ਕਮਿਸ਼ਨ ਲੈਣ ਕਾਰਨ ਉਸ ਦਾ ਨਾਮ ਮਿਸਟਰ 10% ਪੱਕ ਗਿਆ ਹੈ ਤੇ ਉਹ ਸ੍ਰੀ ਲੰਕਾ ਦੀ ਜਨਤਾ ਵਿੱਚ ਬੇਹੱਦ ਬਦਨਾਮ ਹੈ। ਉਸ ਦੇ ਖਿਲਾਫ ਭ੍ਰਿਸ਼ਟਾਚਾਰ ਤੇ ਸਰਕਾਰੀ ਪੈਸਾ ਗਬਨ ਕਰਨ ਦੇ ਅਨੇਕਾਂ ਕੇਸ ਅਦਾਲਤਾਂ ਵਿੱਚ ਚੱਲ ਰਹੇ ਹਨ ਜਿਨ੍ਹਾਂ ਨੂੰ ਉਸ ਦੇ ਤਾਕਤਵਰ ਰਾਸ਼ਟਰਪਤੀ ਭਰਾ ਵੀ ਖਤਮ ਨਹੀਂ ਕਰਵਾ ਸਕੇ। ਅਸਤੀਫਾ ਦੇਣ ਤੋਂ ਬਾਅਦ ਉਹ ਕਿਸੇ ਅਗਿਆਤ ਜਗ੍ਹਾ 'ਤੇ ਲੁਕਿਆ ਬੈਠਾ ਹੈ ਤੇ ਉਸ ਦਾ ਘਰ ਘਾਟ ਅਤੇ ਮਹਿੰਗੀਆਂ ਗੱਡੀਆਂ ਅੰਦੋਲਨਕਾਰੀਆਂ ਨੇ ਫੂਕ ਦਿੱਤੀਆਂ ਹਨ। ਉਸ ਦਾ ਲੜਕਾ ਸ਼ਾਸ਼ੀਂਦਰਾ ਰਾਜਪਕਸ਼ਾ ਵੀ ਗੋਟਾਬਾਇਆ ਸਰਕਾਰ ਵਿੱਚ ਮੰਤਰੀ ਸੀ।

ਚਮਾਲ ਰਾਜਪਕਸ਼ਾ – ਚਮਾਲ ਰਾਜਪਕਸ਼ਾ ਇਸ ਪਰਿਵਾਰ ਦਾ ਸਭ ਤੋਂ ਵੱਡਾ ਭਰਾ ਹੈ।ਮਹਿੰਦਾ ਰਾਜਪਕਸ਼ਾ ਦੇ ਰਾਸ਼ਟਰਪਤੀ ਕਾਲ ਸਮੇਂ ਉਹ ਪਾਰਲੀਮੈਂਟ ਦਾ ਸਪੀਕਰ ਅਤੇ ਜਹਾਜ਼ਰਾਨੀ ਅਤੇ ਹਵਾਬਾਜ਼ੀ ਮੰਤਰੀ ਰਿਹਾ ਹੈ।ਉਹ ਗੋਟਾਬਾਇਆ ਦੇ ਰਾਜ ਸਮੇਂ 22 ਨਵੰਬਰ 2019 ਤੋਂ ਲੈ ਕੇ 3 ਅਪਰੈਲ 2022 ਨੂੰ ਅਸਤੀਫਾ ਦੇਣ ਤੱਕ, ਮੰਤਰੀ ਸੀ ਤੇ ਉਸ ਕੋਲ ਸਿੰਚਾਈ, ਉਦਯੋਗ, ਖੇਤੀਬਾੜੀ, ਸਿੰਚਾਈ ਅਤੇ ਪੇਂਡੂ ਵਿਕਾਸ ਸਮੇਤ ਅਨੇਕਾਂ ਮਹੱਤਵਪੂਰਣ ਮਹਿਕਮੇ ਸਨ। ਮਹਿੰਦਾ ਅਤੇ ਗੋਟਬਾਇਆ ਰਾਜਪਕਸ਼ਾ ਦੀ ਨਿੱਜੀ ਸੁਰੱਖਿਆ ਦਾ ਇੰਚਾਰਜ ਹੋਣ ਕਾਰਨ ਉਸ ਨੂੰ ਸ੍ਰੀ ਲੰਕਾ ਵਿੱਚ ਬਾਡੀਗਾਰਡ ਕਹਿ ਕੇ ਪੁਕਾਰਿਆ ਜਾਂਦਾ ਹੈ।

ਨਾਮਾਲ ਰਾਜਪਕਸ਼ਾ – ਨਾਮਾਲ ਰਾਜਪਕਸ਼ਾ, ਮਹਿੰਦਾ ਰਾਜਪਕਸ਼ਾ ਦਾ ਸਭ ਤੋਂ ਵੱਡਾ ਲੜਕਾ ਸੀ ਜਿਸ ਨੂੰ ਭਵਿੱਖ ਦੇ ਰਾਸ਼ਟਰਪਤੀ ਵਜੋਂ ਤਿਆਰ ਕੀਤਾ ਜਾ ਰਿਹਾ ਸੀ। ਉਹ 2010 ਵਿੱਚ ਸਿਰਫ 24 ਸਾਲ ਦੀ ਉਮਰ ਵਿੱਚ ਪਾਰਲੀਮੈਂਟ ਲਈ ਚੁਣਿਆ ਗਿਆ ਤੇ ਇਸ ਵੇਲੇ ਖੇਡ ਅਤੇ ਯੁਵਕ ਭਲਾਈ ਮੰਤਰੀ ਵਜੋਂ (12 ਅਗਸਤ 2020 ਤੋਂ 3 ਅਪਰੈਲ 2022 ਤੱਕ) ਕੰਮ ਰਿਹਾ ਸੀ। ਇਸ ਅੰਦੋਲਨ ਕਾਰਨ ਉਸ ਨੂੰ ਵੀ ਅਸਤੀਫਾ ਦੇਣਾ ਪਿਆ ਅਤੇ ਇਸ ਵੇਲੇ ਉਹ ਆਪਣੇ ਪਿਤਾਨਾਲ ਜਲ ਸੈਨਾ ਦੀ ਛਾਉਣੀ ਵਿੱਚ ਸ਼ਰਣ ਲਈ ਬੈਠਾ ਹੈ।ਆਪਣੇ ਮੰਤਰੀ ਕਾਲ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਉਸ 'ਤੇ ਭ੍ਰਿਸ਼ਟਾਚਾਰ ਦੇ ਅਨੇਕ ਦੋਸ਼ ਲੱਗ ਗਏ ਸਨ ਤੇ ਉਸ ਦੇ ਖਿਲ਼ਾਫ ਸ੍ਰੀ ਲੰਕਾ ਦੇ ਪ੍ਰਸਿੱਧ ਰਗਬੀ ਖਿਡਾਰੀ ਵਾਸੀਮ ਤਾਜੁਦੀਨ ਦੇ ਕਤਲ ਦੀ ਜਾਂਚ ਵੀ ਚੱਲ ਰਹੀ ਹੈ।

# ਵਿਰੋਧੀਆਂ ਤੇ ਤਾਂ ਸਾਰੇ ਈ ਕਰਦੇ ਨੇ, ਕੀ ਕਦੇ ਆਪਣਿਆਂ ਉੱਪਰ ਕੀਤੀ ਹੈ ਭਗਵੰਤ ਮਾਨ ਵਰਗੀ ਕਾਰਵਾਈ?



ਜਸਵੀਰ ਸ਼ਰਮਾ ਦੱਦਾਹੂਰ

ਜਸਵੀਰ ਸ਼ਰਮਾਂ ਦੱਦਾਹੂਰ
95691-49556
ਸ੍ਰੀ ਮੁਕਤਸਰ ਸਾਹਿਬ

ਜਦੋਂ ਤੋਂ ਆਮ ਆਦਮੀ ਪਾਰਟੀ ਸਰਕਾਰ ਭਾਰੀ ਬਹੁਮਤ ਨਾਲ ਸੱਤਾ ਵਿੱਚ ਆਈ ਹੈ ਉਸੇ ਦਿਨ ਤੋਂ ਹੀ ਅਲੱਗ ਅਲੱਗ ਚਰਚਾਵਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਵਿਰੋਧੀਆਂ ਦਾ ਤਾਂ ਆਪਾਂ ਸਭਨਾਂ ਨੂੰ ਪਤਾ ਹੈ ਕਿ ਕੀ ਰੀਐਕਸ਼ਨ ਕਰਨਾ ਹੁੰਦਾ ਹੈ । ਹਰ ਕੰਮ ਵਿੱਚ,ਉਹ ਕਿਸੇ ਤੋਂ ਵੀ ਗੁੱਝਾ ਨਹੀਂ ਹੈ। ਆਪਣਿਆਂ ਵੱਲੋਂ ਵੀ ਲਗਾਤਾਰ ਚਰਚਾਵਾਂ ਦਾ ਬਾਜ਼ਾਰ ਗਰਮ ਰਹਿੰਦਾ ਹੈ,ਕਿ ਵਾਕਿਆ ਹੀ ਜੇਕਰ ਕੋਈ ਸਰਕਾਰ ਇਮਾਨਦਾਰ ਆਈ ਹੈ ਤਾਂ ਉਹ ਇਹੀ ਈ ਭਾਵ ਆਮ ਆਦਮੀ ਪਾਰਟੀ ਹੀ ਹੈ,ਖੈਰ ਇਹ ਵੀ ਕਹਾਵਤ ਹੈ ਕਿ ਘੁਮਿਆਰੀ ਤਾਂ ਹਮੇਸ਼ਾ ਆਪਣਾ ਹੀ ਭਾਂਡਾ ਸਲਾਹੁੰਦੀ ਹੈ। ਪਰ ਜੇਕਰ ਸਲਾਹੁਣਯੋਗ ਭਾਂਡਾ ਹੋਵੇਗਾ ਤਾਂ ਹੀ ਸਲਾਹਿਆ ਜਾਵੇਗਾ,ਜੇ ਪਾਣੀ ਪਾਉਂਦਿਆਂ ਸਾਰ ਹੀ ਭਾਂਡਾ ਚੋਣ ਲੱਗ ਪਏ ਤਾਂ ਕੌਣ ਸਲਾਹੂ, ਜੇਕਰ ਕੋਈ ਕੋਲ ਖੜ੍ਹਾ ਹੋਵੇਗਾ ਤਾਂ ਉਹ ਧਨੇਸੜੀ ਵੀ ਦੇਣ ਲੱਗਿਆਂ ਦੇਰ ਨਹੀਂ ਲਾਊਗਾ।

ਖ਼ੈਰ ਜਦੋਂ ਦੀ ਮਾਨ ਸਾਹਿਬ ਦੀ ਸਰਕਾਰ ਭਾਰੀ ਬਹੁਮਤ ਨਾਲ ਸੱਤਾ ਵਿੱਚ ਆਈ ਹੈ ਉਦੋਂ ਤੋਂ ਲੈਕੇ ਹੀ ਬਹੁਤ ਵਧੀਆ ਜੱਗੋਂ ਨਿਆਰੇ ਫੈਸਲੇ ਲਏ ਜਾ ਰਹੇ ਹਨ,ਜਿਸ ਕਾਰਨ ਜੇਕਰ ਕਹਿ ਲਈਏ ਕਿ ਵਿਰੋਧੀਆਂ ਦੀ ਬੋਲਤੀ ਬੰਦ ਹੋ ਗਈ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।ਜੋ ਅੱਜ ਤੱਕ 75 ਸਾਲਾਂ ਤੋਂ ਕਿਸੇ ਵੀ ਸਰਕਾਰ ਤੋਂ ਨਹੀਂ ਹੋਏ ਉਹ ਇਤਹਾਸਕ ਫੈਸਲੇ ਮਾਨ ਸਾਹਿਬ ਨੇ ਕਰ ਵਿਖਾਏ। ਇੱਕ ਪੈਂਸ਼ਨ, ਨਜਾਇਜ਼ ਕਬਜ਼ੇ ਛੁਡਵਾਉਣੇ,ਜਲਦੀ ਦਿੱਲੀ ਏਅਰਪੋਰਟ ਤੇ ਸਰਕਾਰੀ ਬੱਸਾਂ ਦੀ ਇੰਟਰੀ, ਹੁਣੇ ਹੁਣੇ ਪੰਜਾਬੀ ਭਾਸ਼ਾ ਵਿੱਚ ਵਿਗਿਆਨ ਦੀ ਪੜਾਈ ਸਕੂਲ਼ਾਂ ਵਿੱਚ ਕਰਵਾਉਣ ਦੀ ਤਿਆਰੀ, ਨੌਕਰੀਆਂ ਦੀਆਂ ਵਕੈਂਸੀਆਂ,ਨਸ਼ਿਆਂ ਤੇ ਕਾਬੂ ਪਾਉਣ ਲਈ ਖੁਦ ਆਪ ਕੁੱਦਣਾ,ਵੀ ਆਈ ਪੀ ਸਕਿਊਰਟੀ ਵਾਪਸ ਲੈਣੀ, ਕਿਸਾਨਾਂ ਦੀਆਂ ਜਾਇਜ਼ ਮੰਗਾਂ ਉਹਨਾਂ ਕੋਲ ਜਾ ਕੇ ਜੱਫੀਆਂ ਪਾਕੇ ਵਧੀਆ ਮਹੌਲ ਚ ਗੱਲਬਾਤ ਰਾਹੀਂ ਮੰਨਣੀਆਂ, 75 ਮਹੱਲਾ ਕਲਿਨਿਕ ਜਲਦੀ ਖੋਲ੍ਹਣੇ, 117 ਸਮਾਰਟ ਸਕੂਲ ਜਲਦੀ ਖੋਲ੍ਹਣੇ ਆਦਿ। ਬਹੁਤ ਹੈਰਾਨੀ ਹੁੰਦੀ ਹੈ ਕਿ ਇਹੋ ਜਿਹੇ ਇਤਿਹਾਸਕ ਫੈਸਲੇ ਸਿਰਫ਼ ਦੋ ਮਹੀਨਿਆਂ ਵਿੱਚ ਲੈਣਾ ਇੱਕ ਮੀਲ ਪੱਥਰ ਨਹੀਂ ? ਉਹਨਾਂ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਜੋ ਸਰਕਾਰ ਦੀਆਂ ਇਨ੍ਹਾਂ ਉਪਲੱਬਧੀਆਂ ਨੂੰ ਜੱਗ ਜ਼ਾਹਰ ਕਰਨ ਦੀ ਬਜਾਏ ਇਨ੍ਹਾਂ ਨੂੰ ਲਕੋ ਕੇ ਸਿਆਸੀ ਰੋਟੀਆਂ ਸੇਕਣ ਦੀ ਰੌਅ ਵਿੱਚ ਹਨ। ਹੁਣੇ ਹੁਣੇ ਸਿਹਤ ਮੰਤਰੀ ਵਿਜੇ ਸਿੰਗਲਾ ਸਾਹਿਬ ਦਾ ਭ੍ਰਿਸ਼ਟਾਚਾਰ ਵਿੱਚ ਲਿਪਤ ਹੋਇਆਂ ਨੂੰ ਬਰਖਾਸਤ ਕਰਨਾ ਤੇ ਫਿਰ ਆਪ ਹੀ ਗ੍ਰਿਫਤਾਰ ਕਰਵਾਉਣਾ? ਜਿੰਨੀ ਵੀ ਇਸ ਗੱਲ ਦੀ ਸ਼ਲਾਘਾ ਕੀਤੀ ਜਾਵੇ ਉਨੀ ਹੀ ਥੋੜੀ ਹੈ। ਭਾਵੇਂ ਵਿਰੋਧੀਆਂ ਵੱਲੋਂ ਭਾਵੇਂ ਆਪਣਿਆਂ ਵੱਲੋਂ, ਜਦੋਂ ਦਾ ਦੇਸ਼ ਆਜ਼ਾਦ ਹੋਇਆ ਹੈ ਉਦੋਂ ਤੋਂ ਲੈਕੇ ਹੁਣ ਤੱਕ ਹੋਰ ਰਾਜਾਂ ਦਾ ਤਾਂ ਪਤਾ ਨਹੀਂ ਪਰ ਪੰਜਾਬ ਵਿੱਚ ਇਹ ਪਹਿਲੀ ਵਾਰ ਇੱਕ ਇਤਹਾਸਕ ਗੱਲ ਹੋਈ ਆ,ਹੋਰ ਬਦਲਾਅ ਕੀਹਨੂੰ ਕਿਹਾ ਜਾਵੇਗਾ ਪੰਜਾਬ ਵਾਸੀ–, ਇੱਕ ਪਹਿਲੀ ਸਰਕਾਰ ਸੀ ਉਹਦੇ ਵਿੱਚ ਸ਼ਰੇਆਮ ਵਿਦਿਆਰਥੀਆਂ ਦੇ ਵਜ਼ੀਫ਼ੇ ਖਾਧੇ ਗਏ ਸਨ,ਕੀ ਕੋਈ ਕਾਰਵਾਈ ਹੋਈ ਸੀ,ਇਹ ਗੱਲ ਤਾਂ ਜੱਗ ਜਾਹਿਰ ਹੈ? ਸ਼ਾਬਾਸ਼ ਭਗਵੰਤ ਮਾਨ ਸਾਹਿਬ ਜੀ ਨਹੀਂ ਰੀਸਾਂ ਤੁਹਾਡੀਆਂ, ਅਕਸਰ ਤੁਸੀਂ ਸਿਆਸਤ ਦੀ ਗੁੜ੍ਹਤੀ ਕਿਸ ਤੋਂ ਲਈ ਹੈ, ਅਰਵਿੰਦ ਕੇਜਰੀਵਾਲ ਸਾਹਿਬ ਤੋਂ, ਉਨਾਂ ਦੇ ਪਦ ਚਿੰਨ੍ਹਾਂ ਤੇ ਚਲਦਿਆਂ ਤੁਹਾਨੂੰ ਤੁਹਾਡੇ ਆਪਣੇ ਮਿਸ਼ਨ ਤੋਂ ਕੋਈ ਵੀ ਮਾਈ ਦਾ ਲਾਲ ਨਹੀਂ ਰੋਕ ਸਕਦਾ। ਅੱਜ ਅਰਵਿੰਦ ਕੇਜਰੀਵਾਲ ਸਾਹਿਬ ਦੇ ਵੀ ਪਿਆਰ ਮੁਹੱਬਤ ਦੇ ਅਥਰੂ ਵੇਖੇ ਗਏ, ਉਹਨਾਂ ਨੂੰ ਤੁਹਾਡੇ ਤੇ ਮਾਣ ਹੈ, ਤੁਸੀਂ –ਨਾਂ ਦੀ ਸੋਚ ਤੇ ਪਹਿਰਾ ਦੇ ਕੇ ਇੱਕ ਸੱਚੇ ਦੋਸਤ, ਇੱਕ ਸੱਚੇ ਸਿਖਿਆਰਥੀ, ਇੱਕ ਸੱਚੇ ਸੇਵਕ ਦਾ ਜੋ ਰੋਲ ਅਦਾ ਕੀਤਾ ਹੈ ਉਸ ਨੂੰ ਸਦਾ ਸਿਜਦਾ ਹੈ।ਆਮ ਵਿਰੋਧੀ ਪਾਰਟੀਆਂ ਦੇ ਮੂੰਹੋਂ ਇਹ ਸੁਣ ਰਹੇ ਹਾਂ ਕਿ ਹੁਣ ਪੰਜਾਬ ਸਰਕਾਰ ਦਿੱਲੀ ਤੋਂ ਚੱਲੇਗੀ,ਕੀ ਕਿਸੇ ਤੋਂ ਕੋਈ ਚੰਗੀ ਗੱਲ ਚੰਗੀ ਰਾਇ ਪੰਜਾਬ ਤੇ ਪੰਜਾਬੀਅਤ ਦੀ ਭਲਾਈ ਲਈ ਹੋਵੇ ਤਾਂ –ਸ ਨੂੰ ਲੈ ਲੈਣ ਵਿੱਚ ਹਰਜ ਵੀ ਕੀ ਹੈ, ਜੇਕਰ ਕੋਈ ਗੱਲ ਚੰਗੀ ਨਹੀਂ ਲਗਦੀ ਤਾਂ –ਹਨੂੰ ਛੱਡ ਦਿ–।ਪਰ ਵਿਰੋਧੀਆਂ ਨੇ ਤਾਂ ਟੰਗਾਂ ਹੀ ਆੜਾਉਣੀਆਂ ਹੁੰਦੀਆਂ ਨੇ ਸੋ ਬਹੁਤੇ ਅੜਾ ਵੀ ਰਹੇ ਨੇ, ਅਤੇ ਕਈ ਵਿਰੋਧੀਆਂ ਵੱਲੋਂ ਵੀ ਭਗਵੰਤ ਮਾਨ ਦੇ ਕੰਮਾਂ ਦੇ ਸੋਹਲੇ ਗਾਏ ਜਾ ਰਹੇ ਹਨ,ਆਹ ਹੁਣੇ ਹੁਣੇ ਭਾਰਤੀ ਜਨਤਾ ਪਾਰਟੀ ਦੇ ਵਿੱਚ ਗਏ ਸੁਨੀਲ ਜਾਖੜ ਸਾਹਿਬ ਨੇ ਭਗਵੰਤ ਮਾਨ ਦੇ ਕੰਮਾਂ ਦੀ ਰੱਜ ਕੇ ਤਾਰੀਫ ਕੀਤੀ ਹੈ, ਹੋਰ ਵੀ ਅਨੇਕਾਂ ਵਿਰੋਧੀਆਂ ਨੇ ਭਗਵੰਤ ਮਾਨ ਦੇ ਕੰਮਾਂ ਦੀ ਤਾਰੀਫ਼ ਕੀਤੀ ਹੈ ਕਰਨੀ ਵੀ ਚਾਹੀਦੀ ਹੈ ਜੋ ਇਨਸਾਨ ਚੰਗਾ ਕੰਮ ਕਰਦਾ ਹੈ ਉਸ ਦੇ ਮੋਢੇ ਨਾਲ ਮੋਢਾ ਜੇਕਰ ਨਹੀਂ ਲਾ ਸਕਦੇ ਤਾਂ ਘੱਟੋ ਘੱਟ ਮੂੰਹੋਂ ਚੰਗੇ ਕੰਮਾਂ ਨੂੰ ਸਲਾਹੁਣਾ ਹਰ ਇੱਕ ਦਾ ਫਰਜ਼ ਹੈ।ਹੁਣ ਇੱਕ ਹੋਰ ਨਵਾਂ ਸ਼ੋਸ਼ਾ ਸੁਣਨ ਨੂੰ ਮਿਲਿਆ ਹੈ ਕਿ ਪਹਿਲਾਂ ਚੰਡੀਗੜ੍ਹ ਤੇ ਮੋਹਾਲੀ ਵਿਚੋਂ ਨਜਾਇਜ਼ ਕਬਜ਼ੇ ਛੁਡਾ– ਤਾਂ ਮੰਨਾਂਗੇ, –ਹ ਭਲਿ–ਮਾਣਸੋ ਕੋਈ ਸਮਾਂ ਤਾਂ ਦਿ– ਕੋਹ ਨਾ ਚੱਲੀ ਬਾਬਾ ਤਿਹਾਈ।ਦੋ ਮਹੀਨੇ ਦਾ ਸਮਾਂ ਹੋਇਆ ਹੈ ਤੇ ਕੰਮ ਹੋ ਰਹੇ ਨੇ, ਜਦੋਂ ਮੁਹਾਲੀ ਤੇ ਚੰਡੀਗੜ੍ਹ ਵਿੱਚੋਂ ਕਬਜ਼ੇ ਛੁਡਾ ਲਏ ਮੰਨਣਾ ਤੁਸੀਂ ਫਿਰ ਵੀ ਨਹੀਂ। ਪਰ ਮਾਨ ਸਾਹਿਬ ਜੀ ਜੋ ਇਸ ਸਮੇਂ ਲੁਕਾਈ ਦੇ ਮੂੰਹ ਤੇ ਗੱਲ ਹੈ –ਹ ਇਹ ਆ ਕਿ ਤੁਸੀਂ ਬਹੁਤ ਵਧੀਆ ਕੰਮ ਕਰ ਰਹੇ ਹੋਂ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦਿਆਂ ਨੂੰ ਹੌਲੀ ਹੌਲੀ ਪੂਰਾ ਕਰ ਰਹੇ ਹੋਂ, ਬਹੁਤ ਵਧੀਆ ਗੱਲ ਹੈ ਤੁਹਾਡੇ ਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਮਾਣ ਹੈ ਭਾਵੇਂ ਕੋਈ ਦੇਸ਼ ਵਿੱਚ ਹੈ ਜਾਂ ਵਿਦੇਸ਼ ਵਿੱਚ,ਪਰ ਸੱਭ ਤੋਂ ਪਹਿਲਾਂ ਨਸ਼ਿਆਂ ਨੂੰ ਜ਼ਰੂਰ ਠੱਲ ਪਾ– ਕਿਉਂਕਿ ਹਰ ਪੰਜਾਬ ਦਾ ਭਲਾ ਚਾਹੁਣ ਵਾਲਿਆਂ ਵੱਲੋਂ ਤੁਹਾਨੂੰ ਸਨਿਮਰ ਇਹੀ ਬੇਨਤੀ ਹੈ,ਬਾਕੀ ਕੰਮ ਬੇਸ਼ੱਕ ਥੋੜਾ ਰੁਕ ਕੇ ਕਰ ਲੈਣੇ ਪਰ ਨਸ਼ਿਆਂ ਨੂੰ ਸੱਭ ਤੋਂ ਪਹਿਲਾਂ ਰੋਕੋ। ਘਰਾਂ ਦੇ ਘਰ ਤਬਾਹ ਹੋਈ ਜਾ ਰਹੇ ਹਨ, ਵਸਦੇ ਘਰ ਉਜੜ ਰਹੇ ਹਨ, ਤੁਸੀਂ ਪੰਜਾਬ ਦੇ ਹਿਤੈਸ਼ੀ ਹੋਂ ਇਸ ਵਿੱਚ ਕਿਸੇ ਵੀ ਪੰਜਾਬੀ ਨੂੰ ਰਤਾ ਭਰ ਵੀ ਸ਼ੱਕ ਨਹੀਂ, ਤੁਸੀਂ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੋਂ ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਹੈ, ਤੁਸੀਂ ਅਕਸਰ ਸਟੇਜਾਂ ਤੋਂ ਬੋਲਦੇ ਹੋਂ ਕਿ ਨੀਤ ਚ ਖੋਟ ਨਾ ਹੋਵੇ ਤਾਂ ਕੋਈ ਵੀ ਕੰਮ ਕਦੇ ਔਖਾ ਨਹੀਂ ਹੁੰਦਾ। ਬਿਲਕੁਲ ਸੱਚ ਹੈ।ਬੱਸ ਪੰਜਾਬੀਆਂ ਵੱਲੋਂ ਇੱਕੋ ਇੱਕ ਇਹੀ ਅਪੀਲ ਹੈ ਕਿ ਨਿਧੜਕ ਹੋ ਕੇ ਆਪਣੇ ਕੀਤੇ ਵਾਅਦਿਆਂ ਨੂੰ ਪੂਰੇ ਕਰਦੇ ਚੱਲੋ ਪੰਜਾਬ ਤੇ ਪੰਜਾਬੀ ਸਦਾ ਤੁਹਾਡੇ ਨਾਲ ਨੇ। ਪਹਿਲਾਂ ਜਿਹਾ ਹਸਦਾ ਵਸਦਾ ਪੰਜਾਬ ਇੱਕ ਦਿਨ ਦੁਬਾਰਾ ਜ਼ਰੂਰ ਬਣੇਗਾ।



# ਜੂਨ ਮਹੀਨੇ ਦੀਆਂ ਕੌੜੀਆਂ ਯਾਦਾਂ ਤੇ ਪੰਥਕ ਸਰੋਕਾਰ

ਅਮਰੀਕ ਸਿੰਘ ਸ਼ੇਰ ਖਾਂ
98157-58466

ਜੂਨ ਦਾ ਮਹੀਨਾ ਪੰਜਾਬੀ ਖਿੱਤੇ ਵਿੱਚ ਅਤਿ–ਗਰਮੀ ਦਾ ਮਹੀਨਾ ਹੈ।ਇਹ ਮਹੀਨਾ ਸਿੱਖ ਮਾਨਸਿਕਤਾ ਨਾਲ ਬੜਾ ਨੇੜਿਓਂ ਜੁੜਿਆ ਹੋਇਆ ਹੈ। ਇਤਿਹਾਸ ਦੇ ਆਰ–ਪਾਰ ਗੁਜ਼ਰਦਿਆਂ ਜੇ ਨੀਝ ਨਾਲ ਤੱਕਿਆ ਜਾਵੇ ਤਾਂ ਇਸ ਮਹੀਨੇ ਚ ਵਾਪਰੀਆਂ ਦੋ ਹਿਰਦੇਵੇਧਕ ਘਟਨਾਵਾਂ ਨੇ ਸਿੱਖ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਛਲਣੀ–ਛਲਣੀ ਕਰ ਦਿੱਤਾ। ਪਹਿਲੀ ਘਟਨਾ ਸਾਨੂੰ ਅੱਜ ਤੋਂ ਲਗਭਗ ਚਾਰ ਕੁ ਸਦੀਆਂ ਪਿੱਛੇ ਜੂਨ 1606 ਈ: ਦਾ ਵਾਕਿਆ ਯਾਦ ਦਿਵਾਉਂਦੀ ਹੈ ਜਦ ਮੌਕੇ ਦੇ ਮੁਗਲ ਹਾਕਮ ਜਹਾਂਗੀਰ ਨੇ ਕੁਝ ਹਿੰਦੁਸਤਾਨੀ ਈਰਖਾਲੂਆਂ ਨਾਲ ਮਿਲ ਕੇ ਪੰਚਮ ਪਾਤਸ਼ਾਹ ਨੂੰ ਤੱਤੀ ਤਵੀ 'ਤੇ ਬਿਠਾ ਕੇ ਸਮੁੱਚੀ ਸਿੱਖ ਕੌਮ ਦੇ ਸਿਦਕ ਨੂੰ ਪਰਖਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਗੁਰੂ ਨਾਨਕ ਦਾ ਇਹ ਪੰਥ ਅੱਜ ਵੀ ਚੜ੍ਹਦੀ ਕਲਾ ਨਾਲ ਪੂਰੇ ਵਿਸ਼ਵ ਵਿੱਚ ਆਪਣਾ ਲੋਹਾ ਮਨਵਾ ਰਿਹੈ ਪਰ 'ਸੱਚੇ ਪਾਤਸ਼ਾਹ' ਨੂੰ ਤਸੀਹੇ ਦੇਣ ਵਾਲੇ ਜ਼ਾਲਮ ਮੁਗਲ ਹਾਕਮਾਂ ਦੇ ਵੰਸ਼ ਦਾ ਬੀਜ ਤੱਕ ਨਾਸ਼ ਹੋ ਚੁੱਕੈ।

ਦੂਜੀ ਘਟਨਾ ਫਿਰ ਜੂਨ ਦੇ ਪਹਿਲੇ ਹਫਤੇ ਪੰਚਮ ਪਾਤਸ਼ਾਹ ਦੇ ਪੀਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਵਾਪਰੀ।ਹੱਕੀ–ਮੰਗਾਂ ਲਈ ਜੂਝਦੇ ਕੁਝ ਜੁਝਾਰੂਆਂ ਸਮੇਤ ਵੱਡੀ ਗਿਣਤੀ ਵਿੱਚ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਇਕੱਤਰ ਹੋਈ ਆਮ ਸੰਗਤ ਵੀ ਇਸ ਮਾਰੂ ਹਮਲੇ ਦੌਰਾਨ ਜਾਮ–ਏ–ਸ਼ਹਾਦਤ ਪੀ ਗਈ ਜਿਸਦੀ ਗਿਣਤੀ ਹਜ਼ਾਰਾਂ ਵਿੱਚ ਕੀਤੀ ਜਾਂਦੀ ਹੈ।ਸਿੱਖਾਂ ਦੀ ਰਾਜਸੀ ਸ਼ਕਤੀ ਤੇ ਆਜ਼ਾਦ ਹਸਤੀ ਦੇ ਪ੍ਰਤੀਕ ਸ੍ਰੀ ਅਕਾਲ ਤਖਤ ਨੂੰ ਤਾਂ ਇਸ ਘੱਲੂਘਾਰੇ ਦੌਰਾਨ ਨੇਸਤੋ–ਨਾਬੂਦ ਕਰ ਦਿੱਤਾ ਗਿਆ।

ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਪਈਆਂ ਹਜ਼ਾਰਾਂ ਪੁਰਾਤਨ ਲਿਖਤਾਂ ਅਤੇ ਖਰੜਿਆਂ ਨੂੰ ਸਾਕਾ ਵਾਪਰਨ ਤੋਂ ਤੀਜੇ ਦਿਨ ਜਾਣ ਬੁਝ ਕੇ ਅੱਗ ਦੇ ਹਵਾਲੇ ਕਰ ਦਿੱਤਾ ਗਿਆ।ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਦਾ ਸੰਕਲਪ ਛੇਵੇਂ ਪਾਤਸ਼ਾਹ ਦੇ ਮਨ ਚ ਆਇਆ ਕੋਈ ਸੁੱਤੇ–ਸਿੱਧ ਵਲਵਲਾ ਮਾਤਰ ਨਹੀਂ ਸੀ ਸਗੋਂ ਇਸਦੀ ਉਸਾਰੀ ਪਿੱਛੇ ਗੁਰੂ ਅਰਜਨ ਸਾਹਿਬ ਦੇ ਆਖਰੀ ਸਮੇਂ ਉਚਾਰੇ ਹੋਏ ਉਹ ਬੋਲ ਵੀ ਕਾਰਜਸ਼ੀਲ ਸਨ ਜੋ ਉਹਨਾਂ ਨੇ ਤੱਤੀ ਤਵੀ ਤੇ ਬੈਠ ਕੇ ਤੱਤਾ ਰੇਤਾ ਕੋਮਲ ਸਰੀਰ 'ਤੇ ਪਵਾਉਂਦਿਆਂ ਆਪਣੇ ਨਜ਼ਦੀਕੀ ਸਿੱਖਾਂ ਨੂੰ ਕਹੇ ਸਨ ਕਿ ਬਾਲਕ ਹਰਿਗੋਬਿੰਦ ਨੂੰ ਗੁਰਗੱਦੀ ਤੇ ਬੈਠਾਉਂਦਿਆਂ ਇਹ ਸੰਕਲਪ ਦ੍ਰਿੜ ਕਰਵਾ ਦੇਣਾ ਕਿ ਰਾਜਸੀ ਤਾਕਤ ਤੋਂ ਬਗੈਰ ਧਰਮ ਨੂੰ ਜ਼ਿੰਦਾ ਰੱਖਣਾ ਨਾ–ਮੁਮਕਿਨ ਹੈ।

'ਅਕਾਲ ਤਖਤ' ਮਹਿਜ਼ ਇੱਕ ਇਮਾਰਤ ਦਾ ਨਾਂ ਨਹੀਂ ਸਗੋਂ ਇਹ ਇੱਕ ਸੰਸਥਾ ਦਾ ਨਾਂ ਹੈ ਜਿਸਦਾ ਸਥੂਲ ਦੇ ਨਾਲ ਨਾਲ ਆਪਣਾ ਇੱਕ ਸੂਖਮ ਵਜੂਦ ਹੈ। ਦੁਨਿਆਵੀ ਬਾਦਸ਼ਾਹਾਂ ਪ੍ਰਤੀ ਇਹ ਬੜੀ ਹਾਸੋ–ਹੀਣੀ ਗੱਲ ਹੈ ਕਿ ਜਿਹੜੇ ਲੋਕਾਂ ਨੇ ਸ੍ਰੀ ਅਕਾਲ ਤਖਤ ਨੂੰ ਇੱਕ ਇਮਾਰਤ ਵਜੋਂ ਹੀ ਸਮਝਿਆ, ਉਹ ਇਸਨੂੰ ਇਮਾਰਤੀ ਪੱਧਰ ਤੇ ਨੁਕਸਾਨ ਪਹੁੰਚਾਉਣ ਦੀਆਂ ਵਿਉਂਤਾਂ ਬਣਾਉਂਦੇ ਖੁਦ ਖਤਮ ਹੋ ਗਏ ਪਰ ਸ੍ਰੀ ਅਕਾਲ ਤਖਤ ਦੇ ਸਿਧਾਂਤ ਨੂੰ ਕਦੇ ਵੀ ਸਿੱਖਾਂ ਦੇ ਮਨਾਂ ਚੋਂ ਮਨਫੀ ਨਾ ਕਰ ਸਕੇ।

ਬੇਸ਼ੱਕ ਵੱਡੇ ਇਤਿਹਾਸਕ ਅੰਤਰਾਲ ਨਾਲ ਵਾਪਰੀਆਂ ਇਹਨਾਂ ਵੱਡੀਆਂ ਦੋ ਘਟਨਾਵਾਂ ਨੇ ਸਿੱਖ ਕੌਮ ਨੂੰ ਅਸਹਿ ਤੇ ਅਕਹਿ ਪੀੜਾ ਦਿੱਤੀ ਪਰ ਸਿੱਖ ਕੌਮ ਵਿੱਚ ਇਹ ਮੁਹਾਵਰਾ ਆਮ ਪ੍ਰਚੱਲਿਤ ਹੈ ਕਿ 'ਕੌਮਾਂ ਜਿਊਂਦੀਆਂ ਨਾਲ ਕੁਰਬਾਨੀਆਂ ਦੇ'। ਸੋ ਇਸ ਮੁਹਾਵਰੇ ਦੀ ਪ੍ਰਸੰਗਿਕਤਾ ਦੇ ਮੱਦੇਨਜ਼ਰ ਸਾਨੂੰ ਹਰ ਹੀਲੇ ਆਪਣੀ ਇੱਜ਼ਤ, ਅਣਖ ਤੇ ਆਬਰੂ ਨੂੰ ਬਾਇੱਜ਼ਤ ਕਾਇਮ ਰੱਖਦਿਆਂ ਸੇਵਾ–ਸਿਮਰਨ, ਸਬਰ–ਸੰਤੋਖ, ਖਿਮਾ–ਨਿਮਰਤਾ ਆਦਿਕ ਮੀਰੀ ਗੁਣਾਂ ਦਾ ਪੱਲਾ ਫੜਦਿਆਂ ਕੌਮ ਦੀ ਚੜ੍ਹਦੀ ਕਲਾ ਲਈ ਸਦੀਵ ਤਤਪਰ ਰਹਿਣਾ ਚਾਹੀਦਾ ਹੈ।ਇੱਕ ਅਕਾਲ ਦੇ ਪੁਜਾਰੀਆਂ ਨੂੰ ਇਹ ਗੱਲ ਆਪਣੇ ਮਨਾਂ ਵਿੱਚ ਦ੍ਰਿੜ ਕਰ ਲੈਣੀ ਚਾਹੀਦੀ ਹੈ ਕਿ ਪੰਥ ਦੀ ਚੜ੍ਹਦੀ ਕਲਾ ਵਿੱਚ ਹੀ 'ਸਰਬੱਤ ਦਾ ਭਲਾ' ਛੁਪਿਆ ਹੋਇਐ। ਆਓ! ਜੂਨ ਮਹੀਨੇ ਦੇ ਸੰਦਰਭ ਵਿਚ ਪੰਥਕ–ਏਕਤਾ ਰਾਹੀਂ ਮੰਦ ਪਏ ਪੰਥਕ–ਜਜ਼ਬੇ ਨੂੰ ਇੱਕ ਵਾਰ ਫੇਰ ਹਲੂਣਾ ਦੇਣ ਦਾ ਯਤਨ ਕਰੀਏ।

ਟਰੱਕ ਡਰਾਈਵਰਾਂ ਲਈ ਖੁਸ਼ਖ਼ਬਰੀ
ਕੰਮ ਤੋਂ ਬਾਦ ਆਪਣੇ ਟਰੱਕ ਨੂੰ ਰਾਤ ਸਮੇਂ ਕਿਸੇ ਸੁਰੱਖਿਅਤ ਯਾਰਡ ਵਿੱਚ ਹੀ ਪਾਰਕ ਕਰਨਾ ਚਾਹੁੰਦੇ ਹੋ।
ਰੇਟ ਵੀ ਸਸਤਾ ਹੋਵੇ
ਤੁਹਾਡੇ ਕੰਮ ਸ਼ੁਰੂ ਕਰਨ ਵਾਲੇ ਏਰੀਆ ਦੇ ਨੇੜੇ ਹੋਵੇ
ਗਰੈਵਲ ਟਰੱਕ 125 ਡਾਲਰ
ਟਰੈਕਟਰ 100 ਡਾਲਰ
ਫਲੀਟ ਲਈ ਚੰਗੇ ਰੇਟ
ਮਿਲ ਸਕਦੇ ਹਨ ਅਸੀਂ ਵਾਅਦਾ ਕਰਦੇ
ਹਾਂ ਜਦੋਂ ਤੁਸੀਂ ਸਾਨੂੰ ਕਾਲ ਕਰੋਂਗੇ ਤਾਂ **ਕੈਲਗਰੀ** ਵਿੱਚ
ਤੁਹਾਡੇ ਟਰੱਕ ਨੂੰ ਸੁਰੱਖਿਅਤ ਪਾਰਕਿੰਗ ਮਿਲ ਜਾਵੇਗੀ
ਈਸਟਹਿੱਲ ਸਟੋਰੇਜ ਹੁਣ ਖੁੱਲ ਗਿਆ ਹੈ
ਕਾਲ ਕਰੋ: ਜੌਹਨ 403 618 3076
EAST HILLS STORAGE

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।


ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500





# ਮੈਂ ਸੁੰਘਿਆ ਸੀ ਫੁੱਲ ਕਰਕੇ,ਪਿਆਰ ਰੌਂਅ ਗਿਆ ਹੱਡਾਂ ਦੇ ਵਿੱਚ ਮੇਰੇ

ਪੰਜਾਬੀ ਗੀਤਾਂ ਦੇ ਤੇਹ ਨੇ ਬੜੇ ਚੰਗੇ ਮਾੜੇ ਤਜਰਬੇ ਦਿੱਤੇ, ਕਦੇ ਕਦੇ ਕੋਈ ਅਜਿਹਾ ਵੀ ਆਖ ਦਿੰਦਾ ਕਿ ਮਨ ਨਿਰਾਸ਼ਾ ਵਿੱਚ ਚਲਾ ਜਾਂਦਾ. ਕਦੇ ਕਦੇ ਅਜਿਹਾ ਵੀ ਹੁੰਦੈ ਅਸੀਮ ਖ਼ੁਸ਼ੀ ਮਿਲਦੀ ਐ। ਮੈਂ ਇਹਨਾਂ ਚੰਗੇ ਮਾੜੇ ਪਲਾਂ ਨੂੰ ਤੁਹਾਡੇ ਨਾਲ ਸਾਂਝਾ ਕਰਦਾ ਰਹਿੰਦਾ ਹਾਂ। ਬਹੁਤ ਲੋਕੀ ਆਖਦੇ ਐ ਕਿ ਅਸੀਂ ਪੰਜਾਬੀ ਬੋਲੀ ਦੀ ਬਹੁਤ ਸੇਵਾ ਕੀਤੀ ਐ ਤੇ ਕਰ ਰਹੇ ਆਂ। ਪਰ ਸੱਚ ਜਾਣਿਓ ਮੈਂ ਪੰਜਾਬੀ ਬੋਲੀ ਦੀ ਸੇਵਾ ਨਹੀਂ ਕੀਤੀ ਸਗੋਂ ਪੰਜਾਬੀ ਬੋਲੀ ਨੇ ਮੇਰੀ ਬਹੁਤ ਸੇਵਾ ਕੀਤੀ ਐ।

ਇੱਕ ਦਿਨ ਦੁਪਹਿਰ ਵੇਲੇ ਮੈਂ ਆਪਣੇ ਮੋਟਰਸਾਈਕਲ ਉੱਪਰ ਮੇਰੇ ਸ਼ਹਿਰ ਮਾਨਸਾ ਤੋਂ ਥੋੜਾ ਬਾਹਰ ਠੂਠਿਆਂਵਾਲੀ ਰੋਡ ਤੇ ਜਾ ਰਿਹਾ ਸੀ. ਜਿਉਂ ਹੀ ਲਾਈਟਾਂ ਟੱਪ ਕੇ ਮੇਨ ਸੜਕ ਤੇ ਚੜਿਆ ਤਾਂ ਇੱਕ ਬਰੀਜਾ ਗੱਡੀ ਵਿੱਚ ਦੋ ਨਵੇਂ ਨਵੇਲੇ ਨੌਂਜਵਾਨ ਬੈਠੇ ਸਨ, ਉਹਨਾਂ ਵਿੱਚੋਂ ਡਰਾਈਵਰ ਸੀਟ ਤੇ ਬੈਠੇ ? ਨੌਂਜਵਾਨ ਨੇ ਮੈਨੂੰ ਦੇਖ ਕੇ ਸਿਰ ਨੀਵਾਂ ਕੀਤਾ ਤੇ ਮੈਂ ਵੀ ਉਸਦੇ ਜੁਆਬ ਵਿੱਚ ਸਿਰ ਨੀਵਾਂ ਕਰਕੇ ਅੱਗੇ ਲੰਘ ਗਿਆ। ਉਹਨਾਂ ਨੌਂਜਵਾਨਾਂ ਨੇ ਕਾਰ ਮੇਰੇ ਪਿੱਛੇ ਲਾ ਲਈ ਤੇ ਪੰਜ ਕੁ ਸੌ ਮੀਟਰ ਦੀ ਦੂਰੀ ਤੇ ਆਕੇ ਕਾਰ ਮੇਰੇ ਮੋਟਰਸਾਈਕਲ ਅੱਗੇ ਰੋਕ ਲਈ। ਡਰਾਈਵਰ ਸੀਟ ਤੇ ਬੈਠਾ ਨੌਂਜਵਾਨ ਝੱਟ ਤਾਕੀ ਖੋਲ ਥੱਲੇ ਆਇਆ, ਦੁਬਾਰਾ ਸਤਿ ਸ੍ਰੀ ਆਕਾਲ ਬੁਲਾ ਕੇ ਕਾਹਲੀ ਨਾਲ ਸੁਆਲ ਕੀਤਾ।

"ਅਸ਼ੋਕ ਬਾਂਸਲ ਜੀ" ? ਮੈਂ ਹਾਂ ਵਿੱਚ ਸਿਰ ਹਿਲਾ ਕੇ ਹਾਂ ਕਾਕਾ ਜੀ ਮੁਆਫ ਕਰਨਾ ਪਰ ਮੈਂ ਤੁਹਾਨੂੰ ਪਹਿਚਾਣਿਆ ਨਹੀਂ ! ਉਸਨੇ ਅੱਗੋਂ ਕਿਹਾ ਕਿ "ਤੁਸੀਂ ਮੈਨੂੰ ਨਹੀਂ ਜਾਣਦੇ ਮੈਂ ਤੁਹਾਨੂੰ ਜਾਣਦਾ ਹਾਂ ਤੇ ਪਿਛਲੇ ਦਸ ਵਰ੍ਹਿਆਂ ਤੋਂ ਤੁਹਾਨੂੰ ਫੋਲੋ ਕਰਦਾ ਹਾਂ। ਤੁਹਾਡੀਆਂ ਲਿਖਤਾਂ ਚੋਂ ਕਾਫੀ ਜਾਣਕਾਰੀ ਮਿਲਦੀ ਐ । ਮੈਂ ਪੰਜਾਬੀ ਗੀਤਾਂ ਨੂੰ ਬਹੁਤ ਪਿਆਰ ਕਰਦਾ ਹਾਂ । ਪੇਸ਼ੇ ਦੇ ਤੌਰ ਤੇ ਮੈਂ ਡਾਕਟਰ ਹਾਂ। ਮੇਰਾ ਨਾਮ ਡਾਕਟਰ ਗੁਰਬੰਤ ਸਿੰਘ ਭੁੱਲਰ ਹੈ । ਮੈਂ ਮੌੜ ਪ੍ਰੈਕਟਿਸ ਕਰਦਾ ਹਾਂ ।ਅੱਜ ਅਸੀਂ ਡਾਕਟਰ ਵਿਜੇ ਸਿੰਗਲਾ (ਸਿਹਤ ਮੰਤਰੀ ਪੰਜਾਬ) ਨੂੰ ਮਿਲਣ ਆਏ ਸਾਂ। ਮੇਰੇ ਨਾਲ ਇਹ ਸਤਿੰਦਰ ਪਾਲ ਹੈ, ਅਕਲੀਆ ਪਿੰਡ ਤੋਂ ਇਹ ਵੀ ਪੰਜਾਬੀ ਗੀਤਾਂ ਦਾ ਬੜਾ ਸ਼ੌਕੀਨ ਹੈ। ?ਡਾਕਟਰ ਸਾਹਿਬ ਦੇ ਤਾਇਆ ਜੀ ਦਾ ਲੜਕਾ ਹੈ" ਅੱਗੋਂ ਸਤਿੰਦਰ ਕਹਿੰਦੇ ਜੀ ਬਾਪਲੇ ਵਾਲਾ ਬਾਂਸਲ ਮੇਰਾ ਮਾਮਾ ਹੈ।

ਮੈਂ ਕਿਹਾ ਭਾਈ ਸੁਰੇਸ਼ ਬਾਂਸਲ ਤੇ ਮੇਰਾ ਭਰਾ ਐ , ਇਸ ਪੱਖੋਂ ਤਾਂ ਮੈਂ ਵੀ ਤੇਰਾ ਮਾਮਾ ਹੀ ਲੱਗਾ। ਸੁਰੇਸ਼ ਬਾਂਸਲ ਨੂੰ ਫੋਨ ਲਾ ਲਿਆ ਬੜਾ ਹਾਸਾ ਠੱਠਾ ਕੀਤਾ। ਡਾ ਗੁਰਬੰਤ ਭੁੱਲਰ ਮੈਨੂੰ ਕਹਿੰਦਾ ਬਾਂਸਲ ਸਾਹਿਬ ਮੇਰੇ ਦਿਲ ਦੀ ਇੱਕ ਰੀਝ ਐ !

"ਮੇਰੇ ਪਿਤਾ ਮੁਹੰਮਦ ਸਦੀਕ ਦੇ ਬਹੁਤ ਵੱਡੇ ਉਪਾਸ਼ਕ ਨੇ, ਹਰ ਗੱਲ ਵਿੱਚ ਸਦੀਕ ਦਾ ਹੀ ਜ਼ਿਕਰ ਕਰਦੇ ਨੇ, ਸਦੀਕ ਸਾਹਿਬ ਦੇ ਸਾਰੇ ਗੀਤ ਉਹਨਾਂ ਦੇ ਮੂੰਹ ਜ਼ੁਬਾਨੀ ਯਾਦ ਵੀ ਨੇ, ਮੇਰੀ ਇੱਛਾ ਐ ਕਿ ਫੁਰਸਤ ਦੇ ਪਲਾਂ ਵਿੱਚ ਮੈਂ ਪਿਤਾ ਜੀ ਨੂੰ ਸਦੀਕ ਸਾਹਿਬ ਨਾਲ ਮਿਲਾਵਾਂ ਤੇ ਉਹਨਾਂ ਨਾਲ ਪਿਤਾ ਜੀ ਦੀ ਇੱਕ ਤਸਵੀਰ ਖਿਚਵਾਵਾਂ"

ਝੱਟ ਮੈਂ ਫੋਨ ਕੱਢ ਸਦੀਕ ਸਾਹਿਬ ਨੂੰ ਡਾਇਲ ਕਰ ਲਿਆ। ?ਨਮਸਕਾਰ ਸਤਿ ਸ੍ਰੀ ਆਕਾਲ ਉਪਰੰਤ ?ਮੈਂ ਪੁੱਛਿਆ ਸਦੀਕ ਸਾਹਿਬ ਕਿੱਥੇ ਹੋ ? ਸਦੀਕ ਸਾਹਿਬ ਕਹਿੰਦੇ ਦਿੱਲੀ ਹਾਂ। ਮੈਂ ਕਿਹਾ ਜੀ ਚਲੋ ਰੁਝੇਵੇਂ ਵਿੱਚ ਹੋਵੋਗੇ , ਕਹਿੰਦੇ ਨਹੀਂ ਬਾਂਸਲ ਤੂੰ ਗੱਲ ਕਰ। ਮੈਂ ਸਾਰੀ ਵਾਰਤਾ ਦੱਸੀ ?। ਸਦੀਕ ਸਾਹਿਬ ਕਹਿੰਦੇ ਇਸ ਡਾਕਟਰ ਨਾਲ ਗੱਲ ਕਰਵਾ। ਉਸ ਵੇਲੇ ਡਾਕਟਰ ਦੇ ਚਿਹਰੇ ਤੇ ਖੁਸ਼ੀ ਦੇਖਣ ਵਾਲੀ ਸੀ ।ਦੋ ਢਾਈ ਮਿੰਟ ਗੱਲ ਕੀਤੀ, ਕਹਿੰਦੇ ਡਾਕਟਰ ਸਾਹਿਬ ਤੁਸੀਂ ਆਪਣਾ ਫੋਨ ਨੰਬਰ ਤੇ ਅਡਰੈਸ ਬਾਂਸਲ ਨੂੰ ਦਿਓ, ਮੈਂ ਤੁਹਾਡੇ ਘਰ ਖੁਦ ਆਵਾਂਗਾ।

ਕਲਾ ਦੀ ਕੋਈ ਜਾਤ ਨਹੀਂ ਹੁੰਦੀ. ਕਲਾ ਦਾ ਧਰਮ ਕਲਾਕਾਰੀ ਹੁੰਦੈ ਤੇ ਕਲਾਕਾਰ ਹਮੇਸ਼ਾ ਲੋਕ ਅਮਾਨਤ ਹੁੰਦੇ ਨੇ ।ਕਲਾ ਸਿਆਸਤ ਤੋਂ ਬਹੁਤ ਉੱਚੀ ਹੁੰਦੀ ਐ। ਲੱਗਭਗ ਡੇਢ ਘੰਟਾ ਅਸੀਂ ਸੜਕ ਤੇ ਖੜੇ ਹੀ ਗੱਲਾਂ ਕਰਦੇ ਰਹੇ। ਜਲਦੀ ਦੁਬਾਰਾ ਮਿਲਣ ਦੇ ਵਾਅਦੇ ਨਾਲ ਉਹਨਾਂ ਕਾਰ ਸਟਾਰਟ ਕੀਤੀ ਤੇ ਮੈ ਮੋਟਰਸਾਈਕਲ ਦੀ ਕਿੱਕ ਮਾਰੀ। ਜ਼ਿੰਦਗੀ ਜ਼ਿੰਦਾਬਾਦ ਦੀ ਸੋਚ ਨਾਲ ਸਾਰੇ ਆਪੋ ਆਪਣੇ ਰਾਹੇ ਪੈ ਗਏ।


ਤਸਵੀਰ ਵਿੱਚ ਡਾ ਗੁਰਬੰਤ ਭੁੱਲਰ ਤੇ ਤੁਹਾਡਾ ਅਸ਼ੋਕ ਬਾਂਸਲ

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਆਉ , ਆਪਣੇ ਸਿਰ ਚ ਸਵਾਹ ਪਾਈਏ !

ਆਉ , ਆਪਣੇ ਸਿਰ ਚ ਸਵਾਹ ਪਾਈਏ ! ਨਿੱਜ ਨੂੰ ਲਾਹਣਤ ਪਾਈਏ !

ਜਿੰਨਾ ਦੇਰ ਤੱਕ ਅਸੀਂ ਦਾਨੀ, ਦਾਤੇ, ਸਰਬੱਤ ਦਾ ਭਲਾ ਮੰਗਣ ਵਾਲੀ, ਦਲੇਰ, ਜਾਬਾਂਜ਼ ਤੇ ਨਿਰਾਲੀ ਕੌਮ ਹੋਣ ਦਾ ਭਰਮ ਪਾਲੀ ਫਿਰਾਂਗੇ ਉਦੋਂ ਤੱਕ ਮਾਪਿਆਂ ਦੇ ਜਵਾਨ ਪੁੱਤ ਅਣਹੋਣੀ ਦੀ ਭੇਟ ਚੜਦੇ ਰਹਿਣਗੇ !

ਕਿਉਂ ਅਸੀਂ ਇਹ ਨਹੀਂ ਕਹਿੰਦੇ ਕਿ ਅਸੀਂ ਆਮ ਸਧਾਰਣ ਲੋਕ ਹਾਂ ?

ਨਿੱਡਰ ਹੋਣਾ ਕਿੰਨੀ ਕੁ ਸਿਆਣਪ ਹੈ ?

ਮੈਨੂੰ ਪੰਜਾਬ ਦੀ ਸਿਆਸਤ ਬਾਰੇ ਬਹੁਤੀ ਸਮਝ ਨਹੀਂ ਪਰ ਕੁੱਝ ਲੋਕ ਸਰਕਾਰ ਤੇ ਕੁੱਝ ਗੈਂਗ ਕਲਚਰ ਨੂੰ ਜ਼ਿੰਮੇਵਾਰ ਦੱਸ ਰਹੇ ਹਨ !

ਮੰਨ ਲਿਆ ਕਿ ਇਹ ਦੋਨੋ ਬਰਾਬਰ ਦੇ ਜ਼ਿੰਮੇਵਾਰ ਹਨ !

ਪਰ ਕੀ ਅਸੀਂ ਸਹੀ ਹਾਂ ?

ਮੇਰੀ ਜਾਚੇ ਅਸੀਂ ਬੇਗੈਰਤ ਤੇ ਬੇਸ਼ਰਮ ਹਾਂ ।

ਸਰਕਾਰ ਤੇ ਗੈਂਗ ਕਲਚਰ ਨੂੰ ਕਸੂਰਵਾਰ ਦੱਸ ਤੋੜਾ ਝਾੜ ਅਸੀਂ ਫ਼ਾਰਗ ਹੋ ਗਏ ਹਾਂ । ਕਿਉਂਕਿ ਅਜਿਹਾ ਕਰਨਾ ਸੌਖਾ ਹੈ !

ਜੇ ਜੜ੍ਹਾਂ ਲੱਭਾਂਗੇ ਤਾਂ ਉਂਗਲੀ ਸਾਡੇ ਤੇ ਹੀ ਉੱਠੇਗੀ !

35 ਮਿੰਟ ਤੱਕ ਇੱਕ ਬੱਚਾ ਹਸਪਤਾਲ ਨਹੀਂ ਪਹੁੰਚਾਇਆ ਜਾ ਸਕਿਆ ?

ਸਕਿੰਟ ਵੀ ਜ਼ਿੰਦਗੀ ਤੇ ਮੌਤ ਦਾ ਫੈਸਲਾ ਤੈਅ ਕਰ ਦਿੰਦੇ ਹਨ !

ਕਿਸੇ ਨੇ ਜਵਾਨ ਪੁੱਤ ਨੂੰ ਕਲਾਵੇ ਚ ਨਹੀਂ ਲਿਆ, ਬੁੱਕਲ਼ ਚ ਨਹੀਂ ਲਿਆ, ਨਬਜ਼ ਨਹੀਂ ਦੇਖੀ, ਮੂੰਹ ਚ ਪਾਣੀ ਨਹੀਂ ਪਾਇਆ ! ਖੁੱਲੇ ਕੇਸ ਕੱਠੇ ਨਹੀਂ ਕੀਤੇ !

ਕਿੱਥੇ ਸੀ ਸਾਡੀ ਅਣਖ ?

ਸਰਬੱਤ ਦਾ ਭਲਾ ਮੰਗਣ ਵਾਲੀ ਦਾਨੀ, ਸੂਰਬੀਰ ਤੇ ਯੋਧਿਆਂ ਦੀ ਉਂਗਲੀ ਵੀਡਿਉ ਦੇ ਬਟਨ ਤੇ ਰਹੀ।

ਇਸਦੇ ਕਸੂਰਵਾਰ ਮੌਕੇ ਤੇ ਪਹੁੰਚੇ ਲੋਕ ਹੀ ਨਹੀਂ ,ਅਸੀਂ ਵੀ ਉਹੀ ਹਾਂ ।ਉਹ ਸਾਡੇ ਹੀ ਅਕਸ ਹਨ ।ਸਮਾਜ ਦਾ ਸ਼ੀਸ਼ਾ ਹਨ !

ਆਉ , ਪੱਤਰਕਾਰ ਤੇ ਵਿਦਵਾਨ ਬਨਣ ਨਾਲ਼ੋਂ ਚੰਗੇ ਨਾਗਰਿਕ ਬਣੀਏ ।

ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿਣੀਆਂ ਨੇ ਬੱਸ ਮਾਪਿਆਂ ਨੂੰ ਪੁੱਤ ਨਹੀਂ ਲੱਭਣਾ ।

( ਲੰਮੇ ਸਮੇਂ ਤੋਂ ਇੰਗਲੈਂਡ ਵਸਦੀ ਪੰਜਾਬਣ ਪਰਮਿੰਦਰ ਕੌਰ ਹਾਰਫੋਰਡ ਦੀ ਫੇਸਬੁੱਕ ਉਪਰੋਂ ਸੋਗਮਈ ਮਾਹੌਲ ਦੌਰਾਨ ਵਿਚਾਰਨ ਵਾਲੀਆਂ ਲਾਈਨਾਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )



# ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ
403 590 9629



ਬੀਤੇ ਸਮਿਆਂ ਬਾਰੇ ਦਸਦਾ ਲੰਮੇ ਹਉਕੇ ਭਰਦਾ ਉਹ
ਫੇਰ ਅਚਾਨਕ ਚੁੱਪ ਹੋ ਜਾਂਦਾ ਗੱਲਾਂ ਕਰਦਾ ਕਰਦਾ ਉਹ।
(ਬਰਜਿੰਦਰ ਚੁਹਾਨ)

Language is the only ornament which decorates a man.

ਅੰਗ੍ਰੇਜ਼ੀ ਦੇ ਇਸ ਕਥਨ ਨਾਲ ਹੀ ਅੱਜ ਗੱਲ ਸ਼ੁਰੂ ਕਰਦੇ ਹਾਂ।ਸਾਡੇ ਅੰਦਰ ਪਲਦੇ ਅਹਿਸਾਸ ਨੂੰ ਹੀ ਸਾਡੇ ਬੋਲ ਲਿਬਾਸ ਬਖ਼ਸ਼ਦੇ ਹਨ। ਸਿਆਣੇ ਆਖਦੇ ਹਨ – ਕਮਲ਼ਾ ਕਾਸ ਤੋਂ ਜਾਣੀਏਂ ਬਸ ਗੱਲਾਂ ਤੋਂ ਪਹਿਚਾਣੀਏਂ। ਸਾਡੇ ਨਾਲ਼ ਗੱਲਾਂ ਕਰਦਾ ਆਦਮੀ ਕਿੰਨਾ ਹੋਛਾ, ਧੋਖੇਬਾਜ਼, ਹੰਕਾਰੀ, ਨਿਮਰ, ਮਿਲਾਪੜਾ ਜਾਂ ਸਹਿਯੋਗੀ ਹੈ ਇਸ ਦੀ ਥਾਹ ਪਾਉਣ ਲਈ ਸਾਨੂੰ ਪਰਖਣਾ ਪਏਗਾ ਉਸ ਦੇ ਬੋਲਾਂ ਵਿਚ ਕਿੰਨਾ ਵਜ਼ਨ ਹੈ, ਗੱਲਾਂ ਹੋਛੀਆਂ ਜਾਂ ਹੌਲ਼ੀਆਂ ਹਨ। ਕਈ ਲੋਕ ਜਦੋਂ ਗੱਲਾਂ ਕਰਦੇ ਹਨ ਉਨ੍ਹਾਂ ਦੇ ਬੋਲਾਂ ਵਿੱਚੋਂ ਖ਼ੁਸ਼ਬੂ ਪਸਰਦੀ ਹੈ ਜਿਵੇਂ ਮੂੰਹੋਂ ਫੁੱਲ ਕਿਰਦੇ ਹੋਣ। ਉਨ੍ਹਾਂ ਦਾ ਕਹਿਣ-ਢੰਗ, ਬੋਲ ਜਾਂ ਤਰਜ਼ ਇੰਨੀ ਮਿੱਠੀ ਤੇ ਦਿਲ ਨੂੰ ਧੂਹ ਪਾਉਣ ਵਾਲੀ ਹੁੰਦੀ ਹੈ ਜੋ ਸਰੋਤੇ ਨੂੰ ਕੀਲ ਲੈਂਦੀ ਹੈ। ਮਨ ਕਹਿ ਉਠਦਾ ਹੈ – ਤੇਰੇ ਤਾਂ ਬੋਲ ਹੀ ਕਵਿਤਾ, ਤੂੰ ਨਜ਼ਮ ਲੈ ਕੇ ਮੇਰੇ ਕੋਲ਼ ਨਾ ਆਇਆ ਕਰ। ਪਰ ਕਈ ਵਾਰੀ ਲੋੜੋਂ ਵੱਧ ਮਿੱਠੇ ਬੋਲਾਂ ਪਿਛਲੀ ਕਮੀਨਗੀ ਵੀ ਝਾਕਦੀ ਲਗਦੀ ਹੈ ਜਦੋਂ ਕਿ ਖਰ੍ਹਵੇ ਬੋਲਾਂ ਵਾਲ਼ੇ ਦੀ ਸੁੱਚਤਾ ਵੀ ਦਿਲੀ ਸਫ਼ਾਈ ਦਾ ਸਬੂਤ ਹੋ ਨਿਬੜਦੀ ਹੈ।

ਇੱਕ ਵਾਰੀ ਮੈਂ ਆਪਣੇ ਸਹਿਕਰਮੀ ਨਰਿੰਦਰ ਕਪੂਰ ਨੂੰ ਕਿਹਾ – ਮੈਂ ਤੁਹਾਡੇ ਨਾਲ ਕੋਈ ਗੱਲ ਕਰਨੀ ਹੈ। ਉਹ ਕਾਹਲ਼ੀ ਵਿਚ ਜਾ ਰਹੇ ਵੀ ਕਹਿ ਰਹੇ ਸਨ – ਤੁਸੀਂ ਆਇਓ ਆਪਣੀ ਗੱਲ ਕਰਨ, ਪਰ ਮੈਂ ਤੁਹਾਡੇ ਨਾਲ ਗੱਲਾਂ ਕਰਾਂਗਾ। ਇਉਂ ਬਾਤ ਦਾ ਹੁਗਾਰਾ ਹੀ ਪਲ਼ੀ ਅਪਣੱਤ ਦੀ ਗਵਾਹੀ ਭਰਦਾ ਹੈ। ਜੇ ਕੋਈ ਮਹਿਮਾਨ ਦਰਵਾਜ਼ੇ ਤੇ ਦਸਤਕ ਦੇਵੇ ਤਾਂ ਅੰਦਰੋਂ ਪੂਰੀ ਖਿੜੀ ਆਵਾਜ਼ ਸੁਣਦੀ ਹੈ – ਕਿਹੜਾ ਆ ਗਿਆ ਨਿਰਨੇ ਕਾਲ਼ਜੇ ਈ। ਉਸੇ ਦੇ ਜਵਾਬ ਵਿਚ ਆਹਟ ਸੁਣਦੇ ਹੀ ਸਵਾਗਤੀ ਬੋਲ ਸੁਣਦੇ ਹਨ – ਆਉਨੇ ਆਂ ਜੀ। ਇਉਂ ਹੀ ਕੋਈ ਔਰਤ ਪੂਰਾ ਸਵਾਦ ਖਾਣਾ ਬਣਾ ਕੇ ਪਰੋਸਦੀ ਆਖਦੀ ਹੈ – ਆਹ ਰਿੰਨ੍ਹਤਾ ਪਕਾਤਾ ਹੁਣ ਝੁਲਸ ਲੋ, ਮੈਂ ਤਾਂ ਥੱਕ ਗੀ। ਇਸ ਦੇ ਉਲਟ ਮੂੰਗੀ ਦੀ ਦਾਲ਼ ਤੇ ਚਾਰ ਪੱਤੇ ਹਰੇ ਧਨੀਏਂ ਦੇ ਭੁੱਕ ਕੇ ਸੱਦਾ ਦਿੰਦੀ ਹੈ – ਖਾਣਾ ਤਿਆਰ ਹੈ ਆ ਜੋ ਛਕ ਲੋ। ਇਸੇ ਨਾਲ ਮੂੰਹ ਦਾ ਸਵਾਦ ਹੋਰ ਹੋ ਜਾਂਦਾ ਹੈ। ਬੋਲਣ ਦੇ ਸਲੀਕੇ ਲਈ ਜ਼ਰੂਰੀ ਨਹੀਂ ਤੁਹਾਡੇ ਪੱਲੇ ਡਿਗਰੀਆਂ ਹੋਣ, ਵੱਡਾ ਰੁਤਬਾ ਹੋਵੇ ਜਾਂ ਅਮੀਰੀ ਹੋਵੇ। ਕਈ ਲੋਕ ਸਮਾਜਿਕ ਪ੍ਰਵਾਨਗੀ ਤੋਂ ਵਿਰਵੇ ਹੋ ਕੇ ਵੀ ਪੂਰੀ ਮਹਿਫ਼ਿਲ ਆਪਣੀਆਂ ਰਸਭਰੀਆਂ ਗੱਲਾਂ ਨਾਲ ਲੁੱਟਣ ਦੇ ਮਾਹਿਰ ਹੁੰਦੇ ਹਨ। ਪਰ ਕਈ ਲੋਕ ਖਾਸ ਕਰ ਕੇ ਮਰਦ ਗੱਲਾਂ ਕਰਦੇ ਹੋਏ ਗਾਲ਼ਾਂ ਦਾ ਤਕੀਆ ਕਲਾਮ ਵਰਤ ਕੇ ਨਮੋਸ਼ੀ ਨੂੰ ਥਾਂ ਕਰ ਲੈਂਦੇ ਹਨ। ਇਸ ਲਈ ਆਖਦੇ ਹਨ –ਗੱਲ ਕਹਿੰਦੀ ਤੂੰ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਪਿੰਡੋਂ ਕਢਵਾਦੂੰ। ਦੁਖ ਸੁਖ ਕਰਨ ਲਈ ਮਨ ਦੀ ਭੜਾਸ ਕੱਢਣ ਲਈ ਜਾਂ ਹੋਈ ਬੀਤੀ ਹੋਰ ਥਾਂ ਢੇਰੀ ਕਰਨ ਲਈ ਰੋਟੀ ਦੀ ਭੁੱਖ ਵਾਂਗ ਗੱਲਾਂ ਦੀ ਭੁੱਖ ਵੀ ਲਗਦੀ ਹੈ। ਰੱਖ ਰਖਾ ਦੀ ਤਹਿਜ਼ੀਬ ਪਾਲ਼ਦੇ ਕਈ ਲੋਕ ਰੱਜ ਕੇ ਗੱਲਾਂ ਕਰਨ ਨੂੰ ਥਾਂ ਭਾਲ਼ਦੇ ਹੀ ਸਭ ਅੰਦਰ ਦਫ਼ਨ ਕਰਦੇ ਕਈ ਰੋਗਾਂ ਨੂੰ ਸੱਦਾ ਦੇ ਲੈਂਦੇ ਹਨ। ਇਹ ਠੀਕ ਹੈ ਬਸ ਮੈਂ ਦੀ ਪਰਿਕਰਮਾ ਕਰੀ ਜਾਣਾ, ਦੇਹੀ ਦੁੱਖ ਦੱਸੀ ਜਾਣਾ, ਕੰਨ ਚ ਗੱਲ ਕਰਨਾ, ਗੱਡੀ ਕੱਚੇ ਲਾਹ ਲੈਣਾ, ਲਾ ਕੇ ਗੱਲ ਕਰਨਾ ਜਾਂ ਦੂਜੇ ਦੇ ਆਰ ਲਾਉਣਾ ਗੱਲਾਂ ਵਿਚਲੇ ਔਗੁਣ ਹਨ। ਕਈਆਂ ਦੇ ਜ਼ਬਾਨ ਦੀ ਥਾਂ ਆਰੀ ਲੱਗੀ ਹੁੰਦੀ ਹੈ। ਉਸ ਮੂੰਹੋਂ ਨਿਕਲਦੇ ਬੋਲਾਂ ਦੀ ਰੜਕ ਉਮਰ ਭਰ ਲਈ ਸੀਨਾ ਛਲਣੀ ਕਰੀ ਰਖਦੀ ਹੈ। ਕਈ ਵਾਰੀ ਸੁਣਦੇ ਹਾਂ- ਚੁਗਲਖ਼ੋਰ ਨਾ ਚੁਗਲੀਓਂ ਬਾਜ਼ ਆਉਂਦੇ ਗੱਲ ਕਹਿੰਦਿਆਂ ਕਹਿੰਦਿਆਂ ਕਹਿ ਜਾਂਦੇ। ਇਸ ਤੋਂ ਉਲਟ ਕਈਆਂ ਕੋਲ ਗੱਲ ਕਰ ਕੇ ਰੂਹ ਦਾ ਰੱਜ ਮਿਲਦਾ ਹੈ, ਉਮਰਾਂ ਦਾ ਥਕੇਵਾਂ ਲਹਿ ਜਾਂਦਾ ਹੈ, ਬਸ ਹੁੰਗਾਰੇ ਨਾਲ ਹੀ ਕਾਲ਼ਜਾ ਠਰਦਾ ਲਗਦਾ ਹੈ। ਕਿਹਾ ਜਾਂਦਾ ਹੈ ਅਸੀਂ ਬਿਗਾਨਿਆਂ ਨਾਲ ਮੁਲਾਕਾਤ , ਵਿਰੋਧੀਆਂ ਨਾਲ ਬਹਿਸ ਅਤੇ ਆਪਣਿਆਂ ਨਾਲ ਗੱਲਾਂ ਕਰਦੇ ਹਾਂ। ਵੋਟਾਂ ਸਮੇ ਸਾਡੇ ਨੇਤਾ ਆਪਣੀ ਉਸਾਰੂ ਗੱਲ ਦੱਸਣ ਦੀ ਥਾਂ ਵਿਰੋਧੀਆਂ ਦੀਆਂ ਬਦਨੀਤੀਆਂ ਵੱਧ ਪਰੋਸਦੇ ਹਨ। ਬਾਬਾ ਨਾਨਕ ਨੇ ਆਪਣੇ ਵਿਰੋਧੀਆਂ ਨਾਲ ਗੋਸ਼ਟੀਆਂ ਕਰ ਕੇ ਵੇਲੇ ਦੀ ਸਥਿਤੀ ਨੂੰ ਵੰਗਾਰਿਆ ਸੀ। ਗੁਰੂ ਸਾਹਿਬ ਨੇ ਸਭ ਕੁਰੀਤੀਆਂ ਨੂੰ ਮੂਧਾ ਮਾਰਦਿਆਂ ਬਰਫ਼ ਵਿਚ ਲਪੇਟ ਕੇ ਅੱਗ ਪਰੋਸ ਦਿੱਤੀ ਸੀ। ਇਸ ਵਿਰਾਸਤ ਨੂੰ ਸਾਂਭਣ ਦੀ ਲੋੜ ਹੈ। ਅਸੀਂ ਇਹੋ ਜਿਹੀਆਂ ਗੱਲਾਂ ਕਰੀਏ ਜਿੱਥੇ ਢੁਕਵੇਂ ਸ਼ਬਦ, ਤਰਜ਼, ਤਜਰਬਾ, ਟੂਕਾਂ, ਦਲੀਲਾਂ ਸਭ ਅਸਰ ਰੱਖਣ। ਜਿੱਥੇ ਗੱਲਾਂ ਦਾ ਖੱਟਿਆ ਖਾਂਦੇ ਲੋਕ ਵੀ ਸਾਡੀਆਂ ਗੱਲਾਂ ਬਾਰੇ ਗੱਲਾਂ ਕਰਨ ਅਸੀਂ ਗ਼ੈਰਹਾਜ਼ਰ ਹੋ ਕੇ ਵੀ ਹਾਜ਼ਰੀ ਭਰੀਏ। ਕਿਉਂਕਿ ਸ਼ਬਦਾਂ ਦੇ ਅਰਥ ਅਤੇ ਅਰਥਾਂ ਦੇ ਅਸਰ ਦੀ ਗੱਲ ਹੀ ਤੁਰਦੀ ਹੈ। ਇਹੋ ਜਿਹੀਆਂ ਗੱਲਾਂ ਦੇ ਸ਼ਬਦਾਂ ਪਿੱਛੇ ਦਿਲ ਦੇ ਸੇਕ ਤੇ ਉਸ ਸੇਕ ਵਿਚ ਤਪੀ ਸਿਆਣਪ ਨਜ਼ਰ ਆਉਂਦੀ ਹੈ। ਇਸ ਵਿਚ ਸ਼ੱਕ ਨਹੀਂ – ਬਾਤ ਜੋ ਦਿਲ ਸੇ ਨਿਕਲਤੀ ਹੈ ਅਸਰ ਰਖਤੀ ਹੈ।

# ਬੁਲੰਦ ਹੌਸਲੇ ਦੀ ਕਹਾਣੀ ਪੇਸ਼ ਕਰਦੀ ਫ਼ਿਲਮ "ਗੂੰਗਾ ਪਹਿਲਵਾਨ"



ਸੁਰਜੀਤ ਜੱਸਲ
9814607737



**ਭਲਵਾਨਾਂ ਦੇ ਅਖਾੜੇ ਹੁੰਦੇ ਸੀ ਜਿੱਥੇ ਪਿੰਡ ਤੇ ਗੱਭਰੂ ਮੁੰਡੇ ਪਹਿਲਵਾਨੀ ਦੇ ਗੁਰ ਸਿੱਖ ਕੇ ਛਿੰਝ ਵਿਚ ਘੁਲਦੇ ਹੁੰਦੇ ਸੀ ਜਿੱਥੇ ਖਾਧੀਆਂ ਖੁਰਾਕਾਂ ਅਤੇ ਪੱਠਿਆਂ ਦੇ ਜ਼ੋਰ ਦਾ ਪਤਾ ਲੱਗਦਾ ਸੀ। ਇਹ ਕਹਾਣੀ ਇੱਕ ਅਜਿਹੇ ਗੂੰਗੇ ਨੌਜਵਾਨ ਦੀ ਹੈ ਜਿਸ ਨੂੰ ਭਲਵਾਨੀ ਦਾ ਸੌਂਕ ਹੈ ਪ੍ਰੰਤੂ ਉਸਦਾ ਗੂੰਗਾਪਣ ਉਸਦੀ ਕਮਜ਼ੋਰੀ ਹੈ। ਪਰ ਉਹ ਹਿੰਮਤ ਨਹੀਂ ਹਾਰਦਾ ਤੇ ਅਖ਼ੀਰ ਇੱਕ ਦਿਨ ਅਖਾੜੇ ਵਿੱਚ ਝੰਡੀ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੰਦਾ ਹੈ।**

ਸੁਖਪਾਲ ਸਿੱਧੂ ਸਮਾਜ ਨਾਲ ਜੁੜਿਆ ਲੇਖਕ ਨਿਰਮਾਤਾ ਨਿਰਦੇਸ਼ਕ ਹੈ ਜਿਸਨੇ ਆਪਣੀਆਂ ਫ਼ਿਲਮਾਂ ਰਾਹੀਂ ਹਮੇਸ਼ਾ ਹੀ ਸਮਾਜਿਕ ਮੁੱਦਿਆਂ ਦੀ ਗੱਲ ਕੀਤੀ ਹੈ ਜੋ ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਚੰਗੀ ਸੇਧ ਦਿੰਦੀਆਂ ਹਨ। ਅਨੇਕਾਂ ਫ਼ੀਚਰ ਅਤੇ ਟੈਲੀਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਸੁਖਪਾਲ ਸਿੱਧੂ ਇੰਨ੍ਹੀ ਦਿਨੀਂ ਆਪਣੀ ਨਵੀਂ ਫ਼ਿਲਮ 'ਗੂੰਗਾ ਪਹਿਲਵਾਨ' ਲੈ ਕੇ ਆਇਆ ਹੈ। ਇਹ ਫ਼ਿਲਮ ਅਜੋਕੇ ਸਮਾਜ ਵਿੱਚ ਇੱਕ ਗੂੰਗੇ ਵਿਆਕਤੀ ਦੇ ਹੌਸਲੇ ਤੇ ਲਗਨ ਦੀ ਕਹਾਣੀ ਹੈ। ਪਰਮਜੀਤ ਫ਼ਿਲਮਜ਼ ਦੇ ਬੈਨਰ ਹੇਠ ਲੇਖਕ ਨੀਰਜ ਕਾਂਤ ਦੀ ਕਹਾਣੀ ਅਧਾਰਤ ਬਣੀ ਇਸ ਫ਼ਿਲਮ ਦਾ ਨਿਰਮਾਤਾ ਨਿਰਦੇਸ਼ਕ ਸੁਖਪਾਲ ਸਿੱਧੂ ਹੈ। ਫ਼ਿਲਮ ਬਾਰੇ ਜਾਣਕਾਰੀ ਦਿੰਦੇ ਸੁਖਪਾਲ ਸਿੱਧੂ ਨੇ ਦੱਸਿਆ ਕਿ ਪੁਰਾਣੇ ਸਮਿਆਂ ਵਿੱਚ ਸਿਹਤ ਸੰਭਾਲ ਅਤੇ ਜੋਰ ਅਜ਼ਮਾਇਸ਼ ਲਈ ਭਲਵਾਨਾਂ ਦੇ ਅਖਾੜੇ ਹੁੰਦੇ ਸੀ ਜਿੱਥੇ ਪਿੰਡ ਤੇ ਗੱਭਰੂ ਮੁੰਡੇ ਪਹਿਲਵਾਨੀ ਦੇ ਗੁਰ ਸਿੱਖ ਕੇ ਛਿੰਝ ਵਿਚ ਘੁਲਦੇ ਹੁੰਦੇ ਸੀ ਜਿੱਥੇ ਖਾਧੀਆਂ ਖੁਰਾਕਾਂ ਅਤੇ ਪੱਠਿਆਂ ਦੇ ਜ਼ੋਰ ਦਾ ਪਤਾ ਲੱਗਦਾ ਸੀ। ਇਹ ਕਹਾਣੀ ਇੱਕ ਅਜਿਹੇ ਗੂੰਗੇ ਨੌਜਵਾਨ ਦੀ ਹੈ ਜਿਸ ਨੂੰ ਭਲਵਾਨੀ ਦਾ ਸੌਂਕ ਹੈ ਪ੍ਰੰਤੂ ਉਸਦਾ ਗੂੰਗਾਪਣ ਉਸਦੀ ਕਮਜ਼ੋਰੀ ਹੈ। ਪਰ ਉਹ ਹਿੰਮਤ ਨਹੀਂ ਹਾਰਦਾ ਤੇ ਅਖ਼ੀਰ ਇੱਕ ਦਿਨ ਅਖਾੜੇ ਵਿੱਚ ਝੰਡੀ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੰਦਾ ਹੈ। ਇਹ ਫ਼ਿਲਮ ਜਿੱਥੇ ਨੌਜਵਾਨਾਂ ਨੂੰ ਪੁਰਾਣੇ ਕਲਚਰ ਅਤੇ ਵਿਰਾਸਤ ਬਾਰੇ ਅਨਮੋਲ ਜਾਣਕਾਰੀ ਦਿੰਦੀ ਹੈ, ਉੱਥੇ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੀ, ਨਰੋਈ ਸੇਹਤ ਬਣਾਉਣ ਦਾ ਜ਼ਜਬਾ ਪੈਦਾ ਕਰਦੀ ਹੈ। ਇਸ ਫ਼ਿਲਮ ਵਿੱਚ ਮਲਕੀਤ ਰੌਣੀ, ਸੁਖਪਾਲ ਸਿੱਧੂ,ਨੀਰਜ ਕਾਂਤ, ਅੰਮ੍ਰਿਤਪਾਲ ਸਿੰਘ ਬਿੱਲਾ, ਰਣਜੀਤ ਮਣੀ,ਸੰਜੀਵ ਕਲੇਰ, ਪਰਮਜੀਤ ਸਿੱਧੂ, ਮੰਜੂ ਸੇਠੀ, ਅਮਨ ਸਿੱਧੂ, ਮਿਸ਼ ਗਜ਼ਲ ਜੀਤਾ ਧੂਰੀ,ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ੧੦ ਜੂਨ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦੇ ਗੀਤ ਰਣਜੀਤ ਮਣੀ, ਸਾਲਮ ਖ਼ਾਨ,ਰਵੀ ਹਲਵਾਰਾ ਨੇ ਪਲੇਅ ਬੈਕ ਗਾਏ ਹਨ। ਗੀਤ ਕੁਲਦੀਪ ਦੁੱਗਲ, ਸਵ ਅਜੀਤ ਸਿੰਘ ਤੇ ਜਸਦੀਪ ਸਿੱਧੂ ਨੇ ਲਿਖੇ ਹਨ।

ਲੁਧਿਆਣਾ ਜਿਲ੍ਹਾ ਦੇ ਮੁੱਲਾਂਪੁਰ ਨੇੜਲੇ ਪਿੰਡ ਰਕਬਾ ਵਿਖੇ ਪਿਤਾ ਜੋਰਾ ਸਿੰਘ ਤੇ ਮਾਤਾ ਹਰਭਜਨ ਕੌਰ ਦੇ ਘਰ ਜਨਮਿਆਂ ਸੁਖਪਾਲ ਸਿੱਧੂ ਪਿਛਲੇ 30 ਸਾਲਾਂ ਤੋਂ ਫ਼ਿਲਮ ਅਤੇ ਕਲਾ ਸੰਸਾਰ ਨਾਲ ਜੁੜਿਆ ਹੋਇਆ ਹੈ। 1998 ਵਿੱਚ ਉਸਨੇ ਆਪਣੀ ਲਿਖੀ ਫ਼ਿਲਮ ਸ਼ਿਕਾਰੀ ਬਣਾਈ ਜਿਸਨੂੰ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤਾ। ਫਿਰ ਇੱਕ ਹੋਰ ਫ਼ਿਲਮ ਦੇਸ਼ ਧ੍ਰੋਹੀ ਵੀ ਬਣਾਈ। ਸੁਖਪਾਲ ਸਿੱਧੂ ਨੇ ਹੁਣ ਤੱਕ ਦੋ ਦਰਜਨ ਦੇ ਕਰੀਬ ਟੈਲੀ ਫ਼ਿਲਮਾਂ ਤੇ ਅੱਧੀ ਦਰਜਨ ਦੇ ਕਰੀਬ ਫ਼ੀਚਰ ਫ਼ਿਲਮਾਂ ਬਤੌਰ ਲੇਖਕ ਨਿਰਮਾਤਾ ਨਿਰਦੇਸ਼ਕ ਬਣਾ ਚੁੱਕਾ ਹੈ। 'ਚੰਨੋ, ਵਲੈਤਣ ਜੱਟੀ, 'ਜੱਟ ਜਿਊਣਾ ਮੌੜ ਇੱਕ ਸੱਚੀ ਗਾਥਾ',ਕਾਰੇ ਏਜੰਟਾਂ ਦੇ, ਚਾਅ ਮੁਲਕ ਬੇਗਾਨੇ ਦਾ, ਪੰਗੇ ਸਰਪੰਚੀ ਦੇ, ਅੱਜ ਦਾ ਦਾਰਾ' ਅਤੇ ਦਰਜਨਾਂ ਲਘੂ ਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਸੁਖਪਾਲ ਸਿੱਧੂ ਨੇ ਮੁੰਬਈ ਰਹਿੰਦਿਆਂ ਕਈ ਹਿੰਦੀ ਫ਼ਿਲਮਾਂ ਵਿੱਚ ਵੀ ਯਾਦਗਰੀ ਕਿਰਦਾਰ ਨਿਭਾਏ। "ਗੂੰਗਾ ਪਹਿਲਵਾਨ" ਬਾਰੇ ਸੁਖਪਾਲ ਸਿੱਧੂ ਦਾ ਕਹਿਣਾ ਹੈ ਕਿ ਇਹ ਮਨੋਰੰਜਨ ਭਰਪੂਰ ਪਰਿਵਾਰਕ ਫ਼ਿਲਮ ਹੈ ਜੋ ਇੱਕ ਅਪਾਹਜ ਬੰਦੇ ਦੀ ਤੰਦਰੁਸਤ ਤਕੜੀ ਸੋਚ ਅਤੇ ਦਲੇਰੀ ਦੀ ਨਵੀਂ ਮਿਸ਼ਾਲ ਪੇਸ਼ ਕਰਦੀ ਹੈ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਢਿੱਲੋਂ ਪਰਿਵਾਰ Well known Dhillon family in Bathinda city, Upper Middle Class ਦੇ ਸੋਹਣੇ ਸੁਨੱਖੇ ਸਰਕਾਰੀ ਜੌਬ ਕਰਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 298 5591***198***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 35 ਸਾਲ ,ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਡਿਵੋਰਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 778 682 4844 ਜਾਂ 1 431 998 0513 ***201***

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਆਟੋਮੋਬਾਇਲ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:403 466 6317 ਜਾਂ 403 402 7511***201***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਬਡਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਮ ਟੈਕਨੀਸ਼ਨ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 639 999 2726 ***201***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਜਲੰਧਰ ਜਿਲੇ ਨਾਲ ਸਬੰਧਿਤ ਹਿੰਦੂ ਖੱਤਰੀ ਪਰਿਵਾਰ ਦੀ ਵਿਧਵਾ ਲੜਕੀ ,ਉਮਰ 34 ਸਾਲ, ਵਿਦਿਅਕ ਯੋਗਤਾ :ਸੀ ਏ , ਸੀ ਐਫ ਏ ਲੈਵਲ ਵਨ ਅਤੇ ਬੀ ਕਾਮ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਰਿਸ਼ਤਾ ਹਿੰਦੂ ਜਾਂ ਸਿੱਖ ਖੱਤਰੀ ਪਰਿਵਾਰ ਦਾ ਹੀ ਵਿਚਾਰਿਆ ਜਾਵੇਗਾ ਪਰ ਕਨੇਡੀਅਨ ਰਿਸ਼ਤੇ ਨੂੰ ਪਹਿਲ ਹੋਵੇਗੀ।ਲੜਕੀ ਕੋਲ ਇੱਕ ਬੇਟਾ ਹੈ ਜਿਸ ਦੀ ਉਮਰ 7 ਸਾਲ ਹੈ। ਸੰਪਰਕ: 587 830 6511 ਜਾਂ 919417327521 ***201***

### ਜੀਵਨ ਸਾਥਣ ਦੀ ਲੋੜ

ਕਨੇਡਾ ਵਿਜਟਿਰ ਵੀਜਾ ਉੱਪਰ ਆਏ ਆਹਲੂਵਾਲੀਆਂ ਪਰਿਵਾਰ ਦੇ ਹਾਲੇ ਤੱਕ ਅਨਮੈਰਿਡ ,ਉਮਰ 55 ਸਾਲ,ਕੱਦ 5 ਫੁੱਟ 9 ਇੰਚ, ਇੰਗਲਿਸ਼ ਐਜੂਕੇਟਿਡ,ਡਿਪਲੋਮਾਂ ਇਨ ਇਲੈਕਟਰੋਨਿਕਸ, ਜਿਹਨਾਂ ਨੂੰ ਥੋੜੀ ਬੋਲਣ ਅਤੇ ਸੁਣਨ ਦੀ ਸਮੱਸਿਆ ਹੈ, ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੀ ਲੋੜ ਹੈ। ਮੌਜੂਦਾ ਸਮੇਂ ਉਹ ਗੁੜਗਾਉਂ ਇਲੈਟਰੋਨਿਕਸ ਇੰਡਸਟਰੀ ਵਿਚ ਜੌਬ ਕਰਦੇ ਹਨ। ਉਹਨਾਂ ਦੇ ਮਾਤਾ ਪਿਤਾ ਅਤੇ ਭਰਾ ਕਨੇਡਾ ਹੀ ਸੈਟਲ ਹਨ। ਤਲਾਕ ਸ਼ੁਦਾ ਜਾਂ ਵਿਧਵਾ, ਸਰੀਰਕ ਤੌਰ ਤੇ ਡਿਸਐਵਿਲਿਟੀ ਵਾਲੀ ਔਰਤ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 613 619 6419 **200**

### ਲੜਕੇ ਦੀ ਲੋੜ

Respectable well educated simple Sikh Saini family seeking a suitable match for their beautiful daughter birth 89,5'5"tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***201***

### ਲੜਕੇ ਦੀ ਲੋੜ

ਆਸਟਰੇਲੀਆ ਪੱਕੀ, ਜੱਟ ਸਿੱਖ, ਜਨਵਰੀ 1987, ਕੱਦ 5 ਫੁੱਟ 6 ਇੰਚ, ਆਰ ਐਨ ਦੀ ਜੌਬ ਕਰਦੀ ਲੜਕੀ ਲਈ ਪੜ੍ਹੇ ਲਿਖੇ ਕਲੀਨਸ਼ੇਵ,ਚੰਗੀ ਜਾਇਦਾਦ ਵਾਲੇ,ਆਸਟਰੇਲੀਆ ਵਿੱਚ ਕੱਚੇ ਜਾਂ ਕਨੇਡੀਅਨ ਪੀ ਆਰ ਲੜਕੇ ਦੇ ਰਿਸਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਵਟਸਅੱਪ ਕਾਲ ਜਾਂ ਮੈਸੇਜ ਕਰ ਸਕਦੇ ਹੋ । ਸੰਪਰਕ: 1 306 850 7047 ਜਾਂ 9815514808 ***200***

### ਲੜਕੀ ਦੀ ਲੋੜ

ਖ਼ਾਨਦਾਨੀ , ਇਮਾਨਦਾਰ ਪਰੀਵਾਰ ਦੇ ਟਾਂਕ ਕਸ਼ਤਰੀਆ ਸਰਾਂ ਦਰਜੀ "ਸਿੱਖ ,ਨਸ਼ਿਆਂ ਤੋ ਰਹਿਤ, ਵਿਦਿਅਕ ਯੋਗਤਾ : M. Sc. - ਬਾਗਬਾਨੀ (HORTICULTURE) ਕੱਦ 6 ਫੁੱਟ, ਇੰਡੀਆ ਰਹਿੰਦੇ ਮਿਹਨਤੀ ਇੱਕਲੌਤੇ ਲੜਕੇ ਲਈ ਕਨੇਡੀਅਨ ਇੰਮੀਗਰਾਟ ਜਾਂ ਸਿਟੀਜਨ ਲੜਕੀ ਦੀ ਜ਼ਰੂਰਤ ਹੈ ।ਲੜਕੇ ਦਾ ਦਾਦਕਾ ਪਰੀਵਾਰ ਕਨੇਡਾ ਵਿੱਚ ਵੈਲ ਸ਼ੈਟਲਡ ਹਨ; ਸੰਪਰਕ : 1- 416-509-6200 +917696774832 ***200***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਮਠਾੜੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ B.tech (IT) ਮੌਜੂਦਾ ਸਮੇ Quality Analyst (Software tester) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 835 1983 ***200***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਰਾਮਗੜੀਆ ਰੀਹਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 1994, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਕੰਪਿਊਟਿਰ ਐਪਲੀਕੇਸ਼ਨ,,ਸੀ ਐਨ ਸੀ ਪਲੱਸ ਆਟੋ ਕਾਰਡ, ਐਮ ਬੀ ਏ (ਐਚ ਆਰ ਐਂਡ ਮਾਰਕੀਟਿੰਗ) ਅਤੇ ਮੌਜੂਦਾ ਸਮੇ ਆਈ ਸੀ ਆਈ ਸੀ ਆਈ ਬੈਂਕ ਵਿੱਚ ਅਸਿੱਸਟੈਂਟ ਮੈਨਜਰ ਦੀ ਜੌਬ ਕਰ ਰਹੇ ਲਈ , ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 403 479 0616 ਜਾਂ 98145 65265 ***200***

### ਲੜਕੀ ਦੀ ਲੋੜ

ਰਾਮਗੜੀਆ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਆਟੋਮੋਬਾਈਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜ਼ੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਆਪਣੇ ਮਾਪਿਆਂ ਕੋਲ ਐਡਮਿੰਟਨ ਵਿਖੇ ਰਹਿੰਦਾ ਅਤੇ ਕੰਮ ਕਰਦਾ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ ਵਟਸਐਪ: 9876783675 ਜਾਂ 587 568 9846 **199**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਸਰਮਾ ਪਰਿਵਾਰ ਦੇ ਲੜਕੇ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 2853 ***195***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ,,ਉੱਚ ਤਕਨੀਕੀ ਯੋਗਤਾ ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***199***

### ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਆਏ ਲੜਕੇ, ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਹੌਸਪਿਟਲਟੀ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਫੈਡਰਲ ਇੰਮੀਗ੍ਰੇਸ਼ਨ ਫਾਈਲ ਸਬਮਿਟ ਕੀਤੀ ਹੋਈ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 825 735 0059 ***199***

### ਲੜਕੇ ਦੀ ਲੋੜ

Jatt Sikh parents seeking suitable match for their daughter Indian born, Canadian citizen, 35 years old, 5' 1" feet, B.TECH, working in a highly reputed Telecom company on a technical position. Boy should be well educated of decent values and belong to a good family. Cell No./ WhatsApp +1 825-365-3677 ***199***

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਚੰਗੀ ਜਾਇਦਾਦ ਦੇ ਮਾਲਕ ਸੋਹਣੇ ਸੁਨੱਖੇ ਲੜਕੇ ਜਨਮ 1996,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਯੁਟੀਕਲ ਸਾਇੰਸ,ਮਰਚੈਂਟ ਨੇਵੀ ਵਿੱਚ ਅਫਸਰ ਰੈਂਕ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 781 1959 ਈ ਮੇਲ: jasvirsidhu1988 @gmail.com ***198**

### ਲੜਕੀਆਂ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਗਰੈਜੂਏਟ ਵੈੱਲ ਸੈਟਲਡ ਸਕੇ ਭਰਾ, ਇੱਕ ਕਨੇਡੀਅਨ ਪੀ ਆਰ ਉਮਰ 29 ਸਾਲ ਕੱਦ 5 ਫੁੱਟ 8 ਇੰਚ ,ਅਤੇ ਦੂਸਰੇ ਉਮਰ 31 ਸਾਲ ਕੱਦ 6 ਫੁੱਟ ਵਿਜਟਿਰ ਵੀਜੇ ਉੱਪਰ ਆਏ ,ਇਹਨਾਂ ਦੋਵੇਂ ਲੜਕਿਆਂ ਲਈ 2 ਪੜੀਆਂ ਲਿਖੀਆਂ ਹੋਣਹਾਰ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 6503 ਜਾਂ 1 431 374 4686 ***198**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਠ ਪਰਿਵਾਰ ਦੇ ਲੜਕੇ ਉਮਰ 32 ਸਾਲ ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਆਈ ਟੀ ਆਈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 780 803 4575 ਜਾਂ 587 532 9019 ***198**

### ਲੜਕੇ ਦੀ ਲੋੜ

Jatt sikh family seek a suitable match for their 5ft. 8 inch tall 28 years old daughter, Engineering Graduate from Canadian University and working with a reputed company. The Boy should be born or raised in Canada and well settled professional. Please send your recent pictures and bio-data to acheema8811@ gmail.com Or call 1 403 828 7973 ***198***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਜਨਮ 1996, ਕੱਦ 5 ਫੁੱਟ 2 ਇੰਚ, ਹਸਪਤਾਲ ਵਿੱਚ ਫੁੱਲ ਟਾਈਮ ਮੈਡੀਕਲ ਅਸਿੱਸਟੈਂਟ ਦੀ ਜੌਬ ਕਰਦੀ, ਵਿਦਿਅਕ ਯੋਗਤਾ :ਆਈਲੈਟਸ ਸਾਢੇ ਛੇ ਬੈਂਡ, ਮੈਡੀਕਲ ਆਫਿਸ ਅਸਿੱਸਟੈਂਟ ਡਿਪਲੋਮਾਂ ਹੋਲਡਰ ਲਈ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦੇ ਨਾਨਕੇ ਦਾਦਕੇ ਸਭ ਕਨੇਡਾ ਹੀ ਸੈਟਲ ਹਨ। ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 1 204 952 2504 ***198***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

### ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਸਰਦਾਰੀ ਦਿੱਖ ਵਾਲੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਕਨੇਡਾ ਰਹਿਣ ਵਾਲਿਆਂ ਨੂੰ ਹੀ ਪਹਿਲ। ਵਿਜਟਰ ਜਾਂ ਸਟੂਡੈਂਟ ਵੀਜੇ ਵਾਲੀਆਂ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਕਨੇਡਾ ਹੀ ਸੈਟਲਡ ਹੈ । ਸੰਪਰਕ: 403 614 2094 ਜਾਂ 403 971 6430 ***195***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਿਸਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 402 9508 ***194***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ । ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ । ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਅੱਜ ਹੀ ਕਾਲ ਕਰੋ: 403 680 0436

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***199***

## Hiring !

Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract

Email: dclogistics4@gmail.com

Phone : 204-396-1696 , 204-891-0031

## Hiring

Hair and face art salon islooking for hairdresser (NOC CODE 6341) Applicants should have minimum of 1-2 years of experience.

Number of Vacancies :2

Wage rate: 20/hour fulltime job

Interested candidates please send your resume at email: hairandfaceart994@gmail.com

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## Name Change

I, **JAGJIWAN SINGH** son/of LACHHMAN SINGH, holder of Indian passport No.**K3260588**, issued at CHANDIGARH, on 23/07/2012, permanent resident of PATTI BAJA V.P.O : LANDEKE, MOGA,PIN: 142001,PUNJAB,INDIA and presently residing at 69 CITYSCAPE GDNS NE CALGARY (AB) T3N0N6 CANADA.Do hereby change My name from **JAGJIWAN SINGH** to **JAGJIWAN SINGH GILL** with immediate effect.

Date: 29/May/2022Phone:1 825 733 6674

## Name Change

I, **Sonia Chander Meet** mother of **Jaismeen** holder of Indian Passport# **P9818985** issued at Chandigarh, permanent resident of house no.9018 street no.10 Kot Mangal Singh Main Road Ludhiana, PIN 141003 Punjab, India and presently residing at 28 Canoe Cove SW Airdrie T4B 2Z5 Alberta Canada do hereby change the name of my daughter from Jaismeen to Jaismeen Meet, with immediate effect.

Contact: 4038310332 Date: 29 May 2022

## ਕੈਲਗਰੀ ਪੁਲੀਸ ਦੀ ਵਰਦੀ 'ਤੇ ਲੱਗੇ ਪੈਚ ਵਿੱਚ ਨਸਲਵਾਦ ਨੂੰ ਦਰਸਾਉਂਦੀ ਨੀਲੀ ਲਾਈਨ 31 ਮਈ ਤੱਕ ਹਟਾਉਣ ਦੇ ਨਿਰਦੇਸ਼ ਜਾਰੀ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਕਈ ਸ਼ਹਿਰਾਂ ਦੀ ਪੁਲੀਸ ਦੀ ਵਰਦੀ ਉੱਪਰ ਲੱਗੇ ਪੈਚ ਕਿਤੇ ਨਾ ਕਿਤੇ ਨਸਲਵਾਦ ਦੀ ਗਵਾਹੀ ਭਰਦੇ ਨਜ਼ਰ ਆਉਂਦੇ ਹਨ। ਇਸੇ ਤਰ੍ਹਾਂ ਕੈਲਗਰੀ ਪੁਲੀਸ ਦੀ ਵਰਦੀ ਤੇ ਲੱਗੇ ਪੈਚ ਦੇ ਵਿਚ ਬਰੀਕ ਨੀਲੀ ਲਾਈਨ ਨੂੰ ਬਸਤੀਵਾਦ ਅਤੇ ਨਸਲਵਾਦ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਲਈ ਹੁਣ ਮਈ ਮਹੀਨੇ ਦੇ ਅੰਤ ਤੱਕ ਪੁਲੀਸ ਅਧਿਕਾਰੀਆਂ ਨੂੰ ਆਪਣੀ ਵਰਦੀ ਦੇ ਪੈਚ ਵਿੱਚੋਂ ਇਸ ਨੀਲੀ ਲਾਈਨ ਨੂੰ ਹਟਾਉਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ ਹਾਲਾਂਕਿ ਪਹਿਲਾਂ ਇਹ ਆਦੇਸ਼ ਮਾਰਚ ਦੇ ਅੰਤ ਤੱਕ ਲਈ ਦਿੱਤੇ ਗਏ ਹਨ ।

## ਲਾਕਡਾਊਨ ਦੌਰਾਨ ਇੰਗਲੈਂਡ ਦੇ ਪ੍ਰਧਾਨਮੰਤਰੀ ਦਫਤਰ ਚ ਹੁੰਦੀਆਂ ਰਹੀਆਂ ਪਾਰਟੀਆਂ ਲਈ ਬੋਰਿਸ ਜੌਹਨਸਨ ਨੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਕਾਰਨ ਲੱਗੇ ਲਾਕ ਡਾਊਨ ਦੇ ਦੌਰਾਨ ਇੰਗਲੈਂਡ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੇ ਡਾਊਨਿੰਗ ਸਟਰੀਟ ਦੇ ਦਫ਼ਤਰ ਵਿੱਚ ਹੁੰਦੀਆਂ ਰਹੀਆਂ ਪਾਰਟੀਆਂ ਸਬੰਧੀ ਜਾਰੀ ਹੋਈ ਇੱਕ 37 ਸਫਿਆਂ ਦੀ ਰਿਪੋਰਟ ਤੋਂ ਬਾਅਦ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਇਸ ਦੀ ਸਾਰੀ ਜ਼ਿੰਮੇਵਾਰੀ ਕਬੂਲ ਕਰ ਲਈ ਹੈ ਹਾਲਾਂਕਿ ਇਸ ਰਿਪੋਰਟ ਲਈ ਬੋਰਿਸ ਜੌਹਨਸਨ ਨੂੰ ਸਿੱਧੇ ਤੌਰ ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ ਸੀ ।

## ਮੈਨੀਟੋਬਾ ਸੂਬੇ ਵਿੱਚ 13 ਅਪ੍ਰੈਲ ਨੂੰ ਦਸਤਾਰ ਦਿਵਸ ਵੱਜੋਂ ਮਨਾਉਣ ਦਾ ਕਾਨੂੰਨ ਪਾਸ ਹੋਇਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਇਆ ਜਾਂਦਾ ਹੈ ਤੇ ਉਸ ਤੋਂ ਬਾਅਦ ਹੁਣ ਕਈ ਸੂਬਿਆਂ ਅਤੇ ਸ਼ਹਿਰਾਂ ਵਿੱਚ ਵੀ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਦਿਨ ਅਤੇ ਮਹੀਨੇ ਮਨਾਏ ਜਾਣ ਲੱਗ ਪਏ ਹਨ । ਇਸੇ ਤਰ੍ਹਾਂ ਮੈਨੀਟੋਬਾ ਦੀ ਵਿਧਾਨ ਸਭਾ ਵਿੱਚ ਵੀ ਤੇਰਾਂ ਅਪ੍ਰੈਲ ਨੂੰ ਦਸਤਾਰ ਦਿਵਸ ਵੱਜੋਂ ਮਨਾਉਣ ਦਾ ਐਕਟ ਪਾਸ ਕਰ ਦਿੱਤਾ ਗਿਆ ਹੈ

## ਯੁਕਰੇਨੀ ਸਰਨਾਰਥੀਆਂ ਦੇ ਮੈਡੀਕਲ ਖਰਚੇ ਦਾ ਜਿੰਮੇਬਾਰੀ ਮੈਨੀਟੋਬਾ ਸੂਬਾ ਖੁਦ ਚੁੱਕੇਗਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਵੱਲੋਂ ਥੋਪੀ ਗਈ ਜੰਗ ਦਾ ਸਾਹਮਣਾ ਕਰ ਰਹੇ ਯੂਕਰੇਨ ਦੇ ਸ਼ਰਨਾਰਥੀ ਵਿਸ਼ੇਸ਼ ਫਲਾਈਟਾਂ ਰਾਹੀਂ ਕੈਨੇਡਾ ਪਹੁੰਚ ਰਹੇ ਹਨ। ਮੌਂਟਰੀਅਲ ਤੋਂ ਬਾਅਦ ਵਿਨੀਪੈਗ ਵਿੱਚ ਵੀ ਯੂਕਰੇਨੀ ਸ਼ਰਨਾਰਥੀਆਂ ਦੀ ਇੱਕ ਉਡਾਣ ਪਹੁੰਚੀ ਹੈ । ਇਨ੍ਹਾਂ ਸ਼ਰਨਾਰਥੀਆਂ ਲਈ ਸੂਬੇ ਦੀ ਸਰਕਾਰ ਵੱਲੋਂ ਅਹਿਮ ਐਲਾਨ ਕੀਤਾ ਗਿਆ ਹੈ ਕਿ ਇਨ੍ਹਾਂ ਸ਼ਰਨਾਰਥੀਆਂ ਨੂੰ ਵਰਕ ਪਰਮਿਟ ਆਦਿ ਲੈਣ ਲਈ ਮੈਡੀਕਲ ਕਰਵਾਉਣਾ ਲਾਜ਼ਮੀ ਹੈ ਤੇ ਸੂਬਾ ਸਰਕਾਰ ਇਸ ਮੈਡੀਕਲ ਟੈਸਟ ਦਾ ਖਰਚਾ ਖੁਦ ਚੁੱਕੇਗੀ ।

## ਨੌਜਵਾਨ ਦੀ ਲਾਸ਼ ਮਿਲਣ ਉਪਰੰਤ ਪੁਲਿਸ ਨੇ ਲੋਕਾਂ ਕੋਲੋਂ ਸਹਿਯੋਗ ਮੰਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਅਤੇ ਆਸ ਪਾਸ ਦੇ ਸ਼ਹਿਰਾਂ ਵਿੱਚ ਇਸ ਸਾਲ ਹੱਤਿਆਵਾਂ ਦੀਆਂ ਕਈ ਵਾਰਦਾਤਾਂ ਵਾਪਰ ਚੁੱਕੀਆਂ ਹਨ । ਇਸੇ ਤਰ੍ਹਾਂ ਬੀਤੀ 26 ਮਈ ਨੂੰ ਸਰੀ ਦੇ ਇੱਕ ਪਾਰਕ ਵਿਚ ਅਠਾਰਾਂ ਸਾਲਾ ਨੌਜਵਾਨ ਦੀ ਲਾਸ਼ ਮਿਲੀ ਸੀ। ਹੱਤਿਆ ਦੇ ਕਾਰਨਾਂ ਦਾ ਪਤਾ ਤਾਂ ਭਾਵੇਂ ਅਜੇ ਨਹੀਂ ਲੱਗ ਸਕਿਆ ਪਰ ਇਸ ਮਾਰੇ ਗਏ ਨੌਜਵਾਨ ਦੀ ਪਹਿਚਾਣ ਜ਼ਰੂਰ ਹੋ ਗਈ ਹੈ ਅਤੇ ਆਪਣੇ ਨਾਮ ਤੋਂ ਇਹ ਭਾਰਤੀ ਮੂਲ ਦਾ ਲੱਗਦਾ ਹੈ। ਪੁਲੀਸ ਵੱਲੋਂ ਹੁਣ ਇਸ ਹੱਤਿਆ ਦੇ ਮਾਮਲੇ ਵਿੱਚ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਜਾ ਰਹੀ ਹੈ ਕਿ ਜੇਕਰ ਕਿਸੇ ਕੋਲ ਕੋਈ ਹੋਰ ਜਾਣਕਾਰੀ ਹੋਵੇ ਤਾਂ ਪੁਲੀਸ ਨਾਲ ਸਾਂਝੀ ਕੀਤੀ ਜਾਵੇ ।

## ਮਸਜਿਦ ਉੱਪਰ ਹਮਲਾ ਕਰਨਾ ਵਾਲਾ 25 ਸਾਲਾਂ ਤੱਕ ਜਮਾਨਤ ਦੀ ਅਰਜੀ ਦੇ ਸਕੇਗਾ

ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) 29 ਜਨਵਰੀ 2017 ਨੂੰ ਕਿਊਬਿਕ ਸਿਟੀ ਦੀ ਮਸਜਿਦ ਵਿੱਚ ਇੱਕ ਸਤਾਈ ਸਾਲਾ ਵਿਅਕਤੀ ਵੱਲੋਂ ਅੰਨ੍ਹੇਵਾਹ ਗੋਲੀਬਾਰੀ ਕਰਕੇ ਛੇ ਜਣਿਆਂ ਦੀ ਹੱਤਿਆ ਕਰ ਦਿੱਤੀ ਗਈ ਸੀ ਅਤੇ ਪੰਜ ਜਣੇ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤੇ ਸਨ । ਅਲੈਗਜ਼ੈਂਡਰ ਨਾਮ ਦੇ ਇਸ ਵਿਅਕਤੀ ਨੇ 9 ਐਮਐਮ ਦੇ ਪਿਸਤੌਲ ਨਾਲ ਲਗਪਗ ਦੋ ਮਿੰਟ ਤੱਕ ਲਗਾਤਾਰ ਗੋਲੀਬਾਰੀ ਕੀਤੀ ਸੀ । ਇਸ ਗੋਲੀਬਾਰੀ ਨੂੰ ਅਤਿਵਾਦੀ ਹਮਲੇ ਦੇ ਤੌਰ ਤੇ ਦੇਖਿਆ ਗਿਆ ਸੀ ਹਾਲਾਂਕਿ ਹਮਲਾਵਰ ਨੂੰ ਅਤਿਵਾਦੀ ਦੇ ਤੌਰ ਤੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ। ਹੁਣ ਸੁਪਰੀਮ ਕੋਰਟ ਵੱਲੋਂ ਇੱਕ ਅਹਿਮ ਫੈਸਲਾ ਆਇਆ ਹੈ ਕਿ ਇਹ ਹਮਲਾਵਰ 25 ਸਾਲ ਬਾਅਦ ਜ਼ਮਾਨਤ ਲਈ ਅਪੀਲ ਕਰ ਸਕਦਾ ਹੈ

## ਮਹਿੰਗਾਈ ਕਾਰਣ ਲੋਕਾਂ ਦਾ ਜੀਣਾਂ ਔਖਾ ਹੋ ਗਿਆ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਵਧ ਰਹੀਆਂ ਤੇਲ ਤੇ ਗੈਸ ਦੀਆਂ ਕੀਮਤਾਂ ਦੇ ਨਾਲ ਨਾਲ ਖਾਣ ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵੀ ਸਾਰੇ ਰਿਕਾਰਡ ਤੋੜਦੀਆਂ ਜਾ ਰਹੀਆਂ ਹਨ ਅਤੇ ਇਸ ਦਾ ਅਸਰ ਆਮ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਤੇ ਪੈ ਰਿਹਾ ਹੈ । ਇਸ ਸਬੰਧੀ ਜਾਰੀ ਕੀਤੀ ਗਈ ਇੱਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਮੈਟਰੋ ਵੈਨਕੂਵਰ ਵਿੱਚ ਵੱਡੀ ਗਿਣਤੀ ਚ ਲੋਕ ਹੁਣ ਫੂਡ ਬੈਂਕਾਂ ਦਾ ਆਸਰਾ ਭਾਲ ਰਹੇ ਹਨ ।

# Water in earth is finishing

There are reports from Punjab that water in earth is finishing and if we continue to draw it it shall run for a few years more. And no suggestion is coming forward. We all know tht whatever water was in share of the earth that had been provided by nature and that is available here on earth in



shape of seas, in shape of snow, in shape of rivers, in shape of rains and waters are also available in earth too. We have already identified reivers and it is on record that we have constructed dams and these dams are being utilized for generation of electricity too and even for breeding fishery.

Now the state must come forward and locate all water ways which flow with floods during rainy season. The water ways are known to us all and we all know that these waters in shape of floods often cause much damage to us and uptil now we could not think over this wastage of water. We must identify places where these flood waters could be collected in big dams deep in earth and also on earth and must turn pictinic places too. We shall be using these dams for breeding fishes too and people can use for boating too. Our elders had been having xmall collection of waters for use of animals and that tradition is gone and now none is sparing place for such small tanks.

The state of Punjab must become the first staate in India to immediately locte such places where rain waters could be collected and construct big dams. Even small dams too can be constructed and we must be shure that no floods damange corps in Punjab. The danger of ground leve water must be taken up seriously because when ground water is finished, Punjabis shall have to run out of Punjab and locate new places . Since seas are away from Punjab, we cannot bring seas waters to Punjab through Suez canal and Panama canal like sources.

**Dalip Singh Wasan, Advocate**
**101- Vikas Colony, Patiala, Punjab, India.**
**Email** dalipsinghwassan@yahoo.co.in

# ਗੂੰਜੇ ਚਰਖਾ ਬਿਸ਼ਨੀਏ ਤੇਰਾ



ਗੁਰਜੀਤ ਟਹਿਣਾ
94782-77772



ਚਰਖਾ' ਸ਼ਬਦ ਭਾਵੇਂ ਸਾਡੇ ਲਈ ਨਵਾਂ ਨਹੀਂ ਹੈ ਪਰ ਅੱਜ ਦੇ ਯੁੱਗ ਨੇ ਚਰਖੇ ਦੀ ਮਹੱਤਤਾ ਘਟਾ ਦਿੱਤੀ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਚਰਖੇ ਬਾਰੇ ਬਹੁਤ ਘੱਟ ਜਾਣਕਾਰੀ ਹੈ। ਲੱਕੜ ਦੇ ਬਣੇ ਚਰਖੇ ਵਿੱਚ ਦੋ ਫੱਲੜ ਇੱਕ ਕਾੜ ਨਾਲ ਜੁੜੇ ਹੁੰਦੇ ਹਨ। ਇੱਕ ਫੱਲੜ ਵਿੱਚ ਦੋ ਮੁੰਨਿਆਂ ਵਿਚਕਾਰ ਦੋ ਗੋਲਾਕਾਰ ਫੱਟਿਆਂ ਦੁਆਰਾ ਇੱਕ ਚੱਕਰ ਬਣਿਆ ਹੁੰਦਾ ਹੈ, ਜੋ ਹੱਥੜੇ ਦੁਆਰਾ ਘੁਮਾਇਆ ਜਾਂਦਾ ਹੈ। ਦੋਵਾਂ ਫੱਟਾਂ ਉੱਤੇ ਕੱਸਣ ਪਾਈ ਹੁੰਦੀ ਹੈ। ਕੱਸਣ ਦੇ ਉੱਪਰ ਮਾਲ੍ਹ ਪਾਈ ਹੁੰਦੀ ਹੈ, ਜੋ ਦੂਜੇ ਫੱਲੜ ਉਪਰ ਲੱਗੀਆਂ ਤਿੰਨ ਗੁੱਡੀਆਂ ਦੇ ਵਿੱਚ ਚਰਮਖਾਂ ਦੁਆਰਾ ਟਿਕਾਏ ਤੱਕਲੇ ਦੇ ਪਲਾਨ ਤਕ ਜਾਂਦੀ ਹੈ ਅਤੇ ਚਰਖੇ ਦੇ ਫੱਟ ਘੁਮਾਉਣ ਨਾਲ ਤੱਕਲਾ ਚਲਦਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਚਰਖੇ ਦੀ ਅਹਿਮ ਥਾਂ ਹੈ। ਤ੍ਰਿੰਞਣ ਵਿੱਚ ਕੁੜੀਆਂ-ਚਿੜੀਆਂ ਦੇ ਗੀਤ ਚਰਖੇ ਦੀ ਘੂਕ ਨਾਲ ਇੱਕਮਿਕ ਹੋ ਜਾਂਦੇ ਹਨ। ਇਨ੍ਹਾਂ ਨੂੰ ਸੁਣ ਕੇ ਤਾਂ ਜ਼ਿੰਦਗੀ ਤੋਂ ਦੂਰ ਗਏ ਜੋਗੀ ਲੋਕ ਵੀ ਪਹਾੜਾਂ ਤੋਂ ਹੇਠਾਂ ਉਤਰ ਆਉਂਦੇ ਹਨ:

**"ਜੋਗੀ ਉੱਤਰ ਪਹਾੜੋਂ ਆਇਆ**
**ਚਰਖੇ ਦੀ ਘੂਕ ਸੁਣ ਕੇ।"**

**ਕੰਤ ਦੀ ਯਾਦ ਸਤਾਵੇ ਤਾਂ ਵੀ ਚਰਖਾ ਹੀ ਮਨ ਦਾ ਭਾਰ ਹੌਲਾ ਕਰਾਉਂਦਾ ਹੈ ਅਤੇ ਮੁਟਿਆਰ ਆਪਣੇ-ਆਪ ਇਹ ਗੀਤ ਗੁਣਗੁਣਾਉਣ ਲੱਗਦੀ ਹੈ:**

**"ਸੁਣ ਚਰਖੇ ਦੀ ਮਿੱਠੀ-ਮਿੱਠੀ ਘੂਕ**
**ਮਾਹੀ ਮੈਨੂੰ ਯਾਦ ਆਂਵਦਾ।"**

ਜਾਂ

**"ਹਰ ਚਰਖੇ ਦੇ ਗੇੜੇ ,**
**ਮਾਹੀ ਮੈਂ ਤੈਨੂੰ ਯਾਦ ਕਰਾਂ।"**

ਕਦੇ-ਕਦੇ ਜ਼ਿੰਦਗੀ ਉਦਾਸ ਰਸਤੇ 'ਤੇ ਲੰਘਦੀ ਹੈ, ਉਦੋਂ ਬਹਾਰ ਵੀ ਉਜਾੜ ਜਾਪਦੀ ਹੈ। ਹਰ ਪਲ ਸੁੰਨਾ ਤੇ ਹੋਰ ਡਰਾਉਣਾ ਬਣ ਜਾਂਦਾ ਹੈ ਤਾਂ ਗੀਤ ਉਪਜਦਾ ਹੈ:

**"ਚਰਖਾ ਮੈਂ ਆਪਣਾ ਕੱਤਾਂ,**
**ਤੰਦ ਤੇਰਿਆਂ ਦੁੱਖਾਂ ਦੀ ਪਾਵਾਂ।"**

ਜਾਂ

**"ਪੀੜ ਪਰਾਉਣੀ ਨ੍ਹਾ ਧੋ ਕੇ**
**ਜਦ ਗ਼ਮ ਦੀ ਚਰਖੀ ਡਾਹਵੇ,**
**ਪੂਣੀ-ਪੂਣੀ ਹੋ ਕੇ ਨੀਂ ,**
**ਮੇਰੀ ਜਿੰਦ ਕੱਤੀਂਦੀ ਜਾਵੇ।"**

ਕਈ ਵਾਰ ਕਿਸੇ ਮੁਟਿਆਰ ਦਾ ਆਪਣੇ ਕੰਤ ਨਾਲ ਬੇਹੱਦ ਪਿਆਰ ਹੁੰਦਾ ਹੈ।

ਉਹ ਮਾਹੀ ਤੋਂ ਇੱਕ ਪਲ ਵੀ ਦੂਰ ਨਹੀਂ ਹੋਣਾ ਚਾਹੁੰਦੀ। ਇਸ ਮਨੋਭਾਵ ਨੂੰ ਵੀ ਲੋਕ ਗੀਤ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ।

"ਉੱਥੇ ਲੈ ਚੱਲ ਚਰਖਾ ਮੇਰਾ,
ਜਿੱਥੇ ਤੇਰਾ ਹਲ ਵਗਦਾ।"

ਪ੍ਰੇਮੀਆਂ ਲਈ ਚਰਖਾ ਵਰਦਾਨ ਸਿੱਧ ਹੋਇਆ ਹੈ। ਇੱਕ ਦੂਜੇ ਨੂੰ ਇੱਕ ਪਲ ਦੇਖਣ ਲਈ ਚਰਖਾ ਬਹਾਨਾ ਬਣ ਜਾਂਦਾ ਹੈ ਅਤੇ ਦਰਸ਼ਨ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ।

**"ਚੁੱਕ ਚਰਖਾ ਗਲੀ ਦੇ ਵਿੱਚ**
**ਡਾਹੁੰਦੀਆਂ,**
**ਜਿਨ੍ਹਾਂ ਨੂੰ ਤਾਂਘ ਮਿੱਤਰਾਂ ਦੀ।"**

ਚਰਖੇ ਨਾਲ ਸਾਡੀ ਆਰਥਿਕਤਾ ਵੀ ਜੁੜੀ ਹੋਈ ਹੈ। ਚਰਖਾ ਭੈਣ ਤੇ ਭਰਾ ਦੇ ਪਿਆਰ ਦਾ ਪ੍ਰਤੀਕ ਵੀ ਹੈ।

**"ਚਰਖੀ ਰੰਗਲੀ ਦਾਜ ਦੀ,**
**ਮੇਰੇ ਵੀਰ ਨੇ ਵਲੈਤੋਂ ਆਂਦੀ।"**

ਪ੍ਰੇਮੀਆਂ ਲਈ ਚਰਖਾ ਭਾਵੇਂ ਵਰਦਾਨ ਹੈ ਪਰ ਛੜਿਆਂ ਦਾ ਚਰਖੇ ਨਾਲ ਬਹੁਤਾਂ ਲਗਾਉ ਨਹੀਂ ਹੈ। ਉਹ ਚਰਖਾ ਦੇਖ ਕੇ ਖਿਝਦੇ ਹਨ ਤੇ ਗੀਤ ਬਣਦਾ ਹੈ:

"ਚੱਕ ਚਰਖਾ ਪਰਾਂ ਕਰ ਪੀੜ੍ਹੀ,
ਛੜਿਆਂ ਨੇ ਬੋਕ ਬੰਨ੍ਹਣਾ।"

ਚਰਖਾ ਕੱਤਣਾ ਮਜਬੂਰੀ ਦੇ ਨਾਲ ਸ਼ੌਕ ਵੀ ਬਣਦਾ ਰਿਹਾ ਹੈ। ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਭਾਵੇਂ ਚੰਦਨ ਦੀ ਲੱਕੜੀ ਸਭ ਤੋਂ ਮਹਿੰਗੀ ਮੰਨੀ ਗਈ ਹੈ ਪਰ ਇਸ ਦੀ ਵਰਤੋਂ ਚਰਖਾ ਬਣਾਉਣ ਵਿੱਚ ਵੀ ਕੀਤੀ ਗਈ ਹੈ।

**"ਚਰਖਾ ਚੰਦਨ ਦਾ,**
**ਨੀਂ ਮੈਂ ਕੱਤਾਂ ਪ੍ਰੀਤਾਂ ਨਾਲ।"**

ਜਦੋਂ ਅਨੇਕਾਂ ਚਰਖੇ ਇਕੱਠੇ ਚਲਦੇ ਹਨ ਤਾਂ ਸਾਰਿਆਂ ਦੀ ਘੂਕ ਇੱਕ ਸੰਗੀਤ ਪੈਦਾ ਕਰਦੀ ਹੈ। ਉਸ ਸਮੇਂ ਕੁਦਰਤ ਦੇ ਰੰਗ ਗੂੜ੍ਹੇ ਤੇ ਸੋਹਣੇ ਦਿਖਾਈ ਦਿੰਦੇ ਹਨ ਤੇ ਖ਼ੁਸ਼ੀ ਵਿੱਚ ਇੱਕ ਲੋਕ ਗੀਤ ਉੱਠਦਾ ਹੈ:

**"ਗੂੰਜੇ ਚਰਖਾ ਬਿਸ਼ਨੀਏ ਤੇਰਾ,**
**ਲੋਕਾਂ ਭਾਣੇ ਮੋਰ ਕੂਕਦਾ।"**

ਪੁਰਾਤਨ ਰਸਮਾਂ-ਰਿਵਾਜ ਨਹੀਂ ਰਹੇ ਸ਼ਾਇਦ ਇਸੇ ਲਈ ਅੱਜ ਦੇ ਲੋਕਾਂ ਵਿੱਚ ਮੋਹ-ਪਿਆਰ, ਭਾਈਚਾਰਕ ਸਾਂਝ ਘੱਟ ਹੋ ਰਹੀ ਹੈ। ਲੋੜ ਹੈ ਪੁਰਾਣੇ ਸਮੇਂ ਦੇ ਅਮੀਰ ਚਿੰਨ੍ਹਾਂ ਦੀ ਸੰਭਾਲ ਕਰਦੇ ਹੋਏ ਅਸੀਂ ਅੱਗੇ ਵਧੀਏ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਮੀਰ ਸੱਭਿਆਚਾਰ ਬਾਰੇ ਜਾਣਕਾਰੀ ਦੇ ਸਕੀਏ। ਦੇਖਿਓ !

ਕਿਤੇ ਸਾਡਾ ਅਮੀਰ ਸੱਭਿਆਚਾਰ, ਸਾਡਾ ਪਿਛੋਕੜ ਸਾਡੇ ਤੋਂ ਬਹੁਤ ਪਿੱਛੇ ਨਾ ਰਹਿ ਜਾਵੇ ਅਤੇ ਹੋਰਨਾਂ ਸੱਭਿਆਤਾਵਾਂ ਦੁਆਰਾ ਉਡਾਈ ਗਰਦ ਇਸ ਉਪਰ ਹੀ ਨਾਂ ਜੰਮ ਜਾਵੇ।



# ਦੁਬਈ ਦਾ ਤਾਪਮਾਨ 45 ਡਿਗਰੀ ਤੋਂ ਘੱਟ ਕੇ 35 ਡਿਗਰੀ ਤੇ ਆ ਗਿਆ ਤੇ ਪੰਜਾਬ ਵਿੱਚ 45 -50 ਤੱਕ ਚਲਾ ਗਿਆ ਐ



ਗੁਰਜੀਤ ਗਿੱਲ ਰੀਜਾਇਨਾ
1 431 335 0935

ਪਾਣੀ ਇੱਕ ਅਜਿਹਾ ਕੁਦਰਤੀ ਸਰੋਤ ਹੈ ਜਿਸ ਤੇ ਸਾਰੀ ਸ੍ਰਿਸ਼ਟੀ ਨਿਰਭਰ ਹੈ ।ਪੰਜਾਬ ਦਾ ਪਾਣੀ ਪੰਜਾਬ ਲਈ ਇੱਕ ਬਹੁਤ ਅਨਮੁੱਲਾ ਕੁਦਰਤੀ ਵਰਦਾਨ ਹੁੰਦਾ ਸੀ ਜੋ ਅੱਜਕੱਲ ਖੁਸਦਾ ਨਜਰ ਆ ਰਿਹਾ ਹੈ ਕਿਸੇ ਸਮਾਂ ਸੀ ਜਦੋਂ ਸਾਡਾ ਰੰਗਲਾ ਪੰਜ ਦਰਿਆਵਾਂ ਵਾਲਾ ਪੰਜਾਬ ਪਾਣੀਆਂ ਵਿੱਚ ਸਭ ਤੋਂ ਮੋਹਰੀ ਸੂਬਾ ਹੋਇਆ ਕਰਦਾ ਸੀ ।ਪਰ ਅੱਜ ਜੇ ਪਾਣੀ ਦੀ ਡੂੰਘਾਈ ਦੀ ਗੱਲ ਕਰੀਏ ਤਾਂ ਦਿਨ ਬ ਦਿਨ ਪੰਜਾਬ ਦੇ ਪਾਣੀ ਡੂੰਘੇ ਹੁੰਦੇ ਜਾ ਰਹੇ ਹਨ ਅੱਜ ਪੰਜਾਬ ਦਾ ਪਾਣੀ ਤਕਰੀਬਨ 160 ਫੁੱਟ ਦੀ ਡੂੰਘਾਈ ਦੇ ਆਸ ਪਾਸ ਪਹੁੰਚ ਚੁੱਕਾ ਹੈ ।

ਜੋ ਅੱਜ ਤੋਂ 15 ਸਾਲ ਪਹਿਲਾ ਜਦੋਂ ਆਪਣੇ ਖੇਤਾਂ ਵਿੱਚ ਮੋਟਰਾਂ ਵਾਲੇ ਪਾੜ ਹੁੰਦੇ ਸਨ ਤਾਂ ਇਹੀ ਧਰਤੀ ਹੇਠਲਾ ਪਾਣੀ ਮਸਾਂ 55-60 ਫੁੱਟ ਦੀ ਡੂੰਘਾਈ ਤੇ ਆਮ ਹੀ ਮਿਲ ਜਾਂਦਾ ਸੀ ਉਹ ਵੀ ਬਹੁਤ ਸ਼ੁੱਧ ਅਤੇ ਪੀਣ ਦੇ ਯੋਗ ਪਰ ਅੱਜ ਇਹ ਇੱਕ ਬਹੁਤ ਹੀ ਗੰਭੀਰ ਤੇ ਸ਼ੰਜੀਦਾ ਮੁੱਦਾ ਹੈ । ਜਿਸ ਤੇ ਸੋਚਣ ਦੀ ਲੋੜ ਹੈ ।

ਅੱਜ ਤੋਂ ਦੋ ਦਹਾਕੇ ਪਹਿਲਾ ਦੁਬਈ ਪੰਜਾਬ ਨਾਲ਼ੋਂ ਗਰਮ ਸੂਬਾ ਮੰਨਿਆ ਜਾਂਦਾ ਸੀ । ਪਰ ਉੱਥੋਂ ਦੀ ਸਰਕਾਰ ਤੇ ਲੋਕਾਂ ਨੇ ਰਲ ਮਿਲ ਕੇ ਉਸ ਮਸਲੇ ਦਾ ਹੱਲ ਲੱਭਿਆ , ਵੱਧ ਤੋਂ ਵੱਧ ਦਰਖ਼ਤ ਲਾਏ , ਪਾਣੀ ਦੀ ਵਰਤੋ ਵਿੱਚ ਕਟੌਤੀ ਕੀਤੀ , ਹੋਰ ਵੀ ਬਹੁਤ ਸਾਰੇ ਉਪਰਾਲੇ ਕੀਤੇ । ਜਿਸ ਦੇ ਨਤੀਜੇ ਵੱਜੋਂ ਅੱਜ ਦੁਬਈ ਦਾ ਤਾਪਮਾਨ 45 ਡਿਗਰੀ ਤੋਂ ਘੱਟ ਕੇ 35 ਡਿਗਰੀ ਤੇ ਗਿਆ ਤੇ ਪੰਜਾਬ ਵਿੱਚ ਇਹ ਤਾਪਮਾਨ ਗਰਮੀ ਦੇ ਦੇ ਦਿਨਾਂ ਵਿੱਚ 45 -50 ਤੱਕ ਚਲਾ ਜਾਂਦਾ ਹੈ ਜਿਸ ਕਾਰਨ ਬਹੁਤ ਸਾਰਾ ਜਾਨੀ ਮਾਲੀ ਨੁਕਸਾਨ ਵੀ ਹੁੰਦਾ ਹੈ।

ਪਾਣੀ ਦੇ ਡੂੰਘੇ ਹੋਣ ਪਿੱਛੇ ਕੋਈ ਇੱਕ ਕਾਰਨ ਨਹੀਂ ਹੈ , ਕਿਸੇ ਇੱਕ ਧਿਰ ਨੂੰ ਦੋਸ਼ੀ ਕਰਾਰ ਦੇਣਾ ਵਾਜਿਬ ਨਹੀਂ । ਜਿਵੇਂ ਹੁਣ ਆਪਾ ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਇਸ ਪਿੱਛੇ ਕਿਸਾਨਾਂ ਵੱਲੋਂ ਬੀਜੀ ਜਾਂਦੀ ਝੋਨੇ ਦੀ ਫਸਲ ਕਾਰਨ ਕਿਸਾਨਾਂ ਸਿਰ ਸਾਰਾ ਦੋਸ਼ ਮੜਨ ਤੇ ਲੱਗੇ ਹੋਏ ਹਨ ।ਪਰ ਦੇ ਦੇਖਿਆ ਜਾਵੇ ਤਰਾਂ ਤਰਾਂ ਦੀਆਂ ਵੱਡੀਆਂ ਕਾਰਪੋਰੇਟ ਫ਼ੈਕਟਰੀਆਂ ਜਿੱਥੇ ਸ਼ਰਾਬ ਬਣਾਈ ਜਾਂਦੀ ਹੈ , ਸਾਬਣ ਬਣਾਇਆ ਜਾਂਦਾ ਹੋਰ ਪਤਾ ਨੀ ਕਿੰਨੇ ਵੱਖ ਵੱਖ ਤਰਾਂ ਦੀਆਂ ਵਰਤੋ ਵਾਲੀਆਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ ਉੱਥੇ ਵੀ ਬਹੁਤ ਵੱਡੀ ਮਾਤਰਾ ਵਿੱਚ ਪਾਣੀ ਦੀ ਦੁਰਵਰਤੋਂ ਕੀਤੀ ਜਾਂਦੀ ਹੈ । ਉਹਨਾਂ ਬਾਰੇ ਕੋਈ ਵੀ ਬੰਦਾ ਬੋਲਣ ਨੂੰ ਤਿਆਰ ਨਹੀਂ ।

ਮੈਂ ਤਾਂ ਇਹੀ ਕਹਾਂਗਾ ਕਿ ਇੱਕ ਦੂਸਰੇ ਸਿਰ ਦੋਸ਼ ਮੜਨ ਨਾਲ਼ੋਂ ਚੰਗਾ ਕਿ ਇਸ ਗੰਭੀਰ ਮਸਲੇ ਦਾ ਹੱਲ ਲੱਭਿਆ ਜਾਵੇ ।ਸਰਕਾਰਾਂ ਤੇ ਲੋਕਾਂ ਨੂੰ ਰਲਮਿਲ ਕੇ ਇਸ ਮਸਲੇ ਦਾ ਹੱਲ ਲੱਭਣ ਦੀ ਲੋੜ ਹੈ। ਸਰਕਾਰਾਂ ਨੂੰ ਚਾਹੀਦਾ ਕਿ ਫ਼ਸਲੀ ਚੱਕਰ ਨੂੰ ਮਾਨਤਾ ਦੇ ਕੇ ਝੋਨੇ ਅਤੇ ਕਣਕ ਦੇ ਨਾਲ ਨਾਲ ਹੋਰ ਫਸਲਾਂ ਦੇ ਨਿਰਧਾਰਿਤ ਮੁੱਲ ਤੈਅ ਕਰ ਦਿੱਤੇ ਜਾਣ । ਤਾਂ ਜੋ ਕਿਸਾਨ ਇਹ ਕਣਕ ਝੋਨੇ ਵਾਲੇ ਚੱਕਰਾਂ ਚੋਂ ਨਿਕਲ ਕੇ ਹੋਰ ਫਸਲਾਂ ਦੀ ਬਿਜਾਈ ਕਰਨ ਤੇ ਮੁਨਾਫ਼ਾ ਕਮਾ ਸਕਣ । ਨਾਲ ਨਾਲ ਸਾਰੇ ਲੋਕ ਰਲ ਕੇ ਵੱਧ ਵੱਧ ਦਰਖ਼ਤ ਲਗਾਉਣ ਤੇ ਪੁਰਾਣੇ ਸਰਕਾਰ ਵੱਲੋਂ ਲਗਾਏ ਦਰਖ਼ਤਾਂ ਨੂੰ ਵੱਢਣਾ ਬੰਦ ਕਰਨ। ਜਿੰਨੀਆਂ ਵੀ ਫ਼ੈਕਟਰੀਆਂ ਵਿੱਚ ਪਾਣੀ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਉਹਨਾਂ ਉੱਪਰ ਪਾਬੰਦੀ ਲਗਾਈ ਜਾਵੇ ਤੇ ਪਾਣੀ ਦੀ ਨਾਜਾਇਜ਼ ਵਰਤੋ ਕਰਨ ਸਬੰਧੀ ਕੋਈ ਕਾਨੂੰਨ ਬਣਾਇਆ ਜਾਵੇ ਜਿਸ ਅਧੀਨ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਦਿੱਤੀ ਜਾ ਸਕੇ ।

ਸ਼ਹਿਰਾਂ ਵਿੱਚ ਮਿਉਸੀਪਲ ਕਮੇਟੀਆਂ ਵੱਲੋਂ ਘਰਾਂ ਦੇ ਬਾਹਰ ਗੱਡੀਆਂ ਧੋਣ ਵਾਲੇ ਲੋਕਾਂ ਨੂੰ ਰੋਕਿਆ ਜਾਵੇ । ਕਈਆਂ ਸ਼ਹਿਰਾਂ ਵਿੱਚ ਇਹ ਕਾਨੂੰਨ ਪਹਿਲਾ ਹੀ ਲਾਗੂ ਹੋ ਚੁੱਕਾ ਹੈ ।ਹੋਰ ਵੀ ਜਿਸ ਥਾਂ ਤੇ ਪਾਣੀ ਦੀ ਨਾਜਾਇਜ਼ ਵਰਤੋ ਹੋ ਰਹੀ ਹੈ , ਉਸ ਨੂੰ ਰੋਕਿਆ ਜਾਵੇ ।

ਇਸਦੇ ਨਾਲ ਹੀ ਮੈਂ ਕਿਸਾਨ ਵੀਰਾ ਨੂੰ ਵੀ ਬੇਨਤੀ ਕਰਦਾ ਹਾਂ ਕਿ ਜੋ ਵੀ ਕਿਸਾਨ ਵੀਰ ਠੇਕੇ ਤੇ ਜ਼ਮੀਨਾਂ ਲੈਂਦੇ ਹਨ ਉਹਨਾ ਨੂੰ ਚਾਹੀਦਾ ਕਿ ਉਹ ਜ਼ਮੀਨ ਠੇਕੇ ਤੇ ਲੈਣ ਤੋਂ ਪਹਿਲਾ ਸਾਰਾ ਹਿਸਾਬ ਕਿਤਾਬ ਲਗਾ ਕੇ ਦੇਖਣ ਕਿ ਸਾਲ ਦਾ ਠੇਕਾ ਕੱਢ ਕੇ ਉਹਨਾਂ ਨੂੰ ਕੀ ਮੁਨਾਫ਼ਾ ਹੋ ਰਿਹਾ , ਉਹਦੇ ਹਿਸਾਬ ਨਾਲ ਉਹ ਠੇਕੇ ਦਾ ਰੇਟ ਕੱਢ ਕੇ ਜ਼ਮੀਨ ਲੈਣ ਤੇ ਨਾਲ ਹੀ ਜ਼ਮੀਨ ਦੇ ਮਾਲਕ ਨੂੰ ਵੀ ਚਾਹੀਦਾ ਕਿ ਉਹ ਵੀ ਮਾੜਾ ਮੋਟਾ ਸੋਚ ਸਮਝ ਕੇ ਠੇਕੇ ਦਾ ਰੇਟ ਤੈਅ ਕਰਨ ਖਾਸ ਕਰਕੇ ਜਿੰਨੇ ਮੇਰੇ ਵੀਰ ਭਰਾ ਐਨ ਆਰ ਆਈ ਹਨ ਉਹਨਾਂ ਨੂੰ ਚਾਹੀਦਾ ਕਿ 5000 ਰੁਪਏ ਠੇਕਾ ਘੱਟ ਲੈ ਲਿਆ ਕਰੋ ਕੋਈ ਫਰਕ ਨੀ ਪੈਂਦਾਂ ਤੁਹਾਨੂੰ ਸਗੋਂ ਜੋ ਕਿਸਾਨ ਜ਼ਮੀਨ ਠੇਕੇ ਤੇ ਲੈ ਰਿਹਾ ਉਸਨੂੰ ਬੇਨਤੀ ਕਰਿਆ ਕਰੋ ਕਿ ਹਰ ਸਾਲ 10-20 ਦਰਖ਼ਤ ਉਹਨਾਂ ਛੱਡੇ ਹੋਏ ਪੈਸਿਆਂ ਚੋਂ ਲਗਾ ਦਿਆ ਕਰਨ ਤੇ ਜ਼ਹਿਰ ਵਾਲੀਆਂ ਰੇਹਾਂ ਸਪਰੇਹਾਂ ਨਾਲ਼ੋਂ ਦੇਸੀ ਖਾਦ ਦੀ ਵਰਤੋ ਕਰਨ। ਇਸ ਤਰਾਂ ਕਰਨ ਨਾਲ ਕਿਸਾਨ ਨੂੰ ਵੀ ਮੁਨਾਫ਼ਾ ਹੋਊ , ਤੁਹਾਡੀ ਪੈਲ਼ੀ ਵੀ ਬੰਜਰ ਹੋਣੋਂ ਬਚੀ ਰਹੂ ,ਵਾਤਾਵਰਣ ਵੀ ਸ਼ੁੱਧਹਊ ਤੇ ਨਾਲ ਪਾਣੀ ਦੀ ਵੀ ਬੱਚਤ ਹਊ ।

ਸੋ ਆਉ ਸਾਰੇ ਰਲਮਿਲ ਕੇ ਇਸ ਅਣਮੁੱਲੇ ਕੁਦਰਤੀ ਸਰੋਤ ਪਾਣੀ ਦੀ ਸੰਭਾਲ਼ ਕਰੀਏ ਤੇ ਇਸ ਪਾਣੀਆਂ ਵਾਲੇ ਪੰਜਾਬ ਨੂੰ ਬੰਜਰ ਨਾ ਬਣਨ ਦੇਈਏ ਨਹੀਂ ਸਾਨੂੰ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੇ ਕਦੇ ਮਾਅਫ ਨਹੀਂ ਕਰਨਾ ।



# ਖੋਜੀ ਕਵੀਸ਼ਰ ਜਸਵੰਤ ਸਿੰਘ ਸੇਖੋਂ ਦੀ ਸ਼ਾਇਰੀ



ਜਗਦੇਵ ਸਿੱਧੂ
403 351 1136

ਕਵੀਸ਼ਰੀ ਸ਼ਾਇਰੀ ਦੀ ਮਾਣ-ਮੱਤੀ ਵੰਨਗੀ ਹੈ ਜੋ ਪਿੰਡਾਂ ਦੀਆਂ ਸੱਥਾਂ ਅਤੇ ਮੇਲਿਆਂ ਦਾ ਸ਼ਿੰਗਾਰ ਰਹੀ ਹੈ। ਦੂਰ-ਦੂਰ ਦੇ ਪਿੰਡਾਂ ਤੋਂ ਲੋਕ ਟੌਹਰ ਕੱਢ ਕੇ ਗੌਣ ਸੁਨਣ ਵਾਸਤੇ ਅਖਾੜਿਆਂ ਵਿਚ ਆਉਂਦੇ, ਜ਼ਨਾਨੀਆਂ ਲਵੇ-ਲੌਣੇ ਮਕਾਨਾਂ ਦੀਆਂ ਛੱਤਾਂ ਤੇ ਸਜ-ਧਜ ਕੇ ਜੁੜਦੀਆਂ। ਤੁਰਲੇ (ਟੌਰੇ) ਵਾਲੀ ਚਿੱਟੀ ਪੱਗ, ਸਫ਼ੈਦ ਜਾਂ ਰੰਗਦਾਰ ਕੁੜਤਾ, ਚਿੱਟਾ ਧੂੰਹਵਾਂ ਚਾਦਰਾ, ਖੱਲ ਜਾਂ ਕੁਰਮ ਦੀ ਕੱਢਵੀਂ ਨੋਕਦਾਰ ਜੁੱਤੀ, ਹੱਥ ਵਿਚ ਰੇਸ਼ਮੀ ਰੁਮਾਲ, ਖੱਬਾ ਹੱਥ ਕੰਨ ਤੇ, ਸੱਜਾ ਹੱਥ ਉਤਾਂਹ ਨੂੰ ਕਰ ਕੇ , ਤੁਰ-ਫਿਰ ਕੇ ਹੇਕਾਂ ਲਾਉਂਦਾ ਕਵੀਸ਼ਰ ਅਖਾੜੇ ਦਾ ਬਾਦਸ਼ਾਹ ਹੁੰਦਾ। ਕਵੀਸ਼ਰੀ ਦੀ ਉੱਚੀ-ਸੁੱਚੀ ਕਲਾ ਨੂੰ ਸਮੇਂ ਦੇ ਥਪੇੜਾਂ ਨੇ ਤਕਰੀਬਨ ਅਲੋਪ ਕਰ ਦਿੱਤਾ ਹੈ। ਫਿਰ ਵੀ ਧੰਨ ਹਨ ਉਹ ਸਿਰੜੀ ਕਵੀਸ਼ਰ ਤੇ ਉਹ ਸੁੱਚੇ ਮੋਤੀਆਂ ਵਰਗੇ ਕਦਰਦਾਨ ਸਰੋਤੇ ਜਿਹੜੇ ਇਸ ਵਿਲੱਖਣ ਕਲਾ ਨੂੰ ਆਪਣੇ ਦਮ ਤੇ ਜਿਉਂਦਾ ਰੱਖ ਰਹੇ ਹਨ। ਇਸ ਤੋਂ ਹੋਰ ਵੀ ਮਾਨ-ਸਨਮਾਨ ਦੇ ਹੱਕਦਾਰ ਪਾਤਰ ਹਨ ਉਹ ਜਿਹੜੇ ਵਿਦੇਸ਼ਾਂ ਵਿਚ, ਜਾਣੀ ਪੰਜਾਬੋਂ ਬਾਹਰਲੀਆਂ ਧਰਤੀਆਂ ਤੇ, ਨਾ ਸਿਰਫ਼ ਕਵੀਸ਼ਰੀ ਲਿਖ ਤੇ ਗਾ ਰਹੇ ਹਨ, ਸਗੋਂ ਇਸ ਦੀ ਹਰਮਨਪਿਆਰਤਾ ਬਹਾਲ ਕਰਨ ਲਈ ਵਚਨਵੱਧ ਹਨ ।ਇਨ੍ਹਾਂ ਹੀ ਵਿੱਚੋਂ ਇੱਕ ਸਿਰਕੱਢ ਸੂਰਾ ਕਵੀਸ਼ਰ ਹੈ ਜਸਵੰਤ ਸਿੰਘ ਸੇਖੋਂ। ਉਸ ਨੇ ਹੁਣ ਤਕ ਕਵੀਸ਼ਰੀ ਦੀਆਂ ਚਾਰ ਕਿਤਾਬਾਂ - ਕਵੀਸ਼ਰੀ ਗੁਲਦਸਤਾ, ਸੇਖੋਂ ਪ੍ਰਸੰਗ, ਸੇਖੋਂ ਲਹਿਰਾਂ ਅਤੇ ਪਿਆਰੇ ਸੇਖੋਂ - ਕਵੀਸ਼ਰੀ ਦੇ ਕਦਰਦਾਨਾਂ ਦੀ ਝੋਲ਼ੀ ਪਾਈਆਂ ਹਨ। ਪੰਜਵੀਂ ਕਿਤਾਬ ਦਾ ਖਰੜਾ ਤਿਆਰ ਹੈ। ਸੇਖੋਂ ਕਵੀ ਵੀ ਹੈ ਤੇ ਗਮੰਤਰੀ ਵੀ। ਚੌੜੀ ਛਾਤੀ ਵਾਲਾ, ਕੱਦਾਵਰ, ਨਰੋਏ ਜੁੱਸੇ ਵਾਲਾ, ਸੋਹਣਾ-ਸੁਨੱਖਾ, ਸਲੀਕੇ ਨਾਲ ਪਹਿਨਿਆ-ਪੱਚਰਿਆ ਜਸਵੰਤ ਸਿੰਘ ਸੇਖੋਂ ਕੁਹਾੜੇ ਵਾਲਾ ਜਦੋਂ ਬੁਲੰਦ ਆਵਾਜ਼ ਵਿਚ ਗਾਉਂਦਾ ਹੈ ਤਾਂ ਸਰੋਤਿਆਂ ਦੇ ਮਨਾਂ ਅੰਦਰ ਲਹਿ ਜਾਂਦਾ ਹੈ ਜਿਵੇਂ ਪੰਖੇਰੂ ਵੀ ਡੋਲ ਜਾਂਦੇ ਹੋਣ।

ਸੇਖੋਂ ਦੀ ਵਿਲੱਖਣਤਾ ਇਹ ਹੈ ਕਿ ਉਹ ਇੱਕ ਖੋਜੀ ਕਵੀ ਹੈ। ਉਹ ਸੁਣੇ-ਸੁਣਾਏ ਕਿੱਸੇ ਨਹੀਂ ਲਿਖਦਾ ਸਗੋਂ ਕਿਸੇ ਪਰਸੰਗ ਨੂੰ ਮਕਬੂਲ ਪੁਸਤਕਾਂ ਜਾਂ ਦਸਤਾਵੇਜ਼ਾਂ ਵਿੱਚੋਂ ਪੜ੍ਹਦਾ ਹੈ, ਸਮਝਦਾ ਹੈ, ਫਿਰ ਆਪਣੀ ਕਾਵਿ-ਕਲਾ ਨਾਲ ਨੇਮ-ਬੱਧ ਛੰਦਾਂ ਵਿਚ ਢਾਲ਼ਦਾ ਹੈ। ਇਸ ਖੋਜ ਦਾ ਪਰਮਾਣ ਇਹ ਹੈ ਕਿ ਉਹ ਬਾਕਾਇਦਾ ਹਵਾਲਾ-ਪੁਸਤਕਾਂ, ਗ੍ਰੰਥਾਂ ਅਤੇ ਦਸਤਾਵੇਜ਼ਾਂ ਦੇ ਲੇਖਕਾਂ ਸਮੇਤ ਨਾਂ ਦਸਦਾ ਹੈ, ਸਫ਼ਾ ਨੰਬਰ ਦਿੰਦਾ ਹੈ ਤੇ ਇਸ ਨਾਲ ਸੰਬੰਧਤ ਬਣਦੀ ਜਾਣਕਾਰੀ ਦਰਜ ਕਰਦਾ ਹੈ। ਉਦਾਹਰਣ ਵਜੋਂ ਭਾਗਵਤ ਗੀਤਾ ਵਿੱਚੋਂ ਸੰਸਕ੍ਰਿਤ ਦੇ ਸ਼ਲੋਕ, ਮਹਾਨ ਕੋਸ਼ ਵਿੱਚੋਂ ਸ਼ਬਦਾਂ ਦੇ ਅਰਥ ਤੇ ਪ੍ਰੀਭਾਸ਼ਾਵਾਂ, ਅਨਅਲਹੱਕ, ਅਹੰਬ੍ਰਹਮ, ਅੱਲਾ ਦਾ ਰਸੂਲ ਵਰਗੇ ਸ਼ਬਦ ਉਸ ਦੇ ਗਹਿਰੇ ਅਧਿਅਨ ਦਾ ਪਰਮਾਣ ਹਨ। ਉਸ ਨੇ ਪੰਥ ਪ੍ਰਕਾਸ਼, ਪੁਰਾਤਨ ਸਾਖੀ, ਭਾਈ ਵੀਰ ਸਿੰਘ, ਖਾਲਿਸਨਾਮਾ ਕ੍ਰਿਤ ਰਤਨ ਚੰਦ ਬਾਲ, ਤਾਰੀਖ਼-ਏ-ਪੰਜਾਬ, ਮਹਿਮਾ ਪ੍ਰਕਾਸ਼, ਜਨਮ ਸਾਖੀਆਂ, ਪ੍ਰਿੰਸੀਪਲ ਸਤਿਬੀਰ ਸਿੰਘ ਰਚਿਤ ਪੁਰਖ ਭਗਵੰਤ, ਦਸਮ ਗ੍ਰੰਥ, ਪ੍ਰੋਫੈਸਰ ਕਰਤਾਰ ਸਿੰਘ ਲਿਖਿਤ ਸਿੱਖ ਇਤਿਹਾਸ, ਸੂਰਜ ਪ੍ਰਕਾਸ਼, ਗੁਰਬਲਾਸ ਪਾਤਸ਼ਾਹੀ ਦਸਵੀਂ, ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ, ਅਹਿਮਦ ਸ਼ਾਹ ਬਟਾਲਵੀ ਦੀ ਲਿਖਤ, ਕੇਸਰ ਸਿੰਘ ਦੀ ਕੈਨੇਡੀਅਨ ਸਿੱਖਜ਼, ਔਟਵਾ ਵਿਖੇ ਆਰਕਾਈਵਜ਼, ਪ੍ਰੇਮ ਸਿੰਘ ਬਜਾਜ ਲਿਖਿਤ ਪੈੜਾਂ ਇਤਿਹਾਸ ਦੀਆਂ ਅਤੇ ਹੋਰ ਕਿੰਨੀਆਂ ਹੀ ਲਿਖਤਾਂ ਤੇ ਦਸਤਾਵੇਜ਼ਾਂ ਦਾ ਡੂਘਾ ਅਧਿਅਨ ਅਤੇ ਮੁਤਾਲਿਆ ਕੀਤਾ ਹੈ। ਸੇਖੋਂ ਆਪਣੀ ਸ਼ਾਇਰੀ ਵਿਚ ਵਰਤੇ ਹੋਰ ਭਾਸ਼ਾਵਾਂ ਅਤੇ ਪੰਜਾਬੀ ਦੇ ਔਖੇ ਸ਼ਬਦਾਂ ਦੇ ਅਰਥ ਵੀ ਦਿੰਦਾ ਹੈ। ਇਸ ਮੰਤਵ ਲਈ ਉਹ ਮੁੱਖ ਤੌਰ ਤੇ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਦਾ ਸਹਾਰਾ ਲੈਂਦਾ ਹੈ। ਇੰਨ੍ਹਾਂ ਤੱਥਾਂ ਤੋਂ ਉਸ ਦੀ ਜਗਿਆਸਾ , ਲਗਨ, ਕਲਾ ਪ੍ਰਤੀ ਦਿਆਨਤਦਾਰੀ, ਮਿਹਨਤ ਅਤੇ ਸਿਰੜ ਦਾ ਅਨੁਮਾਨ ਲਾਇਆ ਜਾ ਸਕਦਾ ਹੈ । ਉਸ ਦੇ ਪਰਸੰਗਾਂ ਵਿਚ ਇਤਿਹਾਸਕ ਪੱਖਾਂ ਨੂੰ ਛੇੜੇ ਬਿਨਾਂ ਅਤੇ ਅਤਿਕਥਨੀ ਦਾ ਸ਼ਿਕਾਰ ਹੋਏ ਬਿਨਾਂ ਸਹੀ ਤਸਵੀਰ ਸਾਹਮਣੇ ਆਉਂਦੀ ਹੈ। ਸੇਖੋਂ ਹੀ ਅਜਿਹਾ ਸ਼ਾਇਰ ਹੈ ਜੋ ਪਹਿਲਾਂ ਇਤਿਹਾਸਕ ਤੇ ਸਾਹਿਤਕ ਵੇਰਵਿਆਂ ਸਮੇਤ ਪਰਸੰਗ ਦੀ ਵਿਆਖਿਆ ਕਰਦਾ ਹੈ, ਫਿਰ ਇਸ ਨੂੰ ਛੰਦ-ਬਧ ਰੂਪ ਵਿਚ ਪ੍ਰਸਤੁਤ ਕਰਦਾ ਹੈ ਅਤੇ ਅਖ਼ੀਰ ਵਿਚ ਆਮ ਪਾਠਕ ਦੀ ਆਸਾਨੀ ਲਈ ਔਖੇ ਜਾਂ ਅਲੋਪ ਹੋ ਰਹੇ ਪੁਰਾਤਨ ਸ਼ਬਦਾਂ ਦੇ ਅਰਥ ਦਿੰਦਾ ਹੈ। ਇੱਥੋਂ ਤਕ ਕਿ ਇੱਕ ਥਾਂ ਡੂਢੇ ਛੰਦ ਦੀ ਪਿੰਗਲ-ਵਿਧੀ ਦੱਸ ਕੇ ਇਸ ਦੀ ਰਚਨਾ ਬਾਰੇ ਭੁਲੇਖਾ ਦੂਰ ਕੀਤਾ ਹੈ। ਉਹ ਸਪਸ਼ਟ ਕਰਦਾ ਹੈ - ਲਿਖਦਾ ਜਸਵੰਤ ਕਵੀਸ਼ਰ, ਜੋ ਕੁਛ ਵੀ ਪੜ੍ਹਦਾ ਏ।—(ਪਿਆਰੇ ਸੇਖੋਂ—20)

ਰਵਾਇਤੀ ਕਵੀਸ਼ਰਾਂ ਵਾਂਗ ਸੇਖੋਂ ਵੀ ਮਸ਼ਹੂਰ ਕਵੀਸ਼ਰ ਮੋਹਨ ਸਿੰਘ ਰੋਡੇ ਨੂੰ ਬਚਪਨ ਤੋਂ ਆਪਣਾ ਗੁਰੂ ਮੰਨਦਾ ਹੈ। ਇਹੋ ਮੋਹਨ ਸਿੰਘ ਰੋਡੇ ਕਵੀਸ਼ਰਾਂ ਦੇ ਸਰਤਾਜ ਕਰਨੈਲ ਸਿੰਘ ਪਾਰਸ ਦਾ ਵੀ ਗੁਰੂ ਸੀ। ਪ੍ਰੰਪਰਾ ਅਨੁਸਾਰ ਸੇਖੋਂ ਸ਼ੁਰੂ ਵਿਚ ਮੰਗਲਾਚਰਨ ਲਿਖ ਕੇ ਅਸ਼ੀਰਵੀਦ ਲੈਂਦਾ ਹੈ ਅਤੇ ਹਰੇਕ ਛੰਦ ਦੇ ਅਖ਼ੀਰ ਵਿਚ ਆਪਣਾ ਅਤੇ ਕਈ ਵਾਰ ਆਪਣੇ ਸ਼ਾਗਿਰਦਾਂ ਦਾ ਨਾਂ ਪਾਉਂਦਾ ਹੈ। ਉਸ ਦੇ ਰਚੇ ਹੋਏ ਪਰਸੰਗ ਕਈ ਨਾਮਵਰ ਕਵੀਸ਼ਰ ਗਾ ਕੇ ਨਾਮਣਾ ਖੱਟ ਰਹੇ ਹਨ।

ਸੇਖੋਂ ਮੰਨਦਾ ਹੈ ਕਿ ਉਸ ਨੇ ਪਿੰਗਲ ਨਹੀਂ ਪੜ੍ਹਿਆ ਪਰ ਅਭਿਆਸ ਨਾਲ ਉਸ ਨੇ ਪਿੰਗਲ ਦੇ ਨਿਯਮਾਂ ਤੇ ਸੂਤਰਾਂ ਦਾ ਚੋਖਾ ਗਿਆਨ ਹਾਸਲ ਕਰ ਲਿਆ ਹੈ। ਮਸ਼ਹੂਰ ਕਿੱਸਾਕਾਰ ਦੌਲਤ ਰਾਮ ਵੀ ਲਿਖਦਾ ਹੈ ਕਿ ਉਸ ਨੇ ਪਿੰਗਲ ਨਹੀਂ ਸੀ ਪੜ੍ਹਿਆ - ਕੀਤਾ ਪਿੰਗਲ ਦਾ ਕੱਝ ਅਭਿਆਸ ਨਾਹੀਂ, ਬੁੱਧੀ ਹੋ ਗਈ ਸੁਤੇ ਪ੍ਰਕਾਸ਼ ਮੇਰੀ।— (ਕਿੱਸਾ ਰਾਜਾ ਰਸਾਲੂ ਚੋਂ)। ਸੇਖੋਂ ਔਖੇ ਤੋਂ ਔਖੇ ਛੰਦਾਂ ਵਿਚ ਵੀ ਪੂਰੀ ਮੁਹਾਰਤ ਤੇ ਸਹਿਜ ਨਾਲ ਰਚਨਾ ਕਰਦਾ ਹੈ, ਜਿਵੇਂ ਤਰਜ਼ ਗੱਡੀ, ਔੜਾ ਛੰਦ, ਡਿਊਢਾ ਛੰਦ ਵਗੈਰਾ। ਉਂਝ ਉਸ ਨੇ ਬੈਂਤ, ਕਬਿੱਤ, ਡੋਲੀਨੁਮਾ ਛੰਦ, ਦੋਤਾਰਾ ਛੰਦ, ਕਲੀ, ਭਵਾਨੀ ਛੰਦ, ਮਿਸ਼ਰਤ ਛੰਦ, ਦਵੱਈਆ, ਡਬਲ ਕੋਰੜਾ ਛੰਦ, ਮੁਕੰਦ ਛੰਦ, ਤਰਜ਼ ਜੱਗਾ ਗੱਡੀ, ਕਮਾਨੀ ਛੰਦ, ਲੈਹਰੀਆ, ਨਵੀਨ ਤਰਜ਼, ਲਲਿਤਪਦਾ ਛੰਦ, ਅਮੋਲਕ ਭਵਾਨੀ ਛੰਦ ਆਦਿ। ਗਿਆਨੀ ਬਿਸ਼ਨ ਸਿੰਘ ਦੀ ਲਿਖਤ ਵਿਚ ਔਖੇ ਸ਼ਬਦ ਤੇ ਗੁੰਝਲਦਾਰ ਵਾਕ ਹਨ ਜਿੰਨ੍ਹਾਂ ਨੂੰ ਪੜ੍ਹ ਕੇ ਸਮਝਣਾ ਬੜੀ ਮਿਹਨਤ, ਲਗਨ, ਬੁੱਧੀ ਤੇ ਸਮੇਂ ਦੀ ਮੰਗ ਕਰਦਾ ਹੈ, ਜੋ ਸੇਖੋਂ ਨੇ ਪ੍ਰਬੀਨਤਾ ਨਾਲ ਕੀਤਾ ਹੈ। ਇਹ ਵੀ ਖੋਜ ਦੀ ਇੱਕ ਪਰਕ੍ਰਿਆ ਹੈ। ਉਸ ਨੇ ਛੰਦਾ-ਬੰਦੀ ਦੇ ਨੇਮਾਂ, ਇਸ ਦੀ ਵਿਆਕਰਣ, ਵਿਸ਼ੇ ਦੀ ਆਤਮਾ ਅਤੇ ਸ਼ਾਇਰੀ ਦੇ ਨਿਭਾਅ ਨਾਲ ਬਣਦਾ ਨਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸੇਖੋਂ ਨੇ ਸ਼ੁਰੂ ਤੋਂ ਲੈ ਕੇ ਹੁਣ ਤਕ ਸ਼ਾਇਰੀ ਦਾ ਜੋ ਸਫ਼ਰ ਤੈਅ ਕੀਤਾ ਹੈ, ਉਸ ਦੀਆਂ ਲਿਖਤਾਂ ਵਿਚ ਲਗਾਤਾਰ ਨਿਖਾਰ ਆਇਆ ਹੈ। ਉਸ ਦੀ ਪੁਸਤਕ-ਸੇਖੋਂ ਪ੍ਰਸੰਗ 2013 ਵਿਚ ਸਾਹਮਣੇ ਆਈ ਜਿਸ ਅੰਦਰ ਗੁਰੂ ਨਾਨਕ ਦੇਵ ਜੀ ਦੀ ਰੁਹੇਲ ਖੰਡ ਯਾਤਰਾ, ਦਸ਼ਮੇਸ਼ ਪਿਤਾ, ਸਾਕਾ ਨੀਲਾ ਤਾਰਾ, ਬੱਬਰ ਉੱਤਮ ਸਿੰਘ ਹਾਂਸ, ਭਾਈ ਸੰਗਤ ਸਿੰਘ, ਗ਼ਦਰੀ ਯੋਧਾ ਭਾਈ ਭਾਗ ਸਿੰਘ ਅਤੇ ਮਾਤਾ ਸੁਲੱਖਣੀ ਜੀ ਦੇ ਪਰਸੰਗ ਹਨ। ਪੁਸਤਕ - ਸੇਖੋਂ ਲਹਿਰਾਂ- 2016 ਵਿਚ ਛਪੀ ਜਿਸ ਵਿਚ ਗੁਰੂ ਨਾਨਕ ਆਗਮਨ, ਚਮਕੌਰ ਸਾਹਿਬ ਦੀ ਜੰਗ, ਸ਼ਹੀਦ ਭਾਈ ਮੇਵਾ ਸਿੰਘ ਲੋਪੋ ਕੇ, ਭਾਈ ਕਰਤਾਰ ਸਿੰਘ ਨਵਾਂ ਚੰਦ, ਸ਼ਹੀਦ ਊਧਮ ਸਿੰਘ ਦੇ ਪਰਸੰਗਾਂ ਤੋਂ ਇਲਾਵਾ ਉਪਦੇਸ਼ਾਤਮਕ, ਸਥਾਨਕ ਤੇ ਸਮਾਜਕ ਵਿਸ਼ਿਆਂ ਤੇ ਕਲਮ ਅਜ਼ਮਾਈ ਹੈ। ਉਸ ਦੀ 2018 ਵਿਚ ਛਪੀ ਪੁਸਤਕ -ਪਿਆਰੇ ਸੇਖੋਂ - ਕਈ ਪੱਖਾਂ ਤੋਂ ਨਿਵੇਕਲੀ ਹੈ। ਇਸ ਵਿਚ ਪੰਜ ਪਿਆਰਿਆਂ ਦੇ ਪਿਛੋਕੜ ਤੋਂ ਲੈ ਕੇ ਉਨ੍ਹਾਂ ਦੀ ਸ਼ਹੀਦੀ ਤਕ ਦਾ ਮੁਕੰਮਲ ਵਰਨਣ ਅੰਕਿਤ ਕੀਤਾ ਹੈ। ਉਸ ਦੀ ਅਣ-ਥੱਕ ਮਿਹਨਤ ਨਾਲ ਕੀਤੀ ਖੋਜ ਬਾਰੇ ਪੜ੍ਹ ਕੇ ਹੈਰਾਨੀ ਹੋਣੀ ਸੁਭਾਵਕ ਹੈ। ਇਹ ਕਿਤਾਬ ਵਿਦਿਆਰਥੀਆਂ, ਸਿੱਖਿਆਰਥੀਆਂ, ਧਾਰਮਿਕ ਰੁਚੀਆਂ ਵਾਲਿਆਂ ਅਤੇ ਜਾਣਕਾਰੀ ਦੇ ਜਿਗਿਆਸੂਆਂ ਲਈ ਦੁਰਲੱਭ ਤੇ ਅਨਮੋਲ ਖ਼ਜ਼ਾਨਾ ਹੈ। ਪੰਜ ਪਿਆਰਿਆਂ ਦੇ ਸੰਕਲਪ ਨੂੰ ਦਸਾਂ ਗੁਰੂਆਂ ਦੇ ਮੋਹਰੀ ਪੈਰੋਕਾਰਾਂ ਨਾਲ ਜੋੜ ਕੇ ਕਮਾਲ ਦੀ ਵਿਦਵਤਾ ਦਾ ਸਬੂਤ ਦਿੱਤਾ ਹੈ।



ਜਸਵੰਤ ਸਿੰਘ ਸੇਖੋਂ

ਜਸਵੰਤ ਸਿੰਘ ਸੇਖੋਂ ਦੀ ਕਾਵਿ-ਕਲਾ ਦੀਆਂ ਕੁੱਝ ਵੰਨਗੀਆਂ ਉਸ ਦੀ ਸ਼ਾਇਰੀ ਦੇ ਸਮੁੱਚੇ ਮਿਆਰ ਦੀ ਗਵਾਹੀ ਭਰਦੀਆਂ ਹਨ। ਚਮਕੌਰ ਦੀ ਗੜ੍ਹੀ ਵਿਚ ਹੋਈ ਲੜਾਈ ਦੀ ਤਸਵੀਰ ਇਉਂ ਖਿੱਚੀ ਹੈ ਜਿਵੇਂ ਸਾਹਮਣੇ ਲੜਾਈ ਹੁੰਦੀ ਵੇਖੀ ਹੋਵੇ। ਇਹ ਬੀਰ ਰਸ ਦਾ ਜ਼ਿਕਰਯੋਗ ਨਮੂਨਾ ਹੈ — ਅਜੀਤ ਸਿੰਘ ਨੇ ਨੇਜ਼ਾ ਮਾਰਿਆ, ਸੰਜੋਅ ਪਾੜ ਕੇ ਹੋਇਆ ਪਾਰ।

ਗੇੜਾ ਖਾ ਕੇ ਭੋਂ ਤੇ ਡਿੱਗਿਆ, ਮੁਗ਼ਲ ਪਠਾਣਾਂ ਦਾ ਸਰਦਾਰ। (ਸੇਖੋਂ ਲਹਿਰਾਂ - 67)

ਇਸੇ ਤਰ੍ਹਾਂ ਭੰਗਾਣੀ ਦੇ ਯੁੱਧ ਦਾ ਕੋਰੜਾ-ਕਬਿੱਤ ਰਾਹੀਂ ਕਮਾਲ ਦਾ ਨਕਸ਼ਾ ਬੰਨ੍ਹਿਆਂ ਹੈ —

ਜਿਹੜੇ ਸਾਹਮਣੇ ਹੈ ਆਉਂਦੇ, ਮਾਰ ਗੋਲ਼ੀਆਂ ਲਿਟਾਉਂਦੇ, ਜਿਵੇਂ ਸੱਥਰ ਵਿਛਾਉਂਦੇ, ਜੱਟ ਵਿਚ ਜੁਆਰ ਦੇ। (ਪਿਆਰੇ ਸੇਖੋਂ - 67)

ਸਾਡੇ ਸਮਾਜ ਦੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੀ ਝਲਕ ਚੁੰਨੀ ਨਾਂ ਦੀ ਕਵਿਤੀ ਵਿਚ ਮਿਲਦੀ ਹੈ —

ਪਹਿਨ ਲੈ ਵਲੈਤੀ ਬਾਣਾ ਲੱਖ ਧੀਏ ਨੀ।
ਕੱਜ ਕੇ ਸਰੀਰ ਸਾਰਾ ਰੱਖ ਧੀਏ ਨੀ।
ਮੰਨੇਗਾ ਜਹਾਨ ਅਹਿਸਾਨ ਬੱਚੀਏ।
ਚੁੰਨੀ ਨਾਲ ਵਧੇ ਤੇਰੀ ਸ਼ਾਨ ਬੱਚੀਏ। (ਸੇਖੋਂ ਲਹਿਰਾਂ—157)

ਸੇਖੋਂ ਨੂੰ ਪਿੰਗਲ ਵਿਚ ਵਰਣਤ ਨੌਂ ਕਾਵਿ-ਰਸਾਂ ਦਾ ਗਿਆਨ ਹੈ, ਤਾਂ ਹੀ ਤਾਂ ਛੇ-ਲੜੀਏ ਕਬਿੱਤ ਵਿਚ ਨੌਂ ਰਸਾਂ ਦੀ ਪ੍ਰੀਭਾਸ਼ਾ ਸਮੇਤ ਇਸ ਤਰ੍ਹਾਂ ਲਿਖਿਆ ਹੈ— ਖ਼ੁਸ਼ੀ ਦੇਵੇ ਹਾਸ ਰਸ, ਚਕਦਾ ਉਦਾਸੀ ਤਾਈਂ, ਸ਼ਾਂਤ ਰਸ ਸੇਖੋਂ ਰਹੇ, ਵੰਡਦਾ ਗਿਆਨ ਜੀ।(ਉਹੀ 184)

ਪੰਡਤ ਲੱਛੂ ਭਗਵਾਨ ਦੇ ਨਾਮ ਦੇ ਬਹਾਨੇ ਪੰਡਤ ਦੀ ਵਿਸਥਾਰਤ ਪ੍ਰੀਭਾਸ਼ਾ ਬਾਰਾਂ ਬੰਦਾਂ ਦੇ ਕੋਰੜਾ ਛੰਦ ਵਿਚ ਕਰਕੇ ਪ੍ਰਤਿਭਾ ਦਾ ਸਬੂਤ ਦਿੱਤਾ ਹੈ —

ਪੰਡਤ ਜੋ ਜਾਣਦਾ ਅਨੇਕ ਵਿੱਦਿਆ। ਬੰਦੇ ਦੇ ਬਣਾਵੇ ਇਹ ਲੇਖ ਵਿੱਦਿਆ।
ਹੋਰਨਾਂ ਨੂੰ ਪੰਡਤ ਪੜ੍ਹਾਵੇ ਵਿੱਦਿਆ। ਮਾਣਸ ਤੋਂ ਦੇਵਤੇ ਬਣਾਵੇ ਵਿੱਦਿਆ। (ਪਿਆਰੇ ਸੇਖੋਂ—87)

ਔਰੰਗਜ਼ੇਬ ਦੇ ਰਾਜ ਵਿਚ ਜਨਤਾ ਤੇ ਹੋ ਰਹੇ ਅੱਤਿਆਚਾਰਾਂ ਅਤੇ ਜ਼ੋਰੀਂ ਧਰਮ ਪ੍ਰੀਵਰਤਨ ਦੀ ਲਹਿਰ ਹੇਠ ਕਹਿਰ ਦੀ ਹਨੇਰੀ ਦਾ ਦਿਲ-ਚੀਰਵਾਂ ਬਿਆਨ ਦੋਤਾਰਾ ਛੰਦ ਪੜ੍ਹਿਆਂ ਹੀ ਮਹਿਸੂਸ ਹੁੰਦਾ ਹੈ —

ਨਾ ਸੁਣੀ ਹਿੰਦੂਆਂ ਦੀ ਖ਼ਲਕਤ ਰੋਈ ਤੇ ਕੁਰਲਾਈ।
ਕੰਬ ਧਰਤ ਅਕਾਸ਼ ਗਏ ਸੁਣਦਾ ਨਾ ਕੋਈ ਹਾਲ-ਦੁਹਾਈ। (ਪਿਆਰੇ ਸੇਖੋਂ—97)

ਜਿੱਥੇ ਸੇਖੋਂ ਦੀ ਸ਼ਾਇਰੀ ਵਿਚ ਬੀਰ ਰਸ ਦੀ ਭਰਮਾਰ ਹੈ, ਉੱਥੇ ਕਰੁਣਾ ਰਸ ਵੀ ਸਿਰੇ ਦਾ ਹੈ। ਬਾਈ ਬੰਦਾਂ ਦਾ ਦੋ-ਤੁਕਾ ਛੰਦ ਇਸ ਦੀ ਇੱਕ ਮਿਸਾਲ ਹੈ — ਜਿਉਨਿਆਂ ਨਾ ਮਾਰ ਏਸ ਬੇ-ਜ਼ੁਬਾਨ ਨੂੰ । ਡਿੱਗਿਐ ਧਰਤ ਬੈਲ ਲਾ ਕੇ ਤਾਨ ਨੂੰ। (ਪਿਆਰੇ ਸੇਖੋਂ—106)

ਮੱਖਣ ਸ਼ਾਹ ਲੁਬਾਣੇ ਦੁਆਰਾ ਗੁਰੂ ਲਾਧੋ ਰੇ ਦਾ ਬ੍ਰਿਤਾਂਤ ਇੱਕੋ ਬੈਂਤ ਵਿਚ ਸਿਰੇ ਲਾ ਧਰਿਆ ਹੈ ਜਿਸ ਵਿਚ ਕਮਾਲ ਦੀ ਰਵਾਨਗੀ ਹੈ - ਭਾਈ ਪੰਜ ਸੌ ਆਖ ਕੇ ਦੋ ਦਿੱਨੈਂ, ਅੱਗੇ ਕਰੇਗਾ ਕਿਵੇਂ ਵਿਸ਼ਵਾਸ਼ ਕੋਈ।
ਮੱਖਣ ਸ਼ਾਹ ਦੀ ਖ਼ੁਸ਼ੀ ਦੀ ਹੱਦ ਮੁੱਕੀ, ਬਾਬੇ ਦੱਸਤੀ ਗੱਲ ਜਾਂ ਖਾਸ ਕੋਈ। (ਪਿਆਰੇ ਸੇਖੋਂ—148)

ਇੱਕ ਹੋਰ ਪਰਸੰਗ, ਗੁਰੂ ਨਾਨਕ ਦੇਵ ਜੀ ਦਾ ਆਗਮਨ, ਦੇ ਸ਼ੁਰੂ ਵਿਚ ਤਿੰਨ ਛੰਦਾਂ ਰਾਹੀਂ ਉਸ ਵੇਲੇ ਦੀ ਨਿੱਘਰੀ ਰਾਜਸੀ, ਸਮਾਜਕ, ਆਰਥਕ ਤੇ ਧਾਰਮਿਕ ਹਾਲਤ ਦਾ ਇਤਿਹਾਸਕ ਵਰਨਣ ਹੈ — ਧਰਮ ਦਾ ਰਾਖਾ ਬੇਈਮਾਨ ਹੋ ਗਿਆ।

ਰਾਜ ਉੱਤੇ ਕਾਬਜ਼ ਸ਼ੈਤਾਨ ਹੋ ਗਿਆ। (ਸੇਖੋਂ ਲਹਿਰਾਂ— 15)
ਪੁਰਾਨ ਕੁਰਾਨ ਦੇ ਅਰਥ ਉਲਟਾਏ ਗੋਰਖ ਧੰਦਿਆਂ ਨੇ। (ਉਹੀ —13)

ਚਮਕੌਰ ਸਾਹਿਬ ਦੇ ਜੰਗ ਵਾਲੇ ਪਰਸੰਗ ਦੇ ਸ਼ੁਰੂ ਵਿਚ ਮੰਗਲਾਚਰਨ ਵਜੋਂ ਲਿਖਿਆ ਸਤਾਰਾਂ ਬੰਦਾਂ ਦਾ ਕੋਰੜਾ ਛੰਦ ਕਾਵਿ-ਕਲਾ ਦਾ ਉੱਤਮ ਨਮੂਨਾ ਹੈ — ਕੇਸਗੜ੍ਹ ਨੰਗੀ ਤਲਵਾਰ ਕੱਢ ਕੇ। ਪੰਜ ਪਿਆਰੇ ਛਾਂਟ ਲਏ ਸੀ ਸੀਸ ਵੱਢ ਕੇ।

ਸਾਂਝਾ ਬਾਟਾ ਅਮੀਂ ਦਾ ਛਕਾਉਣ ਵਾਲ਼ੇ ਨੂੰ। ਬੰਦਨਾ ਹੈ ਪੰਥ ਦੇ ਸਜਾਉਣ ਵਾਲ਼ੇ ਨੂੰ। (ਸੇਖੋਂ ਲਹਿਰਾਂ —41)

ਔਰਤਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਨ ਦੇ ਉਦੇਸ਼ ਨਾਲ ਲੰਮਾ ਡਬਲ ਕੋਰੜਾ ਛੰਦ ਰਚ ਦਿੱਤਾ ਹੈ ਜਿਸ ਦਾ ਮੂਲ ਦੋਹਿਰੇ ਵਿਚ ਇਉਂ ਪ੍ਰੋਇਆ ਹੈ — ਕੁੱਖ ਵਿਚ ਧੀਆਂ ਮਾਰਨਾ ਸਭ ਤੋਂ ਵੱਡਾ ਪਾਪ। ਉਸ ਤੋਂ ਮੁਸ਼ਕਲ ਝੱਲਣਾ ਧੀਆਂ ਦਾ ਵਿਰਲਾਪ।(ਉਹੀ - 153)

ਕੈਲਗਰੀ ਅੰਦਰ 2013 ਵਿਚ ਆਏ ਹੜ੍ਹ ਦੀ ਮਾਰ ਦਾ ਬਹੁ-ਪੱਖੀ ਵਰਨਣ - ਸੱਦ- ਵੰਨਗੀ ਵਿਚ ਲਿਖ ਕੇ ਇਤਿਹਾਸ ਦੇ ਹਵਾਲੇ ਕਰ ਦਿੱਤਾ ਹੈ — ਹਾਥੀ-ਡੋਬੂ ਪਾਣੀ ਚੜ੍ਹ ਗਿਆ ਬੋਅ ਦਰਿਆ ਦਾ, ਵਿਚ ਕਨੇਡਾ ਦੇ ਅੱਜ ਲੱਗੀਆਂ ਪੈਣ ਦੁਹਾਈਆਂ।(ਉਹੀ—159)

ਪੰਜਾਬ ਤੋਂ ਦੂਜੇ ਦੇਸ਼ਾਂ ਵੱਲ ਹੋ ਰਹੀ ਹਿਜਰਤ ਦਾ ਸੇਖੋਂ ਨੂੰ ਝੋਰਾ ਹੈ ਪਰ ਨਾਲ ਉਸ ਨੂੰ ਉਨ੍ਹਾਂ ਹਾਲਤਾਂ ਦੀ ਵੀ ਜਾਣਕਾਰੀ ਹੈ ਜਿਸ ਕਾਰਨ ਅਜਿਹਾ ਵਾਪਰ ਰਿਹਾ ਹੈ। ਇਸ ਦੀ ਉਸ ਨੇ ਸਹੀ ਸ਼ਨਾਖ਼ਤ ਕੀਤੀ ਹੈ —

ਛੱਡ ਕੇ ਘਰ ਬਾਰ ਆਪਣਾ, ਪ੍ਰਦੇਸੀ ਕਹਾ ਲਿਆ। ਲੀਡਰਾਂ ਸਾਧਾਂ ਰਲ ਕੇ, ਭਾਰਤ ਨੂੰ ਖਾ ਲਿਆ। (ਉਹੀ - 161)

ਪੰਜਾਬ ਦੇ ਅਨੇਕਾਂ ਘਰ ਨਸ਼ਿਆਂ ਨੇ ਉਜਾੜ ਕੇ ਰੱਖ ਦਿੱਤੇ ਹਨ। ਕੈਂਸਰ ਵਰਗੀ ਬੀਮਾਰੀ ਤੋਂ ਵੀ ਭਿਆਨਕ ਰੋਗ ਨਸ਼ਿਆਂ ਦਾ ਹੈ ਜੋ ਜਵਾਨੀ ਦਾ ਘਾਣ ਕਰ ਰਿਹਾ ਹੈ। ਜੇ ਬਹੁਤ ਵੱਡੀ ਗਿਣਤੀ ਵਿਚ ਨੌਜਵਾਨ ਮੁੰਡੇ ਕੁੜੀਆਂ ਪੰਜਾਬ ਨੂੰ ਅਲਵਿਦਾ ਕਹਿ ਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ ਤਾਂ ਬਚੇ-ਖੁਚੇ ਨੌਜੁਆਨ ਨਸ਼ਿਆਂ ਦੀ ਗ੍ਰਿਫ਼ਤ ਵਿਚ ਫਸ ਰਹੇ ਹਨ। ਚੇਤੰਨ ਕਵੀ ਸੇਖੋਂ ਇਸ ਵਤੀਰੇ ਪ੍ਰਤੀ ਸੁਚੇਤ ਹੋ ਕੇ ਨਸ਼ਿਆਂ ਦੀ ਅਲਾਮਤ ਤੋਂ ਦੁਖੀ ਹੋ ਕੇ ਦਰਦ ਸਾਂਝਾ ਕਰਦਾ ਹੈ -ਨਸ਼ਿਆਂ ਬਦਨ ਖਾ ਲਿਆ ਤੇਰਾ ਤੂੰ ਨਸ਼ਿਆਂ ਨੂੰ ਖਾਵੇਂ।(165)

ਗ਼ਰੀਬੀ ਕਾਰਨ ਖ਼ੁਦਕੁਸ਼ੀਆਂ ਤੇ ਕਈ ਨਸ਼ਿਆਂ ਦੇ ਮਾਰੇ ਨੀਂ।
ਡਾਕੇ ਚੋਰੀਆਂ ਨਸ਼ਿਆਂ ਖ਼ਾਤਰ ਕਈ ਬਣ ਗਏ ਹਤਿਆਰੇ ਨੀਂ। (ਉਹੀ—168)

ਜਿਹੜੇ ਕਵੀਸ਼ਰਾਂ ਨੇ ਲੰਮੇ, ਔਖੇ ਤੇ ਬਹੁ-ਤਰਜ਼ੇ ਵਿਭੰਨ ਛੰਦਾਂ ਦੀ ਰਚਨਾ ਕੀਤੀ ਹੈ, ਸੇਖੋਂ ਉਨ੍ਹਾਂ ਦੀ ਮੂਹਰਲੀ ਕਤਾਰ ਵਿਚ ਖੜ੍ਹਾ ਦਿਸਦਾ ਹੈ। ਅਜੋਕੇ ਬਿਖੜੇ ਸਮਿਆਂ ਅੰਦਰ ਕਵੀਸ਼ਰੀ ਦੀ ਖੁਰਦੀ ਸ਼ਾਖ਼ ਨੂੰ ਠੁਮਣਾ ਦੇ ਕੇ ਬਚਾਉਣਾ ਇੱਕ ਕਿਸਮ ਦੀ ਸੂਰਮਗਤੀ ਦਾ ਕੰਮ ਹੈ, ਜਿਸ ਨੂੰ ਜਸਵੰਤ ਸਿੰਘ ਸੇਖੋਂ ਕਲਮ ਦਾ ਹਥਿਆਰ ਬਣਾ ਕੇ ਅਤੇ ਹਿੱਕ ਦੇ ਜ਼ੋਰ ਨਾਲ ਗਾ ਕੇ ਪਵਿੱਤਰ ਧਰਮ-ਕਰਮ ਵਜੋਂ ਨਿਭਾ ਰਿਹਾ ਹੈ। ਉਮੀਦ ਹੈ ਕਵੀਸ਼ਰੀ ਦੇ ਅਜਿਹੇ ਸੂਰੇ ਸਾਡੀਆਂ ਸ਼ਾਨਾਂਮੱਤੀਆਂ ਗੁਆਚ ਰਹੀਆਂ ਕਦਰਾਂ ਕੀਮਤਾਂ ਨੂੰ ਮੋੜ ਲਿਆਉਣ ਵਿਚ ਸਫ਼ਲ ਹੋਣਗੇ। ਇਨ੍ਹਾਂ ਦੀ ਬਣਦੀ ਹੌਸਲਾ-ਅਫ਼ਜ਼ਾਈ ਕਰਨਾ ਅਤੇ ਪਿੱਠ-ਪੂਰਨਾ ਸਾਡਾ ਪਵਿੱਤਰ ਫ਼ਰਜ਼ ਹੈ।

# ਅਸੀਂ ਰਹਿਗੇ ਭਾਅ ਪੁੱਛਦੇ.......!



ਬੁੱਧ ਸਿੰਘ ਨੀਲੋਂ
9464370823

ਪੰਜਾਬੀ ਦੇ ਗਾਇਕ ਦੀਦਾਰ ਸੰਧੂ ਦੇ ਗੀਤ ਜ਼ਿੰਦਗੀ ਦਾ ਸਾਰ ਤੱਤ ਹਨ । ਉਸਦੇ ਇੱਕ ਗੀਤ ਦੇ ਵਿੱਚੋਂ ਆ ਸਤਰਾਂ ਲਈਆਂ ਹਨ ।

**"ਖੱਟੀ ਖੱਟਗੇ ਮੁਰੱਬਿਆਂ ਵਾਲੇ ਨੀ ਅਸੀਂ ਰਹਿ ਗੇ ਭਾਅ ਪੁੱਛਦੇ !"**

ਉਦੋਂ ਮੁਰੱਬੇ ਕੀਹਨਾਂ ਨੂੰ ਮਿਲਦੇ ਸੀ ਤੇ ਉਨ੍ਹਾਂ ਦਾ ਕਾਰੋਬਾਰ ਕੀ ਸੀ ? ਬਹੁਤੀ ਗੁੰਝਲ ਨਹੀਂ ਜੋ ਕੰਮ ਅੱਜ ਗਦਾਰ ਕਰਦੇ ਹਨ, ਉਹ ਭਲੇ ਸਮਿਆਂ ਦੇ ਵਿੱਚ ਵੀ ਕਰਦੇ ਸੀ । ਪਹਿਲਾਂ ਮੁਗਲਾਂ ਦੇ ਸੇਵਕ ਰਹੇ ਫੇਰ ਅੰਗਰੇਜਾਂ ਦੇ ਬਣ ਗਏ ਤੇ ਹੁਣ ਸਮੇਂ ਦੇ ਹਾਕਮਾਂ ਦੇ ਨਹੀਂ ਸਗੋਂ ਆਪ ਹੀ ਸੇਵਾ ਕਰਨ ਲੱਗ ਪਏ ਹਨ । ਹੁਣ ਹਰ ਪਾਸੇ ਭਾਅ ਵਧੇ ਹਨ । ਉਝ ਹਰ ਵਸਤੂ ਵਿਕਾਊ ਹੈ ਪਰ ਖਰੀਦਦਾਰ ਕੋਈ ਨਹੀਂ । ਇਹ ਵੀ ਨਹੀਂ ਕਿ ਤੁਸੀਂ ਕਿਸੇ ਨੂੰ ਖਰੀਦ ਸਕੋ । ਸਭ ਦਾ ਆਪੋ ਆਪਣਾ ਕਿਰਦਾਰ ਹੈ । ਹੁਣ ਭਾਵੇਂ ਕਿਰਦਾਰ ਪੈਸਾ ਬਣ ਗਿਆ ਹੈ ਪਰ ਪੈਸੇ ਨਾਲ ਮੋਹ ਮੁਹੱਬਤ ਪਿਆਰ ਨਹੀਂ ਵੇਚਿਆ ਖਰੀਦਿਆ ਜਾ ਸਕਦਾ । ਜਿੰਦਗੀ ਮੰਡੀ ਦੀ ਵਸਤੂ ਨਹੀਂ ਪਰ ਲੋਕਾਂ ਬਣਾ ਲਈ ਹੈ । ਇਸੇ ਕਰਕੇ ਲੋਕ ਭਾਅ ਪੁੱਛਦੇ ਹਨ !

ਭਾਅ ਉਹੀ ਪੁੱਛ ਸਕਦੈ, ਜਿਸ ਦੀ ਜੇਬ ਵਿੱਚ ਨੋਟ ਹੋਣ ਤੇ ਜਿਸ ਨੂੰ ਕੀਮਤ ਦਾ ਪਤਾ ਹੋਵੇ। ਕੀਮਤ ਉਸ ਦੀ ਪੈਂਦੀ ਹੈ, ਜਿਸ ਦੀ ਕਿਸੇ ਨੂੰ ਲੋੜ ਹੋਵੇ। ਖਰੀਦ ਦਾ ਉਹੀ ਹੈ, ਜਿਸ ਕੋਲ ਖਰੀਦਣ ਦੀ ਤਾਕਤ ਹੋਵੇ। ਵੇਚਣ ਦੀ ਤੇ ਖਰੀਦਣ ਦੀ ਪ੍ਰਥਾ ਬੜੀ ਪੁਰਾਣੀ ਹੈ ਤੇ ਇਸ ਦੀ ਬਹੁਤ ਲੰਮੀ ਅਣਥੱਕ ਕਹਾਣੀ ਹੈ। ਕਹਾਣੀ ਦਾ ਮੁੱਢ ਵੀ ਮਨੁੱਖ ਦੇ ਜਨਮ ਤੋਂ ਸ਼ੁਰੂ ਹੋ ਗਿਆ ਸੀ।

ਪਹਿਲਾਂ ਵੇਚ-ਖਰੀਦ 'ਚ ਦਮੜੇ ਨਹੀਂ, ਵਸਤਾਂ, ਪਸ਼ੂ, ਇਲਾਕੇ, ਆਦਮੀਂ ਤੇ ਔਰਤਾਂ ਹੁੰਦੀਆਂ ਸੀ। ਜਿਸ ਕੋਲ ਤਾਕਤ ਤੇ ਵਸਤੂਆਂ ਦੀ ਭਰਮਾਰ ਹੁੰਦੀ ਸੀ, ਉਸ ਦੀ ਇਲਾਕੇ ਵਿੱਚ ਪੂਰੀ ਇਜਾਰੇਦਾਰੀ ਹੁੰਦੀ ਸੀ। ਇਹ ਗੁਲਾਮੀ ਦੇ ਦੌਰ ਬਾਤਾਂ ਨੇ, ਉਹ ਬਾਤਾਂ ਜਿਹੜੀਆਂ ਹੁਣ ਕਿਤਾਬਾਂ ਵਿੱਚ ਸਿਮਟ ਕੇ ਰਹਿ ਗਈਆਂ, ਹੁਣ ਭਾਵੇਂ ਨਾਨੀਆਂ-ਦਾਦੀਆਂ ਤਾਂ ਜਿਉਂਦੀਆਂ ਨੇ, ਪਰ ਬਾਤਾਂ ਸੁਨਣ ਵਾਲਿਆਂ ਕੋਲ ਸਮਾਂ ਨਹੀਂ। ਹੁਣ ਘਰ ਤੇ ਬਜ਼ਾਰ ਦਾ ਫਾਸਲਾ ਮੁੱਕ ਗਿਆ ਹੈ। ਇਸੇ ਕਰਕੇ ਜਿੰਨਾਂ ਕੋਲ ਗਾਂਧੀ ਦੇ ਨੋਟਾਂ ਦੀ ਭਰਮਾਰ ਹੈ, ਉਨਾਂ ਦੇ ਘਰ ਹੀ ਬਜ਼ਾਰ ਬਣ ਗਏ ਹਨ।

ਪਰ ਜਿਹੜੇ ਅਜੇ ਭਾਅ ਹੀ ਪੁੱਛਦੇ ਹਨ, ਉਨਾਂ ਕੋਲ ਰੋਟੀ, ਕੱਪੜਾ ਤੇ ਮਕਾਨ ਨਹੀਂ। ਜੇ ਉਨਾਂ ਕੋਲ ਮਕਾਨ ਹੋ ਜਾਵੇ ਤਾਂ ਉਹ ਜਰੂਰ ਦੁਕਾਨ ਖੋਲ ਸਕਦੇ ਹਨ। ਅੱਜ ਕੱਲ ਦੁਕਾਨਦਾਰੀ ਵਿੱਚ ਬੜਾ ਮੁਨਾਫਾ ਹੈ। ਇੱਕ ਰੁਪਏ ਕਿਲੋ ਦੇ ਆਲੂ ਪੰਜ ਸੌ ਰੁਪਏ ਦੇ ਕਿਲੋਂ ਨਹੀਂ, ਗ੍ਰਾਮਾਂ ਵਿੱਚ ਇਸੇ ਭਾਅ ਵਿਕਦੇ ਹਨ ਤੇ ਖਰੀਦਣ ਵਾਲੇ ਖਰੀਦਦੇ ਹਨ।

ਫਸਲਾਂ ਪੈਦਾ ਕਰਨ ਵਾਲੇ ਭੁੱਖੇ ਮਰਦੇ ਮਰਦੇ, ਹੁਣ ਖੁਦਕੁਸ਼ੀਆਂ ਤੱਕ ਪੁੱਜ ਗਏ ਹਨ। ਫਸਲਾਂ ਖਰੀਦਣ ਵਾਲੇ ਅਸਮਾਨੀ ਚੜ ਗਏ ਹਨ, ਉਨਾਂ ਕੋਲ ਕਿਸੇ ਵੀ ਚੀਜ਼ ਦਾ ਕੋਈ ਅੰਤ ਨਹੀਂ। ਉਨਾਂ ਨੂੰ ਤਾਂ ਆਪਣਾ ਅੰਤ ਵੀ ਭੁਲਿਆ ਹੋਇਆ, ਇਸੇ ਕਰਕੇ ਉਹ ਵੱਧ ਤੋਂ ਵੱਧ ਮਾਲ ਇਕੱਠਾ ਕਰਨ ਦੀ ਹੋੜ 'ਚ ਲੱਗੇ ਹੋਏ ਹਨ।

ਇਹ ਹੋੜ ਹੁਣ ਅੰਨ੍ਹੀ ਦੌੜ ਬਣ ਗਈ ਹੈ। ਅੰਨੀ ਦੌੜ 'ਚ ਉਹੀ ਦੌੜਦੇ ਹਨ, ਜਿੰਨਾਂ ਕੋਲ ਹਰ ਤਰਾਂ ਦੀ ਤਾਕਤ ਜੇਬ 'ਚ ਹੁੰਦੀ ਹੈ। ਇਸ ਜੇਬ ਵਿੱਚ ਸੱਤਾ, ਕਾਨੂੰਨ, ਪੁਲਿਸ ਤੇ ਬਜ਼ਾਰ ਦਾ ਸਭ ਕੁਝ ਹੁੰਦਾ ਹੈ। ਜੇ ਕੁੱਝ ਨਹੀਂ ਹੁੰਦਾ ਤਾਂ ਸਿਰ ਅੰਦਰ ਅਕਲ ਦਾ ਖਾਨਾ। ਇਹ ਖਾਨਾ ਉਨਾਂ ਦੀ ਹਉਮੈਂ ਨਾਲ ਏਨਾ ਭਰ ਜਾਂਦਾ ਹੈ, ਉਹ ਦਲਦਲ ਬਣ ਜਾਂਦਾ ਹੈ ਪਰ ਉਨਾਂ ਨੂੰ ਦਲਦਲ ਦੇ ਸੁਭਾਅ, ਰਮਜ਼ ਤੇ ਤਬੀਅਤ ਦਾ ਪਤਾ ਨਹੀਂ ਹੁੰਦਾ। ਉਨ੍ਹਾਂ ਦੇ ਅੰਦਰ ਸਿਰਫ ਜੋਸ਼ ਹੁੰਦਾ ਹੈ, ਹੋਸ਼ ਨਹੀਂ ਹੁੰਦੀ ਪਰ ਹੋਸ਼ ਵਾਲਿਆਂ ਨੂੰ ਜੋਸ਼ ਵਾਲੇ ਤਾਕਤ ਦੇ ਸਹਾਰੇ ਵਰਤ ਜਾਂਦੇ ਹਨ। ਵਰਤੇ ਜਾਣ ਵਾਲਿਆਂ ਨੂੰ ਵਰਤੇ ਜਾਣ ਦਾ ਉਦੋਂ ਤੀਕ ਪਤਾ ਨਹੀਂ ਲੱਗਦਾ, ਜਦੋਂ ਤੱਕ ਉਹ ਸਿੱਕੇ ਦੇ ਦੋਵੇਂ ਪਾਸੇ ਨਹੀਂ ਵੇਖ ਲੈਂਦੇ।

ਜਦੋਂ ਦੋ ਚੀਜ਼ਾਂ ਆਪਸ ਵਿੱਚ ਘਸਰਦੀਆਂ ਨੇ, ਤਾਂ ਨਵੀਂ ਸਿਰਜਣਾ ਹੁੰਦੀ ਹੈ, ਇਸ ਮੌਕੇ ਵਰਤੇ ਤਾਂ ਦੋਵੇਂ ਹੀ ਜਾਂਦੇ ਹਨ, ਕੋਈ ਵੱਧ ਤੇ ਕੋਈ ਘੱਟ। ਵੱਧ ਵਾਲਿਆਂ ਦਾ ਹੱਥ ਉੱਤੇ ਰਹਿੰਦਾ ਹੈ, ਜਿਹੜਾ ਉਤੇ ਹੁੰਦਾ ਹੈ, ਉਹੀ ਜੇਤੂ ਹੁੰਦਾ ਹੈ। ਕਿਸੇ ਨੂੰ ਨੂਰਾ-ਕੁਸ਼ਤੀ ਲੜਨੀ ਪੈਂਦੀ ਹੈ, ਜਿੱਤਣ ਵਾਲੇ ਨੂੰ ਸਦਾ ਜਿਤਾਉਣਾ ਹੀ ਪੈਂਦਾ ਹੈ, ਹਾਰਨ ਵਾਲਾ ਜਿੰਨਾਂ ਮਰਜ਼ੀ ਤਾਕਤਵਰ ਹੋਵੇ।

ਪਰ ਦੁੱਖ ਤਾਂ ਉਦੋਂ ਲਗਦਾ ਹੈ, ਜਦੋਂ ਕੋਈ ਚਿੱਟੇ ਬਸਤਰ ਪਾ ਕੇ ਦੇਵੀ ਦਾ ਰੂਪ ਧਾਰ ਕੇ ਲੁੱਟੇ। ਭਾਵੇਂ ਲੁੱਟਣ ਵਾਲਿਆਂ ਦਾ ਇੱਕ ਨੁਕਾਤੀ ਪ੍ਰੋਗਰਾਮ ਹੀ ਲੁੱਟਣਾ ਹੁੰਦਾ ਹੈ। ਉਹ ਚੋਲਾ ਤੇ ਮਖੌਟਾ ਜਿਹੜਾ ਮਰਜ਼ੀ ਪਾ ਲਵੇ ਪਰ ਜਦੋਂ ਤੀਕ ਉਸ ਦਾ ਮਖੌਟਾ ਉਤਰਦਾ ਹੈ, ਉਦੋਂ ਤੱਕ ਸਮਾਂ ਲੰਘ ਚੁੱਕਾ ਹੁੰਦਾ ਹੈ।

ਬੀਤਿਆ ਸਮਾਂ ਵਾਪਸ ਨਹੀਂ ਆਉਂਦਾ ਪਰ ਯਾਦਾਂ ਜਦੋਂ ਚੇਤਿਆਂ ਦੀ ਤਖ਼ਤੀ ਉੱਤੇ ਦਸਤਕ ਦੇਂਦੀਆਂ ਹਨ ਤਾਂ ਮਨ ਉਦਾਸ ਵੀ ਹੁੰਦਾ ਤੇ ਖੌਲਦਾ ਵੀ, ਕਦੇ ਕਦੇ ਤਾਂ ਸੁਨਾਮੀ ਵਾਂਗ ਤਬਾਹੀ ਦੀ ਹੱਦ ਤੀਕ ਪੁੱਜ ਜਾਂਦਾ ਹੈ। ਆਪਣੇ ਆਪ ਨੂੰ ਸਵਾਲ ਕਰਦਾ, ਖੁੱਦ ਹੀ ਸਵਾਲ ਬਣ ਕੇ ਰਹਿ ਜਾਂਦਾ ਹੈ। ਉਦੋਂ ਸਮਾਂ, ਸਥਿਤੀ ਤੇ ਹਾਲਾਤ ਬਦਲ ਜਾਂਦੇ ਹਨ। ਬਦਲੇ ਹਾਲਤਾਂ ਦੇ ਕਾਰਨ ਬੰਦੇ ਦੀ ਸੋਚ, ਸਮਝ ਤੇ ਸ਼ਕਤੀ ਵੀ ਘੱਟ ਜਾਂਦੀ ਹੈ।

ਪਰ ਯਾਦਾਂ ਦੇ ਵਰਕੇ, ਸ਼ੀਸ਼ਾਂ ਥਾਣੀਂ ਵੀ ਰੋਸ਼ਨੀ ਬਣ ਬਣ ਆਉਂਦੇ ਹਨ, ਉਹ ਸੁੱਤਿਆਂ ਨੂੰ ਜਗਾਉਂਦੇ ਰ ਕੇ ਤੁਰਦੇ ਹਨ, ਪਰ ਜਿਹੜੇ ਸੁੱਤੇ ਰਹਿੰਦੇ ਹਨ। ਉਹ ਤਲੀਆਂ 'ਤੇ ਸਰੋਂ ਉਗਾਉਂਦੇ ਹਨ। ਹੱਥਾਂ ਦੀਆਂ ਤਲੀਆਂ ਉੱਤੇ ਉਹ ਹੀ ਸਰੋਂ ਜਮਾਉਂਦੇ ਹਨ, ਜਿੰਨਾਂ ਨੂੰ ਤੇਲ ਦੇ ਮੁੱਲ ਦਾ ਪਤਾ ਹੋਵੇ। ਹੁਣ ਤਾਂ ਤੇਲ ਪਿੱਛੇ ਸਾਮਰਾਜੀ ਤਾਕਤਾਂ ਵੀ ਹੱਥ ਧੋ ਕੇ ਪੈ ਗਈਆਂ ਹਨ, ਪਰ ਇਹ ਤੇਲ ਮਗਰ ਤਾਂ ਬਹੁਤ ਪਹਿਲਾਂ ਹੀ ਲੱਗੀਆਂ ਸਨ।

ਕਾਲੇ ਦਿਨਾਂ ਵਿੱਚ ਜਦੋਂ ਕੋਈ ਰੋਸ਼ਨੀ ਬਣਦਾ ਤਾਂ ਉਸ ਦੇ ਆਲੇ ਦੁਆਲੇ ਚਾਨਣ ਹੀ ਚਾਨਣ ਹੋ ਜਾਂਦਾ ਹੈ। ਉਦੋਂ ਹੀ ਚਾਨਣ ਦੇ ਵਣਜਾਰਿਆਂ ਨੇ ਪੁਸਤਕ ਸੱਭਿਆਚਾਰ ਤੇ ਨਸ਼ਿਆਂ ਵਿਰੁੱਧ ਕਾਫਲਾ ਤੋਰਿਆ ਸੀ। ਇਸ ਨੇ ਸਭ ਦਾ ਧਿਆਨ ਖਿੱਚਿਆ ਸੀ। ਨੰਗੇ ਧੜ ਨੰਗੀਆਂ ਸੜਕਾਂ, ਗੋਲੀਆਂ ਤੇ ਧਮਾਕਿਆਂ ਦੀ ਗੜਗੜਾਹਟ ਚਾਰ ਚੁਫੇਰੇ ਮੌਤ ਦਾ ਤਾਂਡਵ ਨਾਚ ਹੋ ਰਿਹਾ ਸੀ।

ਉਦੋਂ ਤਾਂ ਇੰਝ ਲਗਦਾ ਸੀ ਹਨੇਰੇ ਦੇ ਖਿਲਾਫ ਚਾਨਣ ਨਾਲ ਹਸਦਾ ਵਸਦਾ ਖੇੜਾ ਮੁੜ ਆਵੇਗਾ। ਪੁਸਤਕ ਸੱਭਿਆਚਾਰ ਪੈਦਾ ਕਰਨ ਦੇ ਮਕਸਦ ਨਾਲ ਕੁੱਝ ਰੋਸ਼ਨ ਸਿਰਜਕ ਤੁਰੇ। ਤੁਰਦਿਆਂ ਤੁਰਦਿਆਂ ਉਨਾਂ ਨੇ ਧਰਤੀ ਦੇ ਕੁੱਝ ਹਿੱਸਿਆਂ ਅੰਦਰ ਚਾਨਣ ਦੇ ਬੀਜ ਬੀਜੇ ਸਨ। ਚਾਨਣ ਦਾ ਛਿੱਟਾ ਦਿੰਦਿਆਂ ਦੁੱਖ ਤਕਲੀਫਾਂ ਤੇ ਹਨੇਰੇ ਦੇ ਵਣਜਾਰਿਆਂ ਵੱਲੋਂ ਸੋਧਣ ਦੀਆਂ ਧਮਕੀਆਂ ਵੀ ਮਿਲੀਆਂ। ਉਹ ਧਮਕੀਆਂ ਵੀ ਚਾਨਣ ਬਣ ਗਈਆਂ। ਉਦੋਂ ਦੇ ਬੀਜੇ ਬੀਜ ਹੁਣ ਫੁੱਲ ਬੂਟੇ ਬਣ ਗਏ, ਪਰ ਉਹ ਅਜੇ ਵੀ ਤਰਸਦੇ ਨੇ, ਉਹ ਸ਼ਬਦ ਰੂਪੀ ਖੁਰਾਕ ਨੂੰ ਜਿਹੜੀ ਉਨਾਂ ਨੂੰ ਇਨਾਂ ਨੇ ਦਿੱਤੀ ਸੀ।

ਸੰਕਲਪ, ਮਿਸ਼ਨ ਲੈ ਕੇ ਤੁਰੇ ਲੋਕ ਕਾਫਲਾ ਬਣ ਜਾਂਦੇ ਹਨ, ਉਸ ਕਾਫਲੇ ਅੱਗੇ ਕੋਈ ਖੜਦਾ ਨਹੀਂ। ਜਿਹੜੇ ਖੜ ਜਾਂਦੇ ਹਨ, ਉਹ ਝੀਲ ਬਣ ਜਾਂਦੇ ਹਨ ਪਰ ਜਦੋਂ 'ਝੀਲ' ਬਨਣ ਲਈ ਤੁਰਿਆ ਜਲ, ਇੱਕ ਧਰਤੀ ਦੇ ਟੁਕੜੇ ਲਈ ਅਟਕ ਜਾਵੇ ਤਾਂ ਬੜਾ ਕੁੱਝ ਟੁੱਟਦਾ ਹੈ।

ਉਨਾਂ ਦਿਨਾਂ 'ਚ ਸਾਡੇ ਮਨਾਂ ਅੰਦਰ ਆਦਰਸ਼ਵਾਦੀ ਰੇਤ ਦਾ ਭਰਤ ਪੈ ਗਿਆ ਸੀ। ਇਸ ਭਰਤ ਨੇ ਸਾਡੇ ਅੰਦਰੋਂ ਉਹ ਚੇਤਨਾ ਖਤਮ ਕਰ ਦਿੱਤੀ, ਜਿਸ ਨਾਲ ਮਨੁੱਖ ਮੰਥਨ ਕਰਦਾ ਹੈ। ਸੰਵਾਦ ਰਚਾਉਂਦਾ ਹੈ। ਜਦੋਂ ਕਦੇ ਸਾਡੇ ਮਨਾਂ ਅੰਦਰ ਸ਼ੱਕ ਦੇ ਵਾ ਵਰੋਲੇ ਉਠਣੇ ਤਾਂ ਰੇਤ ਨੇ ਉਡ ਕੇ ਸਾਡੀਆਂ ਅੱਖਾਂ ਅੰਦਰ ਕਿਰਚਾਂ ਵਾਂਗ ਧਸ ਜਾਣਾ।

ਅਸੀਂ ਸ਼ਰਧਾ ਦੇ ਧੌਲੇ ਬਲਦ ਬਣ ਕੇ ਕੰਮ ਕਰਦੇ ਰਹੇ। ਉਦੋਂ ਸਵਾਲ ਕਰਨ ਨਾਲੋਂ ਅਸੀਂ ਮਿਸ਼ਨ ਨੂੰ ਕਾਮਯਾਬ ਕਰਨ ਲਈ ਮੁਸ਼ੱਕਤ ਕਰਦੇ ਰਹੇ।

ਸਵਾਲ ਤਾਂ ਸੋਚਣ ਵਾਲਾ ਮਨੁੱਖ ਕਰਦਾ ਪਰ ਜਦੋਂ ਸ਼ਰਧਾ ਤੇ ਆਦਰਸ਼ ਦੀ ਅੱਖਾਂ ਉੱਤੇ ਪੱਟੀ ਬੰਨੀ ਹੋਵੇ ਫਿਰ ਬੰਦਾ ਵੀ ਕੋਹਲੂ ਦਾ ਬਲਦ ਬਣ ਜਾਂਦਾ ਹੈ। ਜਦੋਂ ਉਹ ਸੋਚਣ, ਸਮਝਣ ਦੇ ਕਾਬਲ ਹੁੰਦਾ ਹੈ, ਉਦੋਂ ਦਿੱਲੀ ਦੂਰ ਹੋ ਜਾਂਦੀ ਹੈ, ਦਿਨ ਰਾਤ ਵਿੱਚ ਬਦਲ ਜਾਂਦਾ ਹੈ।

ਸਾਂਝੇ ਕਾਜ ਲਈ ਦਮੜੀਆਂ ਤੇ ਚਮੜੀਆਂ ਦੀ ਕੋਈ ਘਾਟ ਨਹੀਂ ਹੁੰਦੀ। ਜਦੋਂ ਪਤਾ ਹੋਵੇ ਨਾ ਦਮੜੀਆਂ ਦੀ ਨਾ ਬੰਦਿਆਂ ਦੀ, ਫਿਰ ਤਾਂ ਪੰਜੇ ਉਂਗਲਾਂ ਘਿਉ ਵਿੱਚ ਹੁੰਦੀਆਂ ਹਨ।

ਅਸੀਂ ਤਾਂ ਬਾਲਣ ਸੀ, ਬਲਦੇ ਰਹੇ, ਸੜਦੇ ਰਹੇ ਤੇ ਖੜੇ ਪਾਣੀਆਂ ਵਿੱਚ ਹਲਚਲ ਪੈਦਾ ਕਰਦੇ ਰਹੇ। ਉਦੋਂ ਨਾ ਮੌਤ ਦਾ ਭੈਅ ਸੀ, ਨਾ ਦਮੜੀਆਂ ਦਾ ਕੋਈ ਲਾਲਚ ਸੀ।

ਧਰਮ ਦੇ ਨਾਂਅ ਹੇਠ ਪੈਸੇ ਤੇ ਲੋਕਾਂ ਦੀ ਭੀੜ ਇਕੱਠੀ ਕੀਤੀ ਜਾ ਸਕਦੀ ਹੈ, ਪਰ ਚੇਤਨਾ ਪੈਦਾ ਕਰਨ ਵਾਲਿਆਂ ਦੀ ਭੀੜ ਨਹੀਂ ਹੁੰਦੀ ਤੇ ਨਾ ਹੀ ਭੀੜ ਦੀ ਕੋਈ ਸੋਚ ਹੁੰਦੀ ਹੈ। ਸੋਚ ਤਾਂ ਕੁੱਝ ਦੀ ਹੁੰਦੀ, ਲਹਿਰ ਉਸ ਨੂੰ ਲੋਕ ਬਣਾਉਂਦੇ ਹਨ। ਲਹਿਰ ਵਿਚਾਰ ਬਣ ਕੇ ਵਿਚਾਰਧਾਰਾ ਬਣਦੀ ਹੈ। ਉਸਾਰੂ ਸੋਚ ਤੇ ਵਿਚਾਰਧਾਰਾ ਬੜਾ ਕੁੱਝ ਨਵਾਂ ਬੀਜ ਦੇਂਦੀ ਹੈ। ਉਸਾਰੂ ਸੋਚ ਵਾਲੇ ਚਾਨਣ ਦਾ ਛਿੱਟਾ ਦਿੰਦੇ ਦਿੰਦੇ ਜਦੋਂ ਖੁਦ 'ਚਾਨਣ-ਚਾਨਣ' ਹੋ ਜਾਂਦੇ ਹਨ ਤਾਂ ਦੂਰ ਖੜੇ ਲੋਕ ਡਰ ਜਾਂਦੇ ਹਨ। ਉਹ ਲੁੱਟੇ ਹੋਏ ਜੁਆਰੀਏ ਵਾਂਗ ਹੱਥ ਮਲਦੇ ਰਹਿ ਜਾਂਦੇ ਹਨ।

ਚਾਨਣ ਦਾ ਛੱਟਾ ਦੇਣ ਵਾਲੀ ਸੋਚ ਜਦੋਂ ਆਪਣੀ ਕਾਮਯਾਬੀ ਦਾ ਜਸ਼ਨ ਮਨਾਉਂਦੀ ਹੈ ਤਾਂ ਉਸ ਸੋਚ ਨਾਲ ਤੁਰੇ ਪੈਰ ਬੁੱਤ ਬਣ ਜਾਂਦੇ ਹਨ। ਬੁੱਤ ਬਨਾਉਣ ਵਾਲੇ ਜਦੋਂ ਤੁਰ ਜਾਂਦੇ ਹਨ, ਦੋ ਗਜ਼ ਜ਼ਮੀਨ, ਹਜ਼ਾਰ ਗਜ਼ ਬਣਕੇ ਉਹ ਆਸ਼ਰਮ ਨਹੀਂ ਸਗੋਂ ਕਬਰ ਬਣ ਜਾਂਦੀ ਹੈ।

ਜਦੋਂ ਪਤਾ ਲੱਗਦਾ ਹੈ ਕਿ ਕੋਈ ਚੇਤਨਾ ਦੇ ਬੀਜ ਬੀਜ ਕੇ ਆਪਣਾ ਕਰਜ਼ ਵਸੂਲ ਰਿਹਾ ਹੈ ਤੇ ਕੋਈ ਕਰਜ਼ ਉਤਾਰ ਰਿਹਾ ਹੈ। ਕੋਈ ਚੇਤਨਾ ਦੇ ਨਾਂ ਧਰਤੀ ਇਕੱਠੀ ਕਰ ਰਿਹਾ ਹੈ ਤਾਂ ਇਹ ਸਭ ਕੁੱਝ ਦੇਖ ਕੇ ਡਾਢਾ ਦੁੱਖ ਹੁੰਦਾ ਹੈ, ਭੁੱਲ ਜਾਣਾ, ਵਿਸਰ ਜਾਣਾ, ਡਿੱਗ ਕੇ ਉਠ ਪੈਣਾ, ਸੰਭਲ ਜਾਣਾ ਤਾਂ ਕਿਸੇ ਕਿਸੇ ਨੂੰ ਆਉਂਦਾ ਹੈ।

ਜਦੋਂ ਕਦੇ ਅਤੀਤ ਦੇ ਵਰਕੇ ਅੱਖਾਂ ਅੰਦਰ ਖੁਲਦੇ ਹਨ ਤਾਂ ਬੜਾ ਕੁੱਝ ਨਸ਼ਤਰ ਬਣ ਕੇ ਚੁੱਭਦਾ ਹੈ। ਚੀਸ ਦਿੰਦਾ ਹੈ। ਇਹ ਚੀਸ ਜਦੋਂ ਤੁਹਾਡੇ ਮੱਥੇ ਵਿੱਚੋਂ ਹੁੰਦੀ ਹਿੱਕ ਵਿਚੋਂ ਦੀ ਲੰਘਦੀ ਹੈ ਤਾਂ ਉਸਫੋਟ ਹੁੰਦਾ ਹੈ।

ਹੁਣ ਜਦੋਂ ਮੌਤ ਵਰਗੇ ਦਿਨਾਂ ਦੀ ਯਾਦ ਆਉਂਦੀ ਹੈ ਤਾਂ ਮੱਥੇ ਉੱਤੇ ਤਰੇਲੀਆਂ ਆਉਣ ਲੱਗਦੀਆਂ ਹਨ। ਪ੍ਰੀਤ ਨਗਰ ਚੇਤੇ ਆਉਂਦਾ ਹੈ। ਧਮਕੀਆਂ, ਡਰ ਕੇ ਕੱਟੀਆਂ ਰਾਤਾਂ ਚੇਤੇ ਆਉਂਦੀਆਂ ਹਨ।

ਚੇਤੇ ਆਉਂਦੇ ਹਨ ਉਹ ਬੋਲ, ਜਿਹੜੇ ਮੁਹੱਬਤ ਵਿੱਚ ਬਦਲ ਜਾਂਦੇ ਹਨ ਤੇ ਦੁਸ਼ਮਣ ਮਿੱਤਰ ਬਣ ਤੁਰਦੇ ਹਨ।

ਪਰ ਜਦੋਂ ਨਾਲ ਤੁਰੇ ਖੁਦ ਦੁਸ਼ਮਣ ਬਣ ਖੜਦੇ ਹਨ ਤਾਂ ਸੋਚ ਤੇ ਸਮਝ ਬੁਤ ਬਣ ਜਾਂਦੀ ਹੈ।

ਤੁਸੀਂ ਆਪੇ ਹੋਸ਼ ਤੇ ਜੋਸ਼ ਦੀ ਸੁਨਾਮੀ ਦੀ ਉਡੀਕ ਵਿੱਚ ਧਰਤੀ ਦਾ ਭਾਅ ਪੁੱਛਦੇ ਹੋ ਤਾਂ ਸਮਝਦਾਰ ਹੋ ਕੇ ਵੀ ਤੁਸੀ ਮੂਰਖ ਬਣ ਜਾਂਦੇ ਹੋ। ਜਦੋਂ ਚੇਤਨ ਸੋਚ ਤੁਹਾਨੂੰ ਤੇ ਤੁਹਾਡੀਆਂ ਭਾਵਨਾਵਾਂ ਨੂੰ ਵੇਚ ਦੇਵੇ ਤਾਂ ਤੁਸੀ ਇਹੋ ਹੀ ਆਖੋਗੇ ਕਿ "ਅਸੀਂ ਰਹਿ ਗਏ ਭਾਅ ਪੁੱਛਦੇ, ਜ਼ਮੀਨਾਂ ਖਰੀਦ ਗਏ ਚਿੱਟੇ ਬਸਤਰਾਂ ਵਾਲੇ!" ਚਿੱਟੀ ਸਿਉਕ ਖਾ ਗਈ ਪੰਜਾਬ, ਪੰਜਾਬੀ ਤੇ ਪੰਜਾਬੀਆਂ ਨੂੰ !

## ਅਮਰੀਕਾ ਦੇ ਟੈਕਸਸ ਸਥਿਤ ਸਕੂਲ ਵਿੱਚ ਹੋਈ ਗੋਲੀਬਾਰੀ "ਚ ਮਰਨ ਵਾਲਿਆਂ ਦੀ ਗਿਣਤੀ 21 ਹੋ ਗਈ ਹੈ।

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਟੈਕਸਸ ਵਿੱਚ ਸਥਿਤ ਐਲੀਮੈਂਟਰੀ ਸਕੂਲ ਵਿੱਚ ਹੋਈ ਗੋਲੀਬਾਰੀ ਨੇ ਪੂਰੀ ਦੁਨੀਆ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਜਿਸ ਵਿੱਚ ਅਠਾਰਾਂ ਸਾਲਾ ਹਮਲਾਵਰ ਵੱਲੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਵਿੱਚ ਮਰਨ ਵਾਲਿਆਂ ਦੀ ਗਿਣਤੀ 21 ਤੱਕ ਪਹੁੰਚ ਗਈ ਹੈ ਜਿਸ ਵਿਚ 19 ਬੱਚੇ ਸ਼ਾਮਿਲ ਹਨ ਇਸ ਦਿਲ ਦਹਿਲਾ ਦੇਣ ਵਾਲੀ ਵਾਰਦਾਤ ਤੋਂ ਬਾਅਦ ਦੁਨੀਆਂ ਭਰ ਦੇ ਆਗੂਆਂ ਵੱਲੋਂ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ । ਟੈਕਸਸ ਵਿੱਚ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਵਿੱਚ ਇੰਨੀਆਂ ਮਾਸੂਮ ਜ਼ਿੰਦਗੀਆਂ ਚਲੇ ਜਾਣ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਮਾਰੇ ਗਏ ਬੱਚਿਆਂ ਦੇ ਮਾਪਿਆਂ ਦੇ ਦੁੱਖ ਨੂੰ ਉਹ ਭਲੀ ਭਾਂਤ ਸਮਝ ਸਕਦੇ ਹਨ ਇਸਦੇ ਨਾਲ ਹੀ ਉਨ੍ਹਾਂ ਮਾਰੇ ਗਏ ਅਧਿਆਪਕਾਂ ਲਈ ਵੀ ਬੇਹੱਦ ਸੰਵੇਦਨਾ ਪ੍ਰਗਟ ਕੀਤੀ ।

## ਟੈਕਸਸ ਦੇ ਐਲੀਮੈਂਟਰੀ ਸਕੂਲ ਵਿੱਚ ਗੋਲੀਬਾਰੀ ਦੌਰਾਨ ਪੁਲੀਸ ਵੱਲੋਂ ਕੀਤੀ ਗਈ ਉਡੀਕ ਗ਼ਲਤ ਫ਼ੈਸਲਾ ਕਰਾਰ ਦਿੱਤਾ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ ਚੌਵੀ ਮਈ ਨੂੰ ਅਮਰੀਕਾ ਦੇ ਟੈਕਸਾਸ ਚ ਸਥਿਤ ਰਾਬ ਐਲੀਮੈਂਟਰੀ ਸਕੂਲ ਵਿੱਚ ਅਠਾਰਾਂ ਸਾਲਾ ਵਿਅਕਤੀ ਵੱਲੋਂ ਅੰਨ੍ਹੇਵਾਹ ਗੋਲੀਬਾਰੀ ਕਰਕੇ 19 ਬੱਚਿਆਂ ਅਤੇ 2 ਅਧਿਆਪਕਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਹੁਣ ਇਸ ਸੰਬੰਧੀ ਦਿੱਤੇ ਗਏ ਬਿਆਨ ਵਿਚ ਪੁਲੀਸ ਨੇ ਆਖਿਆ ਹੈ ਕਿ ਮੌਕੇ ਤੇ ਮੌਜੂਦ ਪੁਲੀਸ ਅਧਿਕਾਰੀਆਂ ਦਾ ਉਹ ਫੈਸਲਾ ਗ਼ਲਤ ਸਿੱਧ ਹੋਇਆ ਜਿਸ ਵਿੱਚ ਉਨ੍ਹਾਂ ਕਲਾਸ ਰੂਮ ਵਿੱਚ ਦਾਖਲ ਹੋਣ ਤੋਂ ਪਹਿਲਾਂ 45 ਮਿੰਟ ਤੋਂ ਜ਼ਿਆਦਾ ਉਡੀਕ ਕੀਤੀ। ਜਦੋਂਕਿ ਕਲਾਸਰੂਮ ਵਿੱਚ ਫਸੇ ਹੋਏ ਬੱਚੇ 911 ਉੱਪਰ ਬਾਰ ਬਾਰ ਕਾਲ ਕਰਕੇ ਪੁਲੀਸ ਦੇ ਦਾਖਲ ਹੋਣ ਦੀ ਮੰਗ ਕਰ ਰਹੇ ਸਨ । ਇਹ ਖੁਲਾਸਾ ਟੈਕਸ ਡਿਪਾਰਟਮੇਂਟ ਆਫ਼ ਪਬਲਿਕ ਸੇਫਟੀ ਦੇ ਮੁਖੀ ਸਟੀਵਨ ਮੈਕਕਰਾਅ ਵੱਲੋਂ ਕੀਤਾ ਗਿਆ । ਵਰਨਣਯੋਗ ਹੈ ਕਿ ਲਗਪਗ 20 ਪੁਲੀਸ ਅਧਿਕਾਰੀ ਪੌਣੇ ਘੰਟੇ ਤੱਕ ਹਾਲਵੇਅ ਵਿੱਚ ਉਡੀਕ ਕਰਦੇ ਰਹੇ ਸਨ ।

## ਬ੍ਰਿਟਿਸ਼ ਕੋਲੰਬੀਆ ਵਿੱਚ ਘਰ ਖ਼ਰੀਦਣ ਵਾਲੇ ਸੀਮਤ ਸਮੇਂ 'ਚ ਡੀਲ ਰੱਦ ਕਰ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਰਹਿਣ ਵਾਲੇ ਹਰੇਕ ਬਾਸ਼ਿੰਦੇ ਦਾ ਸੁਪਨਾ ਹੁੰਦਾ ਹੈ ਕਿ ਉਸ ਦਾ ਆਪਣਾ ਘਰ ਹੋਵੇ । ਇਹ ਚਾਹਤ ਉਦੋਂ ਹੋਰ ਵੀ ਤੇਜ਼ ਹੋ ਜਾਂਦੀ ਹੈ ਜਦੋਂ ਇਹ ਲੱਗ ਰਿਹਾ ਹੋਵੇ ਕਿ ਹਾਊਸਿੰਗ ਮਾਰਕੀਟ ਵਿੱਚ ਤੇਜ਼ੀ ਆਉਂਦੀ ਜਾ ਰਹੀ ਹੈ। ਤੇਜ਼ੀ ਨਾਲ ਘਰ ਵਿਕਦੇ ਹੋਣ ਤਾਂ ਇਸ ਹਾਲਾਤ ਵਿਚ ਘਰ ਖ਼ਰੀਦਣ ਵਾਲੇ ਕਈ ਵਾਰ ਕਾਹਲੀ ਕਰ ਬੈਠਦੇ ਹਨ । ਕਾਹਲੀ ਕਾਹਲੀ ਵਿੱਚ ਘਰ ਦਾ ਸੌਦਾ ਕਰ ਲੈਂਦੇ ਹਨ ਤੇ ਡੀਲ ਸਾਈਨ ਹੋਣ ਤੋਂ ਬਾਅਦ ਕਈ ਵਾਰ ਲੋਕ ਆਪਣੇ ਆਪ ਨੂੰ ਫਸਿਆ ਹੋਇਆ ਮਹਿਸੂਸ ਕਰਨ ਲੱਗ ਜਾਂਦੇ ਹਨ । ਪਰ ਹੁਣ ਬ੍ਰਿਟਿਸ਼ ਕੋਲੰਬੀਆ ਸਰਕਾਰ ਘਰ ਖ਼ਰੀਦਣ ਵਾਲੇ ਲੋਕਾਂ ਨੂੰ ਸੀਮਤ ਸਮੇਂ ਚ ਡੀਲ ਰੱਦ ਕਰਨ ਦਾ ਅਧਿਕਾਰ ਦੇਣ ਜਾ ਰਹੀ ਹੈ ।

## ਕੈਨੇਡਾ ਦੇ ਹਸਪਤਾਲਾਂ ਚ ਇਲਾਜ ਕਰਵਾਉਣ ਵਾਲੇ ਜ਼ਿਆਦਾਤਰ ਮਰੀਜ਼ ਇਲਾਜ ਤੋਂ ਸੰਤੁਸ਼ਟ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਵੇਂ ਕਿ ਅੱਜ ਕੱਲ੍ਹ ਕੈਨੇਡਾ ਵਿਚ ਗ਼ੈਰ ਜ਼ਰੂਰੀ ਸਰਜਰੀਆਂ ਕਰਵਾਉਣ ਲਈ ਮਰੀਜ਼ਾਂ ਨੂੰ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ ਪਰ ਬਾਵਜੂਦ ਇਸਦੇ ਕੈਨੇਡਾ ਦਾ ਹੈਲਥ ਕੇਅਰ ਸਿਸਟਮ ਦੁਨੀਆਂ ਦੇ ਬਿਹਤਰੀਨ ਹੈਲਥਕੇਅਰ ਸਿਸਟਮ ਵਿੱਚ ਸ਼ਾਮਿਲ ਹੈ। ਇਸ ਦੀ ਪੁਸ਼ਟੀ ਹੁਣ ਕਰਵਾਏ ਗਏ ਇੱਕ ਨਵੇਂ ਸਰਵੇਖਣ ਤੋਂ ਵੀ ਹੋ ਜਾਂਦੀ ਹੈ ਇਸ ਸਰਵੇਖਣ ਅਨੁਸਾਰ ਕੈਨੇਡਾ ਦੇ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਵਾਲੇ ਜ਼ਿਆਦਾਤਰ ਮਰੀਜ਼ ਸੰਤੁਸ਼ਟ ਨਜ਼ਰ ਆਏ ਜਦੋਂ ਕਿ ਇਲਾਜ ਤੋਂ ਸੰਤੁਸ਼ਟ ਨਾ ਹੋਣ ਵਾਲੇ ਲੋਕਾਂ ਦੀ ਦਰ ਕੁੱਝ ਕੁ ਫ਼ੀਸਦੀ ਹੀ ਸੀ

# (ਸੂਫ਼ੀਵਾਦ ਦਾ ਭਾਰਤੀ ਸੰਗੀਤ ਤੇ ਪ੍ਰਭਾਵ - ਇੱਕ ਮੁਲਾਂਕਣ)



ਲਵਪ੍ਰੀਤ ਸਿੰਘ
ਮੋ : 98762-82761

ਪ੍ਰਵਰਤਨ ਪ੍ਰਕਰਤੀ ਦਾ ਰਨਯਮ ਹੈ। ਸੋ ਸਮੇਂ-ਸਮੇਂ ਅਨੁਸਾਰ ਭਾਰਤੀ ਸੰਗੀਤ ਰਵੱਚ ਵੀ ਪ੍ਰਵਰਤਨ ਹੰਦੁ ੇਰਹੇ। ਅਕਸਰ ਹੀ ਸਮਾਰਿਕ, ਆਰਰਿਕ ਪ੍ਰਸਰਿਤੀਆਂਸਾਡੀ ਸੰਸਰਕਰਤੀ ਤੇਪ੍ਰਭਾਵ ਪ ?ਾਉਦਾਂ ੀਆਂ ਹਨ। ਸੰਗੀਤ ਸਾਡੀ ਭਾਰਤੀ ਸੰਸਰਕਰਤੀ ਦਾ ਅਰਨੱ ਖੜਵਾਂ ਅੰਗ ਹੈ। ਸੂਫੀਵਾਦ ਦਾ ਭਾਰਤੀ ਸੰਗੀਤ ਦੀਆਂ ਰਤੰਨੋਂ ਧਾਰਾਵਾਂ (ਕਲਾਵਾਂ), ਅਰਿਾਤ ਗਾਇਨ, ਵਾਦਨ ਅਤੇ ਰਨਰਤ ਤੇ ਡੂੰਘਾ ਅਤੇ ਬੜਾ ਮਹੱਤਵਪ ੂਰਨ ਪ੍ਰਭਾਵ ਰਪ ?ਆ ਹੈ। ਰਿਸ ਦੇ ਸਬੂਤ ਆਧੁਰਨਕ ਸੰਗੀਤ ਰਵੱਚ ਵੀ ਰਮਲਦੇ ਹਨ। ਸੂਫ਼ੀ ਸ਼ਬਦ ਦੀ ਉਤਪ ?ਤੀ ਨੂੰ ਲੈ ਕੇ ਕਈ ਮੱਤ ਹੋਂਦ ਰਵੱਚ ਰਵੱਚ ਆਏ। ਪ੍ਰੰਤੂ ਰਤੰਨ ਮੱਤ ਪ੍ਰਚਰਲੱਤ ਹਨ। ਪ੍ਰਹਿਲੇ ਮੱਤ ਅਨੁਸਾਰ ਸੂਫ਼ੀ ਸ਼ਬਦ ਯੂਨਾਨੀ ਭਾਸ਼ਾ ਸੋਫ਼ਸ ਤੋਂ ਰਨਕਰਲਆ ਮੰਨਦੇ ਹਨ। ਰਿਸ ਦਾ ਅਰਿ ਹੇ ਰਗਆਨ। ਦੂਸਰੇ ਮੱਤ ਅਨੁਸਾਰ ਸੂਫ਼ੀ ਸ਼ਬਦ ਅਰਬੀ ਭਾਸ਼ਾ ਦੇ ਸੂਫ਼(ਉੱਨ) ਦਾ ਚੋਲਾ ਪ੍ਰਹਨਦੇ ਸਨ। ਸੂਫ਼ੀਆਂ ਦਾ ਟੀਚਾ ਅਰਧਆਤਮਕ ਪ੍ਰਗਤੀ ਅਤੇ ਮਾਨਵਤਾ ਦੀ ਸੇਵਾ ਰਰਹਾ ਹੈ। ਇਹਨਾਂ ਦਾ ਮੁੱਖ ਉਦੇਸ਼ ਇਸਲਾਮ ਭਾਈਚਾਰੇ ਅਤੇਸ਼ਾਂਤੀ ਦੇ ਸੰਦੇਸ਼ ਨੂੰ ਫੈਲਾਉਣਾ ਸੀ।

ਸੂਫ਼ੀਵਾਦ ਦੇ ਇਹਨਾਂ ਉਦੇਸ਼ਾਂ ਦੀ ਪ ੂਰਤੀ ਲਈ ਸੂਫ਼ੀਆਂ ਨੇ ਸੰਗੀਤ ਦਾ ਆਸਰਾ ਰਲਆ। ਸੂਫ਼ੀਵਾਦ ਦੇ ਪ੍ਰਚਰਲੱਤ 4 ਰਸਲਰਸਰਲਆਂ (ਰਚਸ਼ਤੀ, ਕਾਦਰੀ, ਸੋਹਰਾਵਰਦੀ ਅਤੇ ਨਕਸ਼ਬੰਦੀ, ਨੇ ਭਾਰਤੀ ਸੰਗੀਤ ਤੇ ਪ੍ਰਭਾਵ ਪ ?ਾਇਆ ਹੈ। ਿਦੋਂ ਸੂਫ਼ੀ ਸੰਤਾਂ ਦਾ ਭਾਰਤ ਆਗਮਨ ਹੋਇਆ ਉਦੋਂ ਸੂਫ਼ੀ ਦਰਵੇਸ਼ ਭਾਰਤੀ ਸੰਗੀਤ ਦੀਆਂ ਸਵਰਾਵਲੀਆਂ ਤੋਂ ਬਹੁਤ ਪ੍ਰਭਾਰਵਤ ਹੋਏ। ਅਰਬੀ, ਫਾਰਸੀ ਭਾਸ਼ਾ ਦਾ ਰਮਸ਼ਰਨ ਕਰਕੇ ਸੂਫ਼ੀਆਨਾ ਸੰਗੀਤ ਦਾਿ ਨਮ ਹੋਇਆ ਅਤੇ ਉਸ ਦੀਆਂ ਗਾਇਨ ਸ਼ੈਲੀਆਂ ਭਾਰਤੀ ਸੰਗੀਤ ਦੇ ਰਮਸ਼ਰਣ ਨਾਲ ਹੋਂਦ ਰਵੱਚ ਆਈਆਂ ਰਿਵੇਂ- ਕੱਵਾਲੀ, ਕੌਲ, ਰਕਲਬਾਨਾ, ਨਕਸ਼ਗੁਲ-ਨਕਸ਼ਰਨਗਾਰ,ਗਜ਼ਲ ਆਰਦ। ਸੋ ਸੂਫ਼ੀਵਾਦ ਨੇ ਇਸ ਤਰ ?ਾਂ ਗਾਇਨ ਧਾਰਾ ਉੱਤੇ ਪ੍ਰਭਾਵ ਪ ?ਾਇਆ। ਠੀਕ ਇਸੇ ਤਰ੍ਹਾਂ ਵਾਦਨ ਸੰਗੀਤ ਰਵੱਚ ਰਚਸ਼ਤੀ ਸੰਪ੍ਰਦਾਇ ਦੇ ਸੂਫ਼ੀ ਦਰਵੇਸ਼ ਹਿਰਤ ਅਮੀਰ ਖੁਸਰੋ ਨੇ ਤਬਲਾ,ਢੋਲਕ ਅਤੇ ਰਸਤਾਰ ਆਰਦ ਸਾਜ਼ਾਂ ਦਾ ਰਨਰਮਾਣ ਕਰਕੇ ਵਾਦਨ ਸੰਗੀਤ ਰਵੱਚ ਅਰਮੱਟ ਛਾਪ ? ਛੱਡੀ। ਰਨਰਤ ਕਲਾ ਸੰਗੀਤ ਦਾ ਮਹੱਤਵਪ ੂਰਨ ਅੰਗ ਹੈ। ਸੋ ਸੂਫ਼ੀ ਰਨਰਤ ਨੇ ਵੀ ਰਨਰਤ ਕਲਾ ਦੀ ਦੁਨੀਆਂ ਰਵੱਚ ਵੱਖਰੀ ਤੇ ਅਲੱਗ ਪ੍ਰਹਚਾਣ ਬਣਾਈ। ਕਾਦਰੀ ਸੰਪ੍ਰਦਾਇ ਦੇ ਪ੍ਰਵਰਤਕ ਹਜ਼ਰਤ ਅਬਦੁਲ ਕਾਰਦਰ ਰਿਲਾਨੀ ਦੇ ਠੀਕ ਬਾਅਦ ਦੇ ਉਤਰਾਰਧਕਾਰੀ ਸ਼ਮਸੂਦੀਨ ਨੇ ਸੂਫ਼ੀ ਸਾਧਕਾਂ ਦੁਆਰਾ ਕੀਤੇਿ ਾਣ ਵਾਲੇ ਰਨਰਤ ਰਵੱਚ ਭਾਰਤੀ ਸੰਗੀਤ ਦਾ ਸਮਾਵੇਸ਼ ਕਰਕੇ ਉਸ ਨੂੰ ਨਵੀਨ ਰੰਗ ਰਦੱਤਾ। ਸੋ ਉਪ੍ਰੋਕਤ ਸੰਖੇਪ ?ਿ ਾਣਕਾਰੀ ਦਾ ਸਾਰ ਇਹੀ ਹੈ ਰਕ ਸੂਫ਼ੀਵਾਦ ਦਾ ਭਾਰਤੀ ਸੰਗੀਤ ਦੀਆਂ ਰਤੰਨੋਂ ਕਲਾਵਾਂ (ਧਾਰਾਵਾਂ) ਗਾਇਨ, ਵਾਦਨ ਅਤੇ ਰਨਰਤ ਤੇ ਡੂੰਘਾ ਅਤੇ ਮਹੱਤਵਪ ੂਰਨ ਪ੍ਰਭਾਵ ਰਪ ?ਆ ਹੈ। ਅਰਸਸਟੈਂਟ ਪ੍ਰੋਫੈਸਰ. ਸੰਗੀਤ ਰਵਭਾਗ, ਮਾਤਾ ਸੁੰਦਰੀ ਯੂਨੀਵਰਰਸਟੀ ਗਰਲਿ ਕਾਲਿ, ਮਾਨਸਾ,

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682



Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166



Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING | STOP SIGN | SPEEDING | TRAFFIC TICKETS | RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
• Insulation
• Drywall
• Taping
• Texturing
• Blow Insulation
Products of Services:
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ•
ਡਰਾਈਵਾਲ•
ਟੇਪਿੰਗ•
ਬਲੋ ਇੰਸੂਲੇਸ਼ਨ•
ਟੈਕਸਚਰਿੰਗ•
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



# ਗਲੋਬਲ ਪਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਆਪਣਾ ਸਾਲਾਨਾ ਸਮਾਗਮ ਕਰਵਾਇਆ ਗਿਆ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ 10 ਸਾਲਾਂ ਤੋਂ ਲਗਾਤਾਰ ਆਪਣੇ ਮੈਂਬਰਾਂ ਅਤੇ ਹੋਰ ਕੈਲਗਰੀ ਵਾਸੀਆਂ ਦੇ ਸਹਿਯੋਗ ਨਾਲ ਸੱਤਪਾਲ ਕੌਸਿਲ ਦੀ ਅਗਵਾਈ ਹੇਠ ਗਲੋਬਲ ਪਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਆਪਣਾ ਸਾਲਾਨਾ ਸਮਾਗਮ ਫਾਲਕਿਨਰਿੱਜ ਕਮਿਓਨਿਟੀ ਹਾਲ ਵਿਖੇ ਕਰਵਾਇਆ ਗਿਆ। ਪੰਜਾਬੀ ਨਾਚ ਗਾਣਿਆਂ ਤੋਂ ਇਲਾਵਾ ਚੀਨੀ ਅਤੇ ਨੇਪਾਲੀ ਮੂਲ ਦੇ ਕਲਾਕਾਰਾਂ ਨੇ ਵੀ ਮੰਚ ਉਪਰੋਂ ਨਾਚ ਦੀਆਂ ਵਿਲੱਖਣ ਪੇਸ਼ਕਾਰੀਆਂ ਕੀਤੀਆਂ। ਐਮ ਐਲ ਏ ਇਰਫਾਨ ਸਾਬੀਰ ਅਤੇ ਵਾਰਡ 5 ਤੋਂ ਕੌਂਸਲਰ ਰਾਜ ਧਾਲੀਵਾਲ ਦੀ ਹਾਜਰੀ ਵਿੱਚ ਬਜੁਰਗਾਂ ਦੀ ਤਰਫੋਂ ਸੰਸਥਾ ਦੇ ਪ੍ਰਧਾਨ ਸੱਤ ਪਾਲ ਕੌਸਿਲ ਨੇ ਬਜੁਰਗਾਂ ਲਈ ਬੱਸ ਪਾਸ ਦੀ ਸਹੂਲਤ,ਲੋਅ ਇਨਕਮ ਵਾਲਿਆਂ ਲਈ ਦਵਾਈਆਂ ਫਰੀ ਹੋਣ ਦੀ ਮੰਗ ਸਰਕਾਰ ਕੋਲੋਂ ਰੱਖੀ। ਡਾਕਟਰ ਜੈਗ ਆਨੰਦ ਨੇ ਫਾਰਮਾ ਕੇਅਰ ਵਾਰੇ ਬੜੀ ਵਿਸਥਾਰ ਨਾਲ ਚਾਨਣਾ ਪਾਇਆ ਕਿ ਇਸ ਸਿਸਟਮ ਵਿੱਚ ਕਿੱਥੇ ਕਿੱਥੇ ਖਾਮੀਆਂ ਅਤੇ ਇਹਨਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ। । ਲੋਕ ਗਾਇਕ ਅਜੇ ਦਿਓਲ ਅਤੇ ਜਰਨੈਲ ਐਲੋਂ ਨੇ ਵਿਸੇਸ ਹਾਜਰੀ ਭਰੀ । ਰੇਡੀਓ ਹੋਸਟ ਰਿਸ਼ੀ ਨਾਗਰ ਨੇ ਪਰੋਗਰਾਮ ਦੀ ਸਫਲਤਾ ਲਈ ਮੰਚ ਉਪਰੋਂ ਗਲੋਬਲ ਪਰਵਾਸੀ ਸੰਤਾਂ ਨੂੰ ਵਧਾਈ ਦਿੱਤੀ। ਮੰਚ ਉਪਰੋਂ ਪੇਸ਼ਕਾਰੀਆਂ ਕਰਨ ਵਾਲਿਆਂ ਵਿਸੇਸ ਮਾਣ ਪੱਤਰ ਅਤੇ ਸ਼ੀਲਡਾਂ ਦੇਕੇ ਸਨਮਾਨਿਆ ਗਿਆ। ਹਾਜਰੀਨ ਲਈ ਲੱਕੀ ਡਰਾਅ ਵੀ ਕੱਢੇ ਗਏ ।

## ਮੈਨੀਟੋਬਾ ਵਿੱਚ ਸ਼ਰਾਬ ਦੇ ਵਿਕਰੀ ਲਾਇਸੈਂਸ ਸੌਖਿਆਂ ਹੀ ਮਿਲ ਜਾਇਆ ਕਰਨਗੇ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸੂਬਿਆਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਸ਼ਰਾਬ ਦੀ ਵਿਕਰੀ ਦੇ ਰਾਹੀਂ ਆਉਂਦੇ ਟੈਕਸਾਂ ਦਾ ਵੱਡਾ ਯੋਗਦਾਨ ਮੰਨਿਆ ਜਾਂਦਾ ਹੈ ਅਤੇ ਆਪਣੀ ਇਸੇ ਆਰਥਿਕ ਤਾਕਤ ਨੂੰ ਮਜ਼ਬੂਤੀ ਦੇਣ ਲਈ ਮੈਨੀਟੋਬਾ ਦੀ ਸਰਕਾਰ ਵੱਲੋਂ ਨਵੀਂ ਨੀਤੀ ਲਿਆਂਦੀ ਜਾ ਰਹੀ ਹੈ ਜਿਸ ਵਿੱਚ ਸ਼ਰਾਬ ਦੀ ਵਿਕਰੀ ਲਈ ਲਾਇਸੈਂਸ ਲੈਣ ਦੀ ਪ੍ਰਕਿਰਿਆ ਨੂੰ ਆਸਾਨ ਕੀਤਾ ਜਾ ਰਿਹਾ ਹੈ

## ਕੈਨੇਡਾ ਦੀ ਸੰਸਥਾ ਵੱਲੋਂ ਹਿਮਾਚਲ ਪ੍ਰਦੇਸ਼ ਦੇ ਸ਼ਹਿਰਾਂ ਡਲਹੌਜ਼ੀ ਅਤੇ ਮੈਕਲੋਡਗੰਜ ਦੇ ਨਾਮ ਬਦਲਣ ਦੀ ਮੰਗ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡੀਅਨ ਸੰਸਥਾ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਹਿਮਾਚਲ ਦੇ ਦੋ ਪ੍ਰਸਿੱਧ ਸ਼ਹਿਰਾਂ ਡਲਹੌਜ਼ੀ ਅਤੇ ਮੈਕਲੋਡਗੰਜ ਦੇ ਨਾਂ ਬਦਲਣ ਦੀ ਮੰਗ ਉਠਾਈ ਹੈ। ਫਾਊਂਡੇਸ਼ਨ ਦੇ ਮੁਖੀ ਸਾਹਿਬ ਥਿੰਦ ਨੇ ਸ਼ਿਮਲਾ ਵਿੱਚ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਕੇਂਦਰ ਅਤੇ ਹਿਮਾਚਲ ਸਰਕਾਰ ਤੋਂ ਮੰਗ ਕੀਤੀ ਹੈ ਕਿ ਡਲਹੌਜ਼ੀ ਦਾ ਨਾਂ ਅਜੀਤ ਸਿੰਘ ਨਗਰ ਅਤੇ ਮੈਕਬਲੋਡਗੰਜ ਦਾ ਨਾਂ ਸੁਭਾਸ਼ ਚੰਦਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਅੰਗਰੇਜ਼ ਸ਼ਾਸਕ ਲਾਰਡ ਡਲਹੌਜ਼ੀ ਦੇ ਨਾਂ 'ਤੇ ਰੱਖੇ ਗਏ ਸ਼ਹਿਰ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਚਾਚਾ ਸ਼ਹੀਦ ਅਜੀਤ ਸਿੰਘ ਦੇ ਨਾਂ 'ਤੇ ਰੱਖਿਆ ਜਾਣਾ ਚਾਹੀਦਾ ਹੈ।



# ਗੱਭਰੂ ਦੇ ਚਿਹਰੇ 'ਤੇ ਨੂਰ ਦੱਸਦਾ, ਇਹਦਾ ਉਠੂਗਾ ਜਵਾਨੀ 'ਚ ਜਨਾਜ਼ਾ ਮਿੱਠੀਏ

ਸਿੱਧੂ ਮੂਸੇਵਾਲਾ ਦੇ ਅੰਤਿਮ ਸਸਕਾਰ ਮੌਕੇ ਉਮੜੀ ਭੀੜ, ਉਸ ਦੇ ਪਿਤਾ ਬਲਕੌਰ ਸਿੰਘ ਦੁਆਰਾ ਸਸਕਾਰ ਮੌਕੇ ਲੋਕਾਂ ਦੇ ਸਿੱਧੂ ਮੂਸੇਵਾਲ ਨਾਲ ਲੋਕਾਂ ਦੇ ਪਿਆਰ ਨੂੰ ਪੱਗੜੀ ਵਿੱਚ ਸਮੇਟਣਾ ਬਹੁਤ ਹੀ ਭਾਵੁਕ ਪਲ ਸਨ। ਮਾਂ ਦਾ ਜਵਾਨ ਪੁੱਤ ਮਾਰ ਜਾਵੇ, ਉਸ ਦੇ ਕੀਰਨਿਆਂ ਦਾ ਕੋਈ ਜਵਾਬ ਹੀ ਨਹੀਂ ਦੇ ਸਕਦਾ। ਇਹ ਪਲ ਹਰ ਉਹ ਵਿਅਕਤੀ ਆਪਣੇ ਆਪ ਨਾਲ ਬੀਤਦੇ ਮਹਿਸੂਸ ਕਰਦਾ ਹੋਵੇਗਾ ਜਿਹੜੇ ਉਸ ਨੂੰ ਪਿਆਰ ਕਰਦੇ ਹਨ।



ਮੈਂ ਵੀ ਸਿੱਧੂ ਮੂਸੇਵਾਲ ਦੇ ਗੀਤਾਂ ਨੂੰ ਇਸ ਲਈ ਨਹੀਂ ਸੁਣਦਾ ਸੀ ਕਿ ਉਹ ਹਮੇਸ਼ਾਂ ਹੀ ਹਥਿਆਰਾਂ ਤੇ ਨੌਜਵਾਨਾਂ ਦੇ ਹੰਕਾਰ ਨੂੰ ਉਭਾਰਦਾ ਸੀ। ਮੇਰੀ ਪਸੰਦ ਜਾਂ ਨਾ ਪਸੰਦ ਲੋਕਾਂ ਦੀ ਪਸੰਦ ਅੱਗੇ ਜ਼ਿਆਦਾ ਮਾਇਨੇ ਨਹੀਂ ਰੱਖਦੀ ਪਰ ਇਹ ਹਕੀਕਤ ਹੈ ਕਿ ਹਥਿਆਰਾਂ ਜਾਂ ਨੌਜਵਾਨਾਂ ਨੂੰ ਭੜਕਾਉਣ ਵਾਲੇ ਗੀਤ ਸਿਰਫ ਸਿੱਧੂ ਮੂਸੇਵਾਲ ਹੀ ਨਹੀਂ ਗਾਉਂਦਾ ਰਿਹਾ, ਉਸ ਤੋਂ ਪਹਿਲੇ ਗਾਇਕ ਵੀ ਸਿੱਧੇ ਜਾਂ ਅਸਿੱਧੇ ਰੂਪ ਲੋਕਾਂ ਨੂੰ ਇਹੀ ਕੁਝ ਪਰੋਸਦੇ ਰਹਿੰਦੇ ਰਹੇ ਹਨ। ਜਦੋਂ ਕੋਈ ਵਿਆਹ-ਸ਼ਾਦੀ ਹੁੰਦੀ ਹੈ ਤਾਂ ਸੁਰਜੀਤ ਬਿੰਦਰੱਖੀਏ ਦੇ ਗੀਤ ਸਭ ਤੋਂ ਜ਼ਿਆਦਾ ਸੁਣਾਈ ਦਿੰਦੇ ਹਨ ਕੀ ਉਸ ਦੇ ਗੀਤਾਂ ਵਿੱਚ ਥਾਣੇਦਾਰ ਨੂੰ ਰੋਲਣ ਦੀ ਗੱਲ ਨਹੀਂ ਆਉਂਦੀ।

ਜਿਹਦੇ ਹੇਠ ਘੋੜਾ, ਮੋਢੇ 'ਤੇ ਦੋ ਨਾਲੀ ਨੀਂ
ਪੱਗ ਬੰਨ੍ਹਦਾ ਜਿਊਣੇ ਮੌੜ ਵਾਲੀ ਨੀਂ
ਜਿਹਦੀ ਪੱਚੀਆਂ ਪਿੰਡਾਂ ਵਿੱਚ ਸਰਦਾਰੀ ਨੀਂ
ਲਾ ਲਈ ਇਹੋ ਜਿਹੇ ਵੈਲੀ ਨਾਲ ਯਾਰੀ ਨੀਂ
ਕਹਿੰਦੇ ਡੀ ਸੀ ਵੀ ਸਲੂਟ ਓਹਨੂੰ ਮਾਰਦਾ
ਪੈਰਾਂ 'ਚ ਠਾਣੇਦਾਰ ਰੋਲਤਾ
ਤੂੰ ਨਹੀਂ ਰਕਾਨੇ ਤੂੰ ਨਹੀਂ ਬੋਲਦੀ ਤੇਰੇ 'ਚ ਤੇਰਾ ਯਾਰ ਬੋਲਦਾ

ਬਿੰਦਰੱਖੀਏ ਦੇ ਅਜਿਹੇ ਬਹੁਤ ਸਾਰੇ ਗੀਤ ਹਨ ਜਿਹੜੇ ਹਰ ਕਿਸੇ ਨੂੰ ਬਦੋ-ਬਦੀ ਘੁੱਟ ਲਗਾ ਕੇ ਜਿਊਣਾ ਮੌੜ ਬਣਨ ਨੂੰ ਪਰੇਰਨ ਲੱਗ ਜਾਂਦੇ ਹਨ।

ਬੱਬੂ ਮਾਨ ਪੰਜਾਬ ਦੇ ਸਿਰੇ ਦਾ ਗਾਇਕ ਹੈ। ਉਸ ਦੇ ਗੀਤਾਂ ਵਿੱਚ ਵੀ ਹਥਿਆਰਾਂ ਦੀ ਗੱਲਾਂ ਆਮ ਸੁਣੀਆਂ ਜਾ ਸਕਦੀਆਂ ਹਨ।

'ਚੁੱਕ ਲਓ ਰਿਵਾਲਵਰ-ਰਫਲਾਂ ਜੇ ਕਬਜ਼ਾ ਲੈਣਾ ਹੈ'
'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ'

ਦਿਲਜੀਤ ਦੁਸਾਂਝ ਅਤੇ ਯੋ ਯੋ ਹਨੀ ਸਿੰਘ ਦੇ ਬਹੁਤ ਸਾਰੇ ਅਜਿਹੇ ਗੀਤ ਮਿਲਣਗੇ ਜਿਹੜੇ ਹਥਿਆਰਾਂ ਨਾਲ ਲੈਸ ਹਨ।

ਪੁਰਾਣੇ ਗਾਇਕ ਜਿਨ੍ਹਾਂ ਨੂੰ ਅਸੀਂ ਸਭਿਆਚਾਰਕ ਗਾਇਕ ਮੰਨਦੇ ਹਾਂ ਉਨ੍ਹਾਂ ਦੇ ਗੀਤਾਂ ਵਿੱਚ ਹਥਿਆਰ ਮਿਲਦੇ ਹਨ। ਮੁਹੰਮਦ ਸਦੀਕ ਦੇ ਅਨੇਕਾਂ ਗੀਤ ਹਨ ਜਿਨ੍ਹਾਂ ਵਿੱਚ ਹਥਿਆਰ ਅਤੇ ਕਚਹਿਰੀਆਂ ਮਿਲਦੀਆਂ ਹਨ। ਗੰਡਾਸੇ ਮਿਲਦੇ ਹਨ, ਨਿੱਤ ਦੇ ਸ਼ਰਾਬੀ ਮਿਲਦੇ ਹਨ। ਕੁਲਦੀਪ ਮਾਣਕ ਦੇ ਗੀਤਾਂ ਵਿੱਚ ਬਹੁਤ ਕੁਝ ਅਜਿਹਾ ਮਿਲ ਜਾਂਦਾ ਹੈ। ਜਗਮੋਹਣ ਕੌਰ ਤਾਂ 'ਸਿਰ ਦਾ ਸਾਂਈ' ਮਾਰਨ ਲਈ 'ਪੀਰ ਦਾ ਬੱਕਰਾ' ਦੇਣ ਲਈ ਵੀ ਤਿਆਰ ਹੈ। ਗਲੀਆਂ ਸੁੰਨੀਆਂ ਕਰਨ ਨੂੰ ਫਿਰਦੀ ਹੈ।

ਗੀਤਾਂ ਦਾ ਗੋਲਾ ਉਧੇੜੋਂਗੇ ਤਾਂ ਹੋਰ ਵੀ ਬਹੁਤ ਸਾਰੀਆਂ ਤੰਦਾਂ ਮੌਜੂਦ ਹਨ ਜਿਨ੍ਹਾਂ ਵਿੱਚ ਪੰਜਾਬੀ ਦੇ ਪੁਰਾਣੇ ਗਾਇਕ ਵੀ ਹਥਿਆਰਾਂ ਦੀਆਂ ਗੱਲਾਂ ਕਰਦੇ ਹਨ। ਇਸ ਲਈ ਅੱਜ ਜੇਕਰ ਸਿੱਧੂ ਮੂਸੇਵਾਲੇ ਦੀ ਗੀਤਾਂ ਵਿੱਚ ਹਥਿਆਰਾਂ ਸਨ ਤਾਂ ਉਹ ਲੋਕਾਂ ਦੀ ਪਸੰਦ ਕਰਕੇ ਸਨ। ਉਸ ਦੇ ਗੀਤਾਂ ਨੂੰ ਲੱਖਾਂ ਹੀ ਨਹੀਂ, ਕਰੋੜਾਂ ਲੋਕ ਸੁਣਦੇ ਸਨ। ਇਸੇ ਕਾਰਨ ਅੱਜ ਨਵੀਂ ਪੀੜ੍ਹੀ ਵਿੱਚ ਉਸ ਦੀ ਚੜ੍ਹਾਈ ਸੀ। ਉਸ ਨੂੰ ਕਰੋੜਾਂ ਲੋਕ ਉਸ ਦੇ ਗੀਤਾਂ 'ਤੇ ਝੂੰਮਦੇ ਸਨ, ਡੀ ਜੇ ਵਾਲੇ ਨੂੰ ਕਹਿੰਦੇ ਸਨ- ਮੂਸਾ-ਮੂਸਾ-ਮੂਸਾ। ਸਿਰਫ ਪੰਜਾਬ ਵਿੱਚ ਹੀ ਨਹੀਂ, ਪੂਰੇ ਦੇਸ਼ ਵਿੱਚ ਲੋਕ ਉਸ ਦੀਵਾਨੇ ਸਨ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੇ ਮਨਾਂ ਵਿੱਚ ਵਿਸ਼ੇਸ਼ ਸਥਾਨ ਬਣਾ ਲਿਆ ਸੀ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਨੇ ਇਹ ਗੀਤ 'ਗੱਭਰੂ ਦੇ ਚਿਹਰੇ 'ਤੇ ਨੂਰ ਦੱਸਦਾ, ਇਹਦਾ ਉਠੂਗਾ ਜਵਾਨੀ 'ਚ ਜਨਾਜ਼ਾ ਮੀਠੀਏ' ਕਿਉਂ ਗੁਆਇਆ ? ਇਸ ਸਵਾਲ ਤਾਂ ਆਪਾਂ ਕੋਈ ਨਹੀਂ ਦੇ ਸਕਦੇ ਪਰ ਕਈ ਵਾਰ ਕਹਿੰਦੇ ਹਨ ਕਿ ਰੱਬ ਇਸ ਦੁਨੀਆਂ ਤੋਂ ਜਾਣ ਵਾਲਿਆਂ ਤੋਂ ਸੱਚ ਕਹਾ ਦਿੰਦਾ ਹੈ। ਜਿਵੇਂ ਸ਼ਿਵ ਕੁਮਾਰ ਬਟਾਲਵੀ ਤੋਂ ਕਹਾਇਆ ਸੀ-ਜੋਬਨ ਰੁੱਤੇ ਜੋ ਕੋਈ ਮਰਦਾ ਚੰਨ ਬਣੇ ਜਾਂ ਤਾਰਾ। ਉਹ ਵੀ ਜੋਬਨ ਰੁੱਤੇ ਤੁਰ ਗਿਆ। ਜੋਬਨ ਰੁੱਤੇ ਹੋਰ ਵੀ ਬਹੁਤ ਸਾਰੇ ਤੁਰੇ ਹਨ। ਸਿੱਧੂ ਮੂਸੇਵਾਲਾ ਦੇ ਜੋਬਨ ਰੁੱਤੇ ਤੁਰਨਾ ਇਸ ਲਈ ਮਨ ਨੂੰ ਵਲੂੰਧਰ ਰਿਹੈ ਕਿ ਉਹ ਸੁੱਤਾ ਪਿਆ ਨਹੀਂ ਰਹਿ ਗਿਆ, ਉਹ ਹਾਦਸੇ ਵਿੱਚ ਨਹੀਂ ਮਰਿਆ, ਉਹ ਕੈਂਸਰ ਜਾਂ ਵੱਡੀ ਬਿਮਾਰੀ ਨਾਲ ਨਹੀਂ ਮਰਿਆ, ਉਹ ਉਨ੍ਹਾਂ ਹਥਿਆਰਾਂ ਦੀ ਭੇਟ ਚੜ੍ਹ ਗਿਆ ਜਿਹੜੇ ਹਥਿਆਰ ਦੇ ਗੀਤ ਉਸ ਨੂੰ ਫਰਸ਼ ਤੋਂ ਅਰਸ਼ ਤੱਕ ਲੈ ਗਏ ਸਨ। ਹੁਣ ਕੀ ਗਾਇਕਾਂ ਨੂੰ ਰਿਵਾਲਵਰ ਦੀ ਗੱਲ ਕਰਨੀ ਚਾਹੀਦੀ ਹੈ ਜਾਂ ਦਸਤਾਰਾਂ, ਸ਼ਮਲਿਆਂ ਜਾਂ ਫੁਲਕਾਰੀਆਂ ਦੀ ਗੱਲ ਕਰਨੀ ਚਾਹੀਦੀ ਹੈ।

**ਦਰਸ਼ਨ ਸਿੰਘ ਦਰਸ਼ਕ**
98555-08918





# ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ

ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ



## Mega Sanjha Punjab GROCERY STORE

ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।



FOUR LOCATIONS TO SERVE YOU

3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

## A1 DUCT & FURNACE CLEANING LTD.

We do Cleaning & Repair

ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜ਼ਰੂਰੀ ਐ !

ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ

ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।

ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

## Delta-A Stucco Ltd.

All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

## ਡਰਾਇਵਰਾਂ ਦੀ ਲੋੜ ਹੈ

RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.

Rig Logistics is now Hiring long haul drivers for Canada & USA and LCV with minimum 2 year Hwy driving experience.

O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

## Sunder Building Supplies Ltd.

We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal 403-690-8700
Bhajan Singh Johal 403-561-0227

4612, 6 STREET NE CALGARY, AB

## For All your Exterior Needs

B.B.S. Exterior

Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.

403.714.0455
bbsexterior@gmail.com

## Sukhi Da Dhaba

Restaurant & Sweet Shop
5058-68 St NE Calgary (AB) 403 452 5513

ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ

1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ





DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
ਫਰੰਟ ਗੈਰਾਜ ਵਾਲੀਆਂ ਲਾਟਾਂ
ਡੁਪਲੈਕਸ ਘਰਾਂ ਦੀਆਂ ਲਾਟਾਂ
ਲੇਨਡ ਘਰਾਂ ਦੀਆਂ ਲਾਟਾਂ
DUPLEX HOMES
FROM THE
$400s
LANED HOMES
FROM THE LOW
$500s
FRONT GARAGE HOMES
FROM THE HIGH
$500s
SHOWHOME APPOINTMENTS AVAILABLE AND RECOMMENDED.
360° ਵਰਚੂਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ। ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ
QUALICO communities




SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

# ਖਾਲਸਾ ਪੰਥ ਦੇ ਜਨਮ ਦਿਹਾੜੇ ਅਤੇ ਵਿਸਾਖੀ ਨੂੰ ਸਮਰਪਿਤ ਕਨੇਡਾ ਦੇ ਰੀਜਾਇਨਾ ਸ਼ਹਿਰ ਵਿਖੇ ਨਗਰ ਕੀਰਤਨ ਸਜਾਏ ਗਏ
































ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੀਜਾਇਨਾ ਵਿਖੇ ਇਸ ਸਾਲ ਵੀ ਛੇਵਾਂ ਨਗਰ ਕੀਰਤਨ ਬੀਤੀ 22 ਮਈ ਨੂੰ ਮਨਾਇਆ ਗਿਆ। ਗੁਰੂਘਰ ਤੋਂ ਨਗਰ ਕੀਰਤਨ ਦੀ ਰਵਾਨਗੀ ਸਵੇਰੇ 11 ਵਜੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸੁਰੂ ਹੋਈ । ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਨੂੰ ਸਜੇ ਧਜੇ ਫਲੋਟ ਉੱਪਰ ਸੁਸੋਬਿਤ ਕੀਤਾ ਹੋਇਆ ਸੀ। ਕੇਸਰੀ ਦਸਤਾਰਾਂ ਅਤੇ ਦੁਪਟਿਆਂ ਦਾ ਹੜ੍ਹ ਆਇਆ ਹੋਇਆ ਸੀ। ਛੋਟੇ ਛੋਟੇ ਬੱਚੇ ਕੇਸਰੀ ਬਾਣਿਆਂ ਵਿੱਚ ਸਜੇ ਧਜੇ ਸਿੱਖ ਪੰਥ ਦੇ ਭਵਿੱਖ ਦੀ ਗਵਾਹੀ ਭਰ ਰਹੇ ਸਨ। ਨਗਰ ਕੀਰਤਨ ਦੁਪਹਿਰ 12 ਵੱਜਕੇ 15 ਮਿੰਟ ਉੱਪਰ ਸੈਸਕੈਚਵਾਨ ਦੇ ਅਸੰਬਲੀ ਹਾਲ ਦੇ ਸਾਹਮਣੇ ਪੁੱਜਾ । ਇਸ ਸਥਾਨ ਉੱਪਰ ਲੱਗੀ ਸਟੇਜ ਉਪਰੋਂ ਸਿੱਖ ਪੰਥ ਨਾਲ ਸਬੰਧਿਤ ਸ਼ਖਸੀਅਤਾਂ ਅਤੇ ਰਾਜਨੀਤਕ ਬੁਲਾਰਿਆਂ ਨੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਸਿੱਖ ਸੰਗਤਾਂ ਨਾਲ ਸਾਂਝੀਆਂ ਕੀਤੀਆਂ । ਕੈਲਗਰੀ ਤੋਂ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ ਅਤੇ ਜੌਰਜ ਚਾਹਲ ਵੀ ਵਿਸੇਸ ਤੌਰ ਤੇ ਪੁੱਜੇ ਹੋਏ ਸਨ। ਰਾਗੀ ਢਾਡੀ ਜਥਿਆਂ ਨੇ ਸਿੱਖ ਸੂਰਵੀਰਾਂ ਦੀਆਂ ਵਾਰਾਂ ਸੁਣਾਉਂਦਿਆਂ ਸਿੱਖ ਇਤਹਾਸ ਦੀਆਂ ਯਾਂਦਾਂ ਤਾਜਾ ਕਰਵਾਈਆਂ । ਸਾਮ ਨੂੰ ਤਿੰਨ ਵਜੇ ਦੇ ਕਰੀਬ ਨਗਰ ਕੀਰਤਨ ਦੀ ਸਮਾਪਤੀ ਗੁਰੂਘਰ ਵਾਪਿਸੀ ਉਪਰੰਤ ਹੋਈ।















# ਕੌਮਾਂਤਰੀ ਪ੍ਰਸਿੱਧੀ ਹਾਸਲ ਕਰਨ ਵਾਲੇ ਸਿੱਧੂ ਮੂਸੇਵਾਲਾ ਦਾ ਸਫ਼ਰ




## 'ਸਾਡਾ ਚੱਲਦਾ ਹੈ ਧੱਕਾ ਅਸੀਂ ਤਾਂ ਕਰਦੇ...'
## 'ਗੱਭਰੂ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ...'
## 'ਡਾਲਰਾਂ ਵਾਗੂੰ ਨੀਂ ਨਾਮ ਸਾਡਾ ਚੱਲਦਾ, ਅਸੀਂ ਪੁੱਤ ਡਾਕੂਆਂ ਦੇ...'

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬੀ ਗਾਇਕ ਅਤੇ ਅਦਾਕਾਰ ਤੋਂ ਸਿਆਸਤਦਾਨ ਬਣੇ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਪੰਜਾਬ ਵਿੱਚ ਇਕ ਤਰ੍ਹਾਂ ਨਾਲ ਤੂਫਾਨ ਆ ਗਿਆ ਹੈ। ਜਿਥੇ ਇਸ ਕਤਲ ਲਈ ਸਿੱਧੂ ਮੂਸੇਵਾਲੇ ਦੇ ਫੈਨ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ ਉਥੇ ਹੀ ਜਿਹੜੇ ਇਸ ਗਾਇਕ ਦੀ ਗਾਇਕੀ ਪਸੰਦ ਨਹੀਂ ਕਰਦੇ ਸਨ, ਉਹ ਵੀ ਇਹ ਕਹਿੰਦੇ ਹਨ ਕਿ ਇਹ ਬਹੁਤ ਹੀ ਮਾੜਾ ਹੋਇਆ ਹੈ। ਨੌਜਵਾਨ ਪੀੜ੍ਹੀ ਤਾਂ ਖਾਸ ਕਰਕੇ ਇਸ ਸਮੇਂ ਸ਼ੋਸਲ ਮੀਡੀਏ ਉਤੇ ਆਪਣੀ ਆਈ ਡੀ ਉਤੇ ਮੂਸੇਵਾਲ ਦੀ ਤਸਵੀਰ ਲਗਾ ਕੇ ਆਪਣੀ ਸ਼ਰਧਾਂਜਲੀ ਭੇਟ ਕਰ ਰਹੀ ਹੈ। ਇਸ ਘਟਨਾ ਨੇ ਇਕ ਵਾਰ ਫਿਰ ਪੰਜਾਬ ਦੀ ਕਾਨੂੰਨ ਤੇ ਵਿਵਸਥਾ ਉਤੇ ਪ੍ਰਸ਼ਨਚਿੰਨ੍ਹ ਲਗਾ ਦਿੱਤੇ ਹਨ ਅਤੇ ਇਕ ਵਾਰ ਫਿਰ ਗੈਂਗਸਟਰਾਂ ਦੇ ਖਾਤਮੇ ਦੇ ਪੁਲਿਸ ਦੇ ਦਾਅਵਿਆਂ ਨੂੰ ਝੂਠਾ ਸਾਬਤ ਕਰ ਦਿੱਤਾ ਹੈ।

ਪਿਛਲੇ ਸਾਲ ਦਸੰਬਰ ਵਿਚ ਸਿੱਧੂ ਮੂਸੇਵਾਲਾ 2022 ਦੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸਤ ਵਿਚ ਦਾਖਲ ਹੋਏ ਸਨ।

ਉਨ੍ਹਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਮਾਨਸਾ ਹਲਕੇ ਤੋਂ ਚੋਣ ਲੜੀ ਸੀ ਅਤੇ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਿਜੇ ਸਿੰਗਲਾ ਤੋਂ ਹਾਰ ਗਏ ਸਨ। ਦਸੰਬਰ 2021 ਵਿਚ ਸਿੱਧੂ ਮੂਸੇਵਾਲਾ ਕਾਂਗਰਸ ਵਿਚ ਸ਼ਾਮਲ ਹੋਇਆ। ਸਿੱਧੂ ਮੂਸੇਵਾਲ ਨੇ ਇਕ ਪਿੰਡ ਤੋਂ ਕਿਸ ਤਰ੍ਹਾਂ ਤਰੱਕੀ ਕੀਤੀ ਉਸ ਉਤੇ ਚਾਨਣਾ ਪਾਹੁੰਦੇ ਹਾਂ।




**'ਸਾਡਾ ਚੱਲਦਾ ਹੈ ਧੱਕਾ ਅਸੀਂ ਤਾਂ ਕਰਦੇ...'**

**'ਗੱਭਰੂ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ...'**

**'ਡਾਲਰਾਂ ਵਾਗੂੰ ਨੀਂ ਨਾਮ ਸਾਡਾ ਚੱਲਦਾ, ਅਸੀਂ ਪੁੱਤ ਡਾਕੂਆਂ ਦੇ...'**

ਅਜਿਹੇ ਕਈ ਹਿੱਟ ਗਾਣੇ ਗਾਉਣ ਵਾਲੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਸੰਬਰ 2021 ਦੌਰਾਨ ਕਾਂਗਰਸ ਵਿੱਚ ਸ਼ਾਮਲ ਹੋਏ ਤਾਂ ਇਸ ਖ਼ਬਰ ਦੀ ਚਰਚਾ ਚਾਰੇ ਪਾਸੇ ਹੋਈ।

ਗੰਨ ਕਲਚਰ ਨੂੰ ਗੀਤਾਂ ਰਾਹੀ ਉਤਸ਼ਾਹਿਤ ਕਰਨ ਦੇ ਇਲਜ਼ਾਮਾਂ ਨੂੰ ਝੱਲਦੇ ਰਹੇ ਮੂਸੇਵਾਲਾ ਦੇ ਖਿਲਾਫ਼ ਅਤੇ ਹੱਕ ਵਿੱਚ ਸੋਸ਼ਲ ਮੀਡੀਆ 'ਤੇ ਵੀ ਖਾਸੀ ਚਰਚਾ ਹੋਈ।

ਤਿੰਨ ਦਸੰਬਰ 2021 ਨੂੰ ਪੰਜਾਬ ਕਾਂਗਰਸ ਦੇ ਤਤਕਾਲੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਤਤਕਾਲੀ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਹਾਜ਼ਰੀ 'ਚ ਸਿੱਧੂ ਮੂਸੇਵਾਲਾ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ।




ਸਿੱਧੂ ਮੂਸੇਵਾਲਾ ਦੀ ਐਂਟਰੀ ਬਾਰੇ ਕੀ ਕਿਹਾ ਸੀ

ਕਾਂਗਰਸ ਦਾ ਹੱਥ ਫੜ੍ਹਨ ਵੇਲੇ ਸਿੱਧੂ ਮੂਸੇਵਾਲਾ ਨੇ ਕਿਹਾ ਸੀ, 'ਅੱਜ ਤੋਂ 3-4 ਸਾਲ ਪਹਿਲਾਂ ਮੈਂ ਸੰਗੀਤ ਸ਼ੁਰੂ ਕੀਤਾ ਸੀ। ਅੱਜ ਚਾਰ ਸਾਲਾਂ ਬਾਅਦ ਮੈਂ ਆਪਣੀ ਜ਼ਿੰਦਗੀ ਵਿੱਚ ਇੱਕ ਨਵਾਂ ਕਦਮ ਚੁੱਕਣ ਜਾ ਰਿਹਾ ਹਾਂ, ਇੱਕ ਨਵਾਂ ਕਿੱਤਾ, ਇੱਕ ਨਵੀਂ ਦੁਨੀਆਂ, ਜਿਸ ਵਿੱਚ ਮੇਰੀ ਸ਼ੁਰੂਆਤ ਹੈ।'

'ਮੇਰਾ ਜੁੜਾਅ ਪਿੰਡ ਨਾਲ ਰਿਹਾ, ਅਸੀਂ ਆਮ ਪਰਿਵਾਰਾਂ 'ਚੋਂ ਉੱਠੇ ਹੋਏ ਲੋਕ ਹਾਂ। ਮੇਰੇ ਪਿਤਾ ਜੀ ਫੌਜ ਵਿੱਚ ਰਹੇ ਹਨ, ਪਰਮਾਤਮਾ ਨੇ ਬਹੁਤ ਤਰੱਕੀ ਦਿੱਤੀ ਤੇ ਅਜੇ ਵੀ ਅਸੀਂ ਉਸੇ ਪਿੰਡ ਵਿੱਚ ਰਹਿ ਰਹੇ ਹਾਂ।'

'ਕਾਂਗਰਸ 'ਚ ਸ਼ਾਮਲ ਹੋਣ ਬਹੁਤ ਵੱਡਾ ਕਾਰਨ ਹੈ। ਪਹਿਲੀ ਗੱਲ ਇਹ ਕਿ ਜਿਹੜੀ ਪੰਜਾਬ ਕਾਂਗਰਸ ਹੈ ਜਾਂ ਕਾਂਗਰਸ ਹੈ, ਇਸ ਵਿੱਚ ਉਹ ਲੋਕ ਨੇ ਜਿਹੜੇ ਆਮ ਘਰਾਂ ਤੋਂ ਉੱਠੇ ਹੋਏ ਹਨ।'

'ਮੁੱਖ ਵਜ੍ਹਾ ਇਹ ਹੈ ਕਿ ਇੱਥੇ ਕੋਈ ਵੀ ਮਿਹਨਤਕਸ਼ ਆਦਮੀ ਆਪਣੀ ਆਵਾਜ਼ ਬੁਲੰਦ ਕਰ ਸਕਦਾ ਹੈ ਤੇ ਵਿਕਾਸ ਕਰ ਸਕਦਾ ਹੈ।'

**ਸਿੱਧੂ ਮੂਸੇਵਾਲਾ ਕੌਣ ਸੀ**

ਤਕਰੀਬਨ ਚਾਰ ਸਾਲ ਪਹਿਲਾਂ ਪੰਜਾਬੀ ਮਨੋਰੰਜਨ ਜਗਤ ਵਿੱਚ ਆਏ ਸ਼ੁਭਦੀਪ ਸਿੰਘ ਸਿੱਧੂ ਬੜੀ ਤੇਜ਼ੀ ਨਾਲ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੋਏ।

ਇੱਕ ਵਾਰ ਕਾਲਜ ਦੇ ਕੈਂਪਸ ਵਿੱਚ ਇੱਕ ਚੈਨਲ ਦੇ ਹੋਸਟ ਵੱਲੋਂ ਸਟੂਡੈਂਟਸ ਨਾਲ ਗੱਲਬਾਤ ਜਾਰੀ ਸੀ ਕਿ ਉਸੇ ਵਿਚਾਲੇ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਭੀੜ 'ਚੋਂ ਨਿਕਲ ਕੇ ਆਇਆ।

ਐਂਕਰ ਨੇ ਸਿੱਧੂ ਤੋਂ ਉਸਦਾ ਨਾਂ ਪੁੱਛਿਆ, ਉਹ ਵੀ ਦੋ ਵਾਰ, ਝਕਦੇ ਹੋਏ ਸਿੱਧੂ ਨੇ ਆਪਣਾ ਨਾਂ ਸ਼ੁਭਦੀਪ ਸਿੰਘ ਸਿੱਧੂ ਦੱਸਿਆ, ਐਂਕਰ ਨੇ ਫਿਰ ਪੁੱਛਿਆ ਤਾਂ ਫਿਰ ਕਿਹਾ, ਸ਼ੁਭਦੀਪ ਸਿੰਘ ਸਿੱਧੂ।

ਕੈਂਪਸ ਵਿੱਚ ਸ਼ੁਭਦੀਪ ਨੇ ਗਾਣਾ ਗਾਇਆ ਤਾਂ ਸਾਰਿਆਂ ਨੇ ਤਾੜੀਆਂ ਵਜਾਈਆਂ।

ਇੱਕ ਉਹ ਦੌਰ ਸੀ ਜਦੋਂ ਉਸ ਨੂੰ ਆਪਣੇ ਬਾਰੇ ਦੱਸਣਾ ਪੈਂਦਾ ਸੀ ਅਤੇ ਇੱਕ ਹੁਣ ਦਾ ਦੌਰ ਹੈ ਜਦੋਂ ਸ਼ੁਭਦੀਪ ਸਿੰਘ ਸਿੱਧੂ ਮਨੋਰੰਜਨ ਦੀ ਦੁਨੀਆਂ ਤੋਂ ਲੈ ਕੇ ਸਿਆਸੀ ਪਿੜਾਂ ਵਿੱਚ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੈ।

ਸਿੱਧੂ ਮੂਸੇਵਾਲਾ ਦਾ ਪਿੰਡ ਜ਼ਿਲ੍ਹਾ ਮਾਨਸਾ ਵਿੱਚ ਪੈਂਦਾ ਮੂਸਾ ਹੈ। ਸਿੱਧੂ ਮੂਸੇਵਾਲਾ ਦੀ ਚਰਚਾ ਸਾਲ 2018 ਤੋਂ ਜ਼ਿਆਦਾ ਹੋਣ ਲੱਗੀ ਜਦੋਂ ਬੰਦੂਕ ਸੱਭਿਆਚਾਰ ਸਬੰਧੀ ਕਈ ਗੀਤ ਆਏ।

ਸਿੱਧੂ ਮੂਸੇਵਾਲਾ ਦੀ ਮਾਤਾ ਚਰਨਜੀਤ ਕੌਰ ਮੂਸਾ ਪਿੰਡ ਦੇ ਸਰਪੰਚ ਹਨ। ਸਰਪੰਚੀ ਦੀਆਂ ਚੋਣਾਂ ਦੌਰਾਨ ਸਿੱਧੂ ਮੂਸੇਵਾਲਾ ਨੇ ਆਪਣੀ ਮਾਂ ਲਈ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕੀਤਾ ਸੀ।

ਹੁਣ ਸਮਾਂ ਅਜਿਹਾ ਆ ਗਿਆ ਹੈ ਕਿ ਸਿੱਧੂ ਮੂਸੇਵਾਲਾ ਨੇ ਆਪ ਸਿਆਸਤ ਵਿੱਚ ਪੈਰ ਧਰ ਲਿਆ ਹੈ। ਸਿੱਧੂ ਨੇ ਸਰਦਾਰ ਚੇਤਨ ਸਿੰਘ ਸਰਵਹਿੱਤਕਾਰੀ ਵਿੱਦਿਆ ਮੰਦਰ ਮਾਨਸਾ ਤੋਂ ਬਾਰ੍ਹਵੀਂ ਤੱਕ ਦੀ ਪੜ੍ਹਾਈ ਨਾਨ ਮੈਡੀਕਲ ਨਾਲ ਕੀਤੀ ਹੈ। ਇਸ ਮਗਰੋਂ ਉਨ੍ਹਾਂ ਨੇ ਗ੍ਰੈਜੂਏਸ਼ਨ ਕੀਤੀ ਅਤੇ ਬਾਅਦ ਵਿੱਚ ਇੱਕ ਸਾਲ ਦਾ ਡਿਪਲੋਮਾ ਕੈਨੇਡਾ ਵਿੱਚ ਕੀਤਾ।

**ਸਿੱਧੂ ਮੂਸੇਵਾਲਾ 'ਤੇ ਪਏ ਕੇਸ ਅਤੇ ਵਿਵਾਦ**

ਸਿੱਧੂ ਮੂਸੇਵਾਲਾ ਦੇ ਫਾਇਰਿੰਗ ਕਰਨ ਦੇ ਦੋ ਵੀਡੀਓ ਵਾਇਰਲ ਹੋਏ ਸਨ। ਇਨ੍ਹਾਂ ਵਿੱਚੋਂ ਇੱਕ ਵੀਡੀਓ ਸਿੱਧੂ ਮੂਸੇਵਾਲਾ ਵੱਲੋਂ ਬਰਨਾਲਾ ਦੀ ਬਡਬਰ ਫਾਇਰਿੰਗ ਰੇਂਜ ਵਿੱਚ ਕਥਿਤ ਤੌਰ 'ਤੇ ਅਸਾਲਟ ਰਾਈਫਲ ਨਾਲ ਫਾਇਰਿੰਗ ਕਰਦੇ ਦੀ ਸੀ। ਸਿੱਧੂ ਮੂਸੇਵਾਲਾ ਸਣੇ 9 ਲੋਕਾਂ ਖ਼ਿਲਾਫ ਸੰਗਰੂਰ ਅਤੇ ਬਰਨਾਲਾ ਵਿੱਚ ਮਈ 2020 ਵਿੱਚ ਮਾਮਲਾ ਦਰਜ ਕੀਤਾ ਗਿਆ ਸੀ।

ਇੱਕ ਹੋਰ ਵੀਡੀਓ ਵਿੱਚ ਸਿੱਧੂ ਮੂਸੇਵਾਲਾ ਸੰਗਰੂਰ ਦੀ ਲੱਡਾ ਕੋਠੀ ਰੇਂਜ ਵਿੱਚ ਇੱਕ ਪਿਸਟਲ ਨਾਲ ਫਾਇਰਿੰਗ ਕਰਦੇ ਵੇਖੇ ਗਏ ਸੀ। ਇਹ ਦੋਵੇਂ ਵੀਡੀਓ ਲੌਕਡਾਊਨ ਵੇਲੇ ਦੇ ਸਨ। ਪੁਲਿਸ ਨੇ ਪਹਿਲਾਂ ਆਪਦਾ ਪ੍ਰਬੰਧਨ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਬਾਅਦ ਵਿੱਚ ਇਨ੍ਹਾਂ ਦੋਵੇਂ ਮਾਮਲਿਆਂ ਵਿੱਚ ਆਰਮਜ਼ ਐਕਟ ਵੀ ਜੋੜਿਆ ਗਿਆ।

ਇਸ ਤੋਂ ਪਹਿਲਾਂ ਵੀ ਹਥਿਆਰਾਂ ਨੂੰ ਵਧਾਵਾ ਦੇਣ ਵਾਲੇ ਗੀਤਾਂ ਕਾਰਨ ਮੂਸੇਵਾਲਾ 'ਤੇ ਫ਼ਰਵਰੀ 2020 ਵਿੱਚ ਮਾਨਸਾ ਪੁਲਿਸ ਵੱਲੋਂ ਕੇਸ ਦਰਜ ਕੀਤਾ ਗਿਆ ਸੀ। ਆਪਣੇ ਗੀਤ 'ਗੱਭਰੂ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ' ਕਰਕੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵਿਵਾਦਾਂ ਵਿੱਚ ਆਏ।

ਇਸ ਗੀਤ ਕਰਕੇ ਪੰਜਾਬ ਦੀ ਕ੍ਰਾਈਮ ਬਰਾਂਚ ਨੇ ਬੰਦੂਕ ਕਲਚਰ ਅਤੇ ਹਿੰਸਾ ਨੂੰ ਹੱਲਾਸ਼ੇਰੀ ਦੇਣ ਕਰਕੇ ਆਈ ਪੀ ਸੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ।

'ਸੰਜੂ' ਟਾਇਟਲ ਹੇਠਾਂ 16 ਜੁਲਾਈ 2020 ਨੂੰ ਰਿਲੀਜ਼ ਹੋਏ ਇਸ ਗੀਤ ਵਿੱਚ ਸਿੱਧੂ ਮੂਸੇਵਾਲਾ ਆਪਣੇ ਉੱਤੇ ਆਰਮਜ਼ ਐਕਟ ਦੇ ਤਹਿਤ ਦਰਜ ਹੋਏ ਕੇਸ ਦੀ ਤੁਲਨਾ ਬਾਲੀਵੁੱਡ ਅਦਾਕਾਰ ਸੰਜੇ ਦੱਤ ਉੱਤੇ ਲੱਗੇ ਕੇਸ ਨਾਲ ਕੀਤੀ ਸੀ।



ਉਸ ਵੇਲੇ ਓਲੰਪਿਕ ਨਿਸ਼ਾਨੇਬਾਜ਼ ਅਤੇ ਸੀਨੀਅਰ ਪੁਲਿਸ ਅਫਸਰ ਅਵਨੀਤ ਕੌਰ ਸਿੱਧੂ ਵੱਲੋਂ ਆਪਣੇ ਫੇਸਬੁੱਕ ਅਕਾਊਂਟ ਰਾਹੀਂ ਸਿੱਧੂ ਮੂਸੇਵਾਲਾ ਨੂੰ ਨਸੀਹਤ ਵੀ ਦਿੱਤੀ ਗਈ ਸੀ। ਅਵਨੀਤ ਨੇ ਆਪਣੀ ਫੇਸਬੁੱਕ ਪੋਸਟ 'ਚ ਲਿਖਿਆ, 'ਲੰਘੇ ਦਿਨੀਂ ਜੋ ਗੀਤ ਸਿੱਧੂ ਮੂਸੇਵਾਲਾਂ ਵੱਲੋਂ ਪੇਸ਼ ਕੀਤਾ ਗਿਆ ਹੈ ਉਸ ਵਿੱਚ ਉਹ ਖ਼ੁਦ ਨੂੰ ਸੰਜੇ ਦੱਤ ਨਾਲ ਜੋੜ ਰਿਹਾ ਹੈ। ਉਹ ਆਪਣੇ ਉੱਤੇ ਲੱਗੇ ਕੇਸਾਂ ਨੂੰ ਬਹੁਤ ਮਾਣ ਵਾਲੀ ਗੱਲ ਸਮਝ ਰਿਹਾ ਹੈ। ਸਿੱਧੂ ਗੀਤ ਵਿੱਚ ਕਹਿ ਰਿਹਾ ਹੈ ਕਿ ਜਿਨ੍ਹਾਂ ਉੱਤੇ ਕੇਸ ਹੁੰਦਾ ਹੈ ਉਹੀ ਮਰਦ ਹੁੰਦਾ ਹੈ ਬਾਕੀ ਤਾਂ ਐਵੇਂ ਹੀ....'

ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਪੱਤਰਕਾਰਾਂ ਨੇ ਸਿੱਧੂ ਮੂਸੇਵਾਲਾ ਦੇ ਗੰਨ ਕਲਚਰ ਵਾਲੇ ਗਾਣਿਆਂ ਬਾਰੇ ਸਵਾਲ ਕੀਤੇ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਫ਼ੈਸਲਾ ਪੰਜਾਬ ਦੇ ਲੋਕ ਕਰਨਗੇ। ਸਿੱਧੂ ਮੂਸੇਵਾਲਾ 'ਤੇ ਚੱਲਦੇ ਕੇਸਾਂ ਬਾਰੇ ਨਵਜੋਤ ਸਿੱਧੂ ਨੇ ਕਿਹਾ ਸੀ, 'ਇਸ ਗੱਲ ਨੂੰ ਸਮਝੋ ਕਿ ਕੇਸ ਪੈਣ ਦਾ ਮਤਲਬ ਇਹ ਨਹੀਂ ਹੁੰਦਾ ਕਿ ਬੰਦਾ ਗਿਲਟੀ (ਦੋਸ਼ੀ) ਹੋ ਗਿਆ। ਮੇਰੇ 'ਤੇ ਕੇਸ ਪਏ ਸੀ, ਫਿਰ ਲੋਕਾਂ ਨੇ ਛੇ ਚੋਣਾਂ ਜਿੱਤਵਾ ਦਿੱਤੀਆਂ।' 'ਫਿਰ ਵੀ ਜੇ ਤੁਸੀਂ ਸਵਾਲ ਪੁੱਛਿਆ ਹੈ, ਤਾਂ ਜਿਹੜੇ ਰੁੱਖ 'ਤੇ ਅੰਬ ਲੱਗਦੇ ਹਨ ਰੋੜੇ ਵੀ ਉਸੇ ਨੂੰ ਵੱਜਦੇ ਹਨ। ਫਰਵਰੀ 2020 ਵਿੱਚ ਇੱਕ ਸਟੇਜ ਸ਼ੋਅ ਦੌਰਾਨ ਸਿੱਧੂ ਮੂਸੇਵਾਲਾ ਨੇ ਕਿਹਾ ਸੀ, 'ਕੀ ਅੱਜ ਤੱਕ ਮੇਰੇ ਕਿਸੇ ਗਾਣੇ ਵਿੱਚ ਨਸ਼ੇ ਦਾ ਜ਼ਿਕਰ ਆਇਆ, ਵੈੱਬ ਸੀਰੀਜ਼ਾਂ ਵਿੱਚ ਹੁੰਦੀ ਹਿੰਸਾ ਦੇਖੋ ਤੁਸੀਂ, ਅਸੀਂ ਵੀ ਗਾਉਣਾ ਬੰਦ ਕਰਦੇ ਹਾਂ, ਲਾਈਸੈਂਸ ਦੇਣੇ ਬੰਦ ਕਰੋ, ਠੇਕੇ ਬੰਦ ਕਰੋ।'

### ਸਿੱਧੂ ਮੂਸੇਵਾਲਾ ਦੇ ਗਾਣੇ ਅਤੇ ਫਿਲਮਾਂ

ਸਿੱਧੂ ਮੂਸੇਵਾਲਾ ਦੇ ਕਈ ਗੀਤ ਸੁਪਰਹਿੱਟ ਹੋਏ। ਸੋ ਹਾਈ, ਧੱਕਾ, ਓਲਡ ਸਕੂਲ, ਸੰਜੂ ਵਰਗੇ ਗਾਣੇ ਤਾਂ ਯੂਟਿਊਬ ਉੱਤੇ ਕਰੋੜਾਂ ਵਾਰ ਦੇਖੇ ਗਏ। ਇਨ੍ਹਾਂ ਗਾਣਿਆਂ ਰਾਹੀਂ ਬੰਦੂਕ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣ ਦੇ ਇਲਜ਼ਾਮਾਂ ਤਹਿਤ ਮੂਸੇਵਾਲਾ ਦੀ ਆਲੋਚਨਾ ਵੀ ਹੋਈ ਅਤੇ ਕੇਸ ਵੀ ਦਰਜ ਹੋਏ।

ਸਿੱਧੂ ਮੂਸੇਵਾਲਾ ਨੇ ਗਾਇਕੀ ਤੋਂ ਬਾਅਦ ਫਿਲਮਾਂ ਵਿੱਚ ਵੀ ਪੈਰ ਧਰਿਆ।

ਮੂਸੇਵਾਲਾ ਦੀਆਂ ਫਿਲਮਾਂ ਹਨ 'ਯੈਸ ਆਈ ਐਮ ਸਟੂਡੈਂਟ' , 'ਤੇਰੀ ਮੇਰੀ ਜੋੜੀ', 'ਗੁਨਾਹ', 'ਮੂਸਾ ਜੱਟ' ਅਤੇ ਆਉਣ ਵਾਲੀ ਫਿਲਮ ਹੈ 'ਜੱਟਾਂ ਦਾ ਮੁੰਡਾ ਗਾਉਣ ਲੱਗਾ'।

ਸਿੱਧੂ ਮੂਸੇਵਾਲਾ ਦੇ ਗਾਣਿਆਂ ਦੀ ਧਮਕ ਬਾਲੀਵੁੱਡ ਤੱਕ ਵੀ ਹੈ। ਫਿਲਮ ਸਟਾਰ ਰਣਵੀਰ ਸਿੰਘ ਅਤੇ ਵਿੱਕੀ ਕੌਸ਼ਲ ਨੇ ਸੋਸ਼ਲ ਮੀਡੀਆ 'ਤੇ ਸਿੱਧੂ ਦੇ ਗਾਣਿਆਂ ਦੀਆਂ ਸਟੋਰੀਆਂ ਵੀ ਪਾਈਆਂ।

### ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਵੀ ਮੂਸੇਵਾਲਾ ਚਰਚਾ ਵਿੱਚ

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਬੰਗਾ ਨੇੜੇ ਪੈਂਦਾ ਪਿੰਡ ਪਠਲਾਵਾ ਮਾਰਚ 2020 ਵਿੱਚ ਅਚਾਨਕ ਚਰਚਾ ਵਿੱਚ ਆ ਗਿਆ। 18 ਮਾਰਚ ਤੋਂ ਬਾਅਦ ਇਹ ਪਿੰਡ ਚਰਚਾ ਵਿੱਚ ਉਸ ਸਮੇਂ ਆ ਗਿਆ ਜਦੋਂ ਇੱਥੋਂ ਦੇ ਇੱਕ 70 ਸਾਲਾ ਬਜ਼ੁਰਗ ਦੀ ਅਚਾਨਕ ਮੌਤ ਹੋ ਗਈ। ਮੌਤ ਤੋਂ ਬਾਅਦ ਪਤਾ ਲੱਗਾ ਕਿ ਮ੍ਰਿਤਕ ਕੋਰੋਨਾਵਾਇਰਸ ਨਾਲ ਪੀੜਤ ਸੀ। ਇਸ ਤੋਂ ਬਾਅਦ ਪੂਰੇ ਪਿੰਡ ਨੂੰ ਸੀਲ ਕਰ ਦਿੱਤਾ ਗਿਆ। ਇਸ ਪਿੰਡ ਨੂੰ ਪੰਜਾਬ ਵਿਚ ਕੋਰੋਨਾਵਾਇਰਸ ਦੇ ਧੁਰੇ ਵਾਂਗ ਪੇਸ਼ ਕਰ ਦਿੱਤਾ ਗਿਆ। ਇਸ ਗਾਣੇ ਨੂੰ ਪੰਜਾਬ ਦੇ ਤਤਕਾਲੀ ਡੀਜੀਪੀ ਦਿਨਕਰ ਗੁਪਤਾ ਨੇ ਵੀ ਆਪਣੇ ਟਵਿੱਟਰ ਹੈਂਡਲ ਤੋ ਸ਼ੇਅਰ ਕੀਤਾ ਸੀ। ਇਸ ਗਾਣੇ ਨੂੰ ਲੈ ਕੇ ਪਠਲਾਵਾ ਪਿੰਡ ਦੇ ਲੋਕਾਂ ਨੇ ਨਾਰਾਜ਼ਗੀ ਜ਼ਹਿਰ ਕਰਦਿਆਂ ਪਿੰਡ ਨੂੰ ਬਦਨਾਮ ਕਰਨ ਦਾ ਇਲਜ਼ਾਮ ਲਗਾਇਆ ਸੀ। ਪਿੰਡ ਵਾਸੀਆਂ ਨੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਵੀ ਲਿਖੀ ਸੀ।

### ਪੰਜਾਬ ਪੁਲਿਸ ਦੀ ਮੁਹਿੰਮ ਦਾ ਹਿੱਸਾ

ਲੌਕਡਾਊਨ ਦੌਰਾਨ ਸਿੱਧੂ ਮੂਸੇਵਾਲਾ ਨੇ ਪੰਜਾਬ ਪੁਲਿਸ ਦੀ ਡਾਕਟਰਾਂ ਨੂੰ ਸਨਮਾਨਿਤ ਕਰਨ ਦੀ ਮੁਹਿੰਮ ਦਾ ਹਿੱਸਾ ਵੀ ਰਹੇ ਸਨ। ਅਪ੍ਰੈਲ ਵਿੱਚ ਉਨ੍ਹਾਂ ਨੇ ਪੰਜਾਬ ਪੁਲਿਸ ਨਾਲ ਮਿਲ ਕੇ ਮਾਨਸਾ ਦੇ ਇੱਕ ਡਾਕਟਰ ਦਾ ਜਨਮ ਦਿਨ ਮਨਾਇਆ ਸੀ। ਉਸ ਦੇ ਲਈ ਬਕਾਇਦਾ ਸਿੱਧੂ ਮੂਸੇਵਾਲਾ ਉਨ੍ਹਾਂ ਦੇ ਘਰ ਗਏ ਤੇ ਸਨਮਾਨ ਵਿੱਚ ਗੀਤ ਵੀ ਗਾਏ ਸਨ। ਖ਼ੈਰ, ਸਿੱਧੂ ਮੂਸੇਵਾਲਾ ਦੀ ਮੁਖਾਲਫ਼ਤ ਅਤੇ ਸਿਫ਼ਤਾਂ ਕਰਨ ਵਾਲਿਆਂ ਦੀ ਵੱਡੀ ਗਿਣਤੀ ਸੀ, ਪਰ ਤਿੰਨ ਦਸੰਬਰ ਨੂੰ ਦਿੱਲੀ ਵਿੱਚ ਰਾਹੁਲ ਗਾਂਧੀ ਨਾਲ ਜਦੋਂ ਸਿੱਧੂ ਮੂਸੇਵਾਲਾ ਦੀ ਮੁਲਾਕਾਤ ਕਰਵਾ ਕੇ ਨਵਜੋਤ ਸਿੱਧੂ ਨਿਕਲੇ ਤਾਂ ਉਨ੍ਹਾਂ ਕਿਹਾ ਸੀ- 'ਭਾਈ (ਰਾਹੁਲ ਗਾਂਧੀ) ਨੇ ਸਿੱਧੂ ਮੂਸੇਵਾਲਾ ਦੀ ਬਹੁਤ ਸਰਹਨਾ ਕੀਤੀ ਹੈ, ਸਿੱਧੂ ਮੂਸੇਵਾਲਾ ਦੇ ਮਿਲੀਅਨ ਵਿੱਚ ਗਾਣੇ ਚਲਦੇ ਹਨ, ਮੈਨੂੰ ਤਾਂ ਐਨੀਆਂ ਜ਼ੀਰੋਆਂ ਵੀ ਨਹੀਂ ਆਉਂਦੀਆਂ,ਵੋ ਰੌਕਸਟਾਰ ਹੈ, ਭਾਈ ਅਬ ਪੋਲੀਟੀਸ਼ੀਅਨ ਬਨ ਚੁਕਾ ਹੈ।'

# ਕੌਣ ਹਨ ਲਾਰੈਂਸ ਤੇ ਗੋਲਡੀ ਬਰਾੜ?

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)-ਪੰਜਾਬੀ ਗਾਇਕ ਅਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਉੱਪਰ ਮਾਨਸਾ ਵਿਖੇ ਅਣਪਛਾਤੇ ਲੋਕਾਂ ਵੱਲੋਂ ਐਤਵਾਰ ਸ਼ਾਮੀਂ ਗੋਲੀਆਂ ਚਲਾਈਆਂ ਗਈਆਂ, ਜਿਸ ਵਿਚ ਉਨ੍ਹਾਂ ਦੀ ਮੌਤ ਹੋ ਗਈ ਹੈ।

ਪੁਲਿਸ ਮੁਤਾਬਕ, ਨਾ ਤਾਂ ਉਹ ਆਪਣੀ ਬੁਲੇਟ ਪਰੂਫ਼ ਗੱਡੀ 'ਚ ਗਏ ਸਨ ਅਤੇ ਨਾ ਹੀ ਸੁਰੱਖਿਆ ਵਿੱਚ ਤੈਨਾਤ ਦੋ ਕਮਾਂਡੋਜ਼ ਨੂੰ ਨਾਲ ਲੈ ਕੇ ਗਏ ਸਨ। ਜਾਣਕਾਰੀ ਮੁਤਾਬਕ, ਵਾਰਦਾਤ ਵਾਲੀ ਥਾਂ ਉੱਤੇ ਚੱਲੀਆਂ ਗੋਲੀਆਂ ਦੇ 30 ਖਾਲੀ ਖੋਲ੍ਹ ਮਿਲੇ ਹਨ, ਜੋ ਤਿੰਨ ਵੱਖਰੇ ਵੱਖਰੇ ਹਥਿਆਰਾਂ ਦੇ ਹਨ। ਹਮਲੇ ਵਿਚ 9 ਐੱਮਐੱਮ, 7,62 ਐੱਮਐੱਮ ਅਤੇ 0.30 ਦੇ ਖੋਲ੍ਹ ਬਰਾਮਦ ਕੀਤੇ ਗਏ ਹਨ ।

ਲਾਰੈਂਸ ਬਿਸ਼ਨੋਈ ਅਤੇ ਲੱਕੀ ਪਟਿਆਲ ਗਰੁੱਪ ਵਿਚਾਲੇ ਦੀ ਹੋ ਸਕਦੀ ਹੈ ਲੜਾਈ

ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿੱਚ ਲਾਰੈਂਸ ਬਿਸ਼ਨੋਈ ਸਮੂਹ ਦਾ ਨਾਂ ਸਾਹਮਣੇ ਆ ਰਿਹਾ ਹੈ। ਪੰਜਾਬ ਦੇ ਡੀਜੀਪੀ ਵੀ ਕੇ ਭੰਵਰਾ ਮੁਤਾਬਕ, ਮੁਤਾਬਕ ਮੁੱਢਲੀ ਜਾਂਚ ਵਿੱਚ ਇਹ ਲਾਰੈਂਸ ਬਿਸ਼ਨੋਈ ਅਤੇ ਲੱਕੀ ਪਟਿਆਲ ਗਰੁੱਪ ਵਿਚਾਲੇ ਦੀ ਲੜਾਈ ਲੱਗਦੀ ਹੈ।

ਉਨ੍ਹਾਂ ਦੱਸਿਆ, 'ਬਿਸ਼ਨੋਈ ਗਰੁੱਪ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ ਅਤੇ ਇਸ ਨੂੰ ਵਿੱਕੀ ਮਿੱਠੂਖੇੜਾ ਦੇ ਕਤਲ ਦਾ ਬਦਲਾ ਦੱਸਿਆ ਹੈ।'

ਡੀਜੀਪੀ ਮੁਤਾਬਕ ਮਿੱਠੂਖੇੜਾ ਕਤਲ ਕੇਸ ਵਿਚ ਸੰਨੀ, ਅਨਿਲ ਲੱਥ ਅਤੇ ਭੋਲੂ ਨਾਂ ਦੇ ਤਿੰਨ ਸ਼ੂਟਰਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਇਹ ਸਾਰੇ ਹਰਿਆਣਾ ਦੇ ਰਹਿਣ ਵਾਲੇ ਹਨ ਅਤੇ ਦਿੱਲੀ ਪੁਲਿਸ ਵਲੋਂ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ।

ਵਿੱਕੀ ਕੇਸ ਵਿਚ ਮੂਸੇਵਾਲਾ ਦਾ ਮੈਨੇਜਰ ਸ਼ਗਨਪ੍ਰੀਤ ਵੀ ਮੁਲਜ਼ਮ ਨਾਮਜ਼ਦ ਕੀਤਾ ਗਿਆ ਹੈ, ਪਰ ਉਹ ਬਚ ਕੇ ਆਸਟ੍ਰੇਲੀਆ ਜਾ ਚੁੱਕਾ ਹੈ।

ਮੂਸੇਵਾਲਾ ਕਤਲ ਮਾਮਲੇ ਵਿੱਚ ਜਿਸ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦਾ ਨਾਮ ਸਾਹਮਣੇ ਆਇਆ ਹੈ, ਆਖਿਰ ਉਹ ਕੌਣ ਹਨ।

ਇੰਡੀਆ ਟੁਡੇ ਦੀ ਇੱਕ ਰਿਪੋਰਟ ਮੁਤਾਬਕ, ਬਿਸ਼ਨੋਈ ਗਰੁੱਪ ਵਿੱਚ 700 ਦੇ ਕਰੀਬ ਮੈਂਬਰ ਹਨ। ਬਿਸ਼ਨੋਈ ਦੇ ਇਸ ਗਰੁੱਪ ਵਿੱਚ ਪ੍ਰੋਫੈਸ਼ਨਲ ਸ਼ੂਟਰ ਵੀ ਸ਼ਾਮਲ ਹਨ ਅਤੇ ਇਹ ਸਮੂਹ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਅਤੇ ਹਿਮਾਚਲ ਸਮੇਤ ਕਈ ਥਾਵਾਂ ਤੋਂ ਚਲਾਇਆ ਜਾਂਦਾ ਹੈ। ਇੱਥੋਂ ਤੱਕ ਕਿ ਇਨ੍ਹਾਂ ਦੇ ਸੰਪਰਕ ਕੈਨੇਡਾ ਸਣੇ ਹੋਰ ਕਈ ਮੁਲਕਾਂ ਵਿੱਚ ਵੀ ਦੱਸੇ ਗਏ ਹਨ।

**ਸ਼ਗਨਪ੍ਰੀਤ**

ਸ਼ਗਨਪ੍ਰੀਤ ਸਿੱਧੂ ਮੂਸੇਵਾਲਾ ਦੇ ਮੈਨੇਜਰ ਹਨ ਅਤੇ ਉਨ੍ਹਾਂ ਨੂੰ ਵੀ ਵਿੱਕੀ ਮਿਡੂਖੇੜਾ ਕੇਸ ਵਿੱਚ ਮੁਲਜ਼ਮ ਨਾਮਜ਼ਦ ਕੀਤਾ ਗਿਆ ਹੈ, ਪਰ ਉਹ ਬਚ ਕੇ ਆਸਟ੍ਰੇਲੀਆ ਜਾ ਚੁੱਕਾ ਹੈ। ਡੀਜੀਪੀ ਭੰਵਰਾ ਨੇ ਵੀ ਪ੍ਰੈਸ ਕਾਨਫਰੰਸ ਵਿੱਚ ਇਹ ਜਾਣਕਾਰੀ ਦਿੱਤੀ ਹੈ, 'ਬਿਸ਼ਨੋਈ ਗਰੁੱਪ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ ਅਤੇ ਇਸ ਨੂੰ ਵਿੱਕੀ ਮਿੱਠੂਖੇੜਾ ਦੇ ਕਤਲ ਦਾ ਬਦਲਾ ਦੱਸਿਆ ਹੈ।' ਉਨ੍ਹਾਂ ਇਹ ਵੀ ਕਿਹਾ ਕਿ ਮੈਨੇਜਰ ਸ਼ਗਨਪ੍ਰੀਤ ਦਾ ਨਾਮ ਮਿੱਠੂਖੇੜਾ ਕਤਲ ਕੇਸ ਵਿਚ ਆਇਆ ਸੀ, ਉਹ ਇਸ ਸਮੇਂ ਬਾਹਰ ਹੈ।

**ਵਿੱਕੀ ਮਿੱਡੂਖੇੜਾ**

ਡੀਜੀਪੀ ਭੰਵਰਾ ਮੁਤਾਬਕ, 'ਬਿਸ਼ਨੋਈ ਗਰੁੱਪ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ ਅਤੇ ਇਸ ਨੂੰ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਦੱਸਿਆ ਹੈ।' ਦੱਸ ਦੇਈਏ ਕਿ 8 ਅਗਸਤ 2021 ਨੂੰ ਮੁਹਾਲੀ ਦੇ ਸੈਕਟਰ 71 ਦੀ ਮਾਰਕੀਟ ਵਿੱਚ ਵਿੱਕੀ ਮਿੱਡੂਖੇੜਾ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਯੂਥ ਅਕਾਲੀ ਦਲ ਆਗੂ ਵਿਕਰਮਜੀਤ ਸਿੰਘ ਉਰਫ਼ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਜ਼ਿੰਮੇਵਾਰੀ ਇੱਕ ਕਥਿਤ ਗੈਂਗਸਟਰ ਸਮੂਹ ਨੇ ਲਈ ਸੀ।



### ਗੋਲਡੀ ਬਰਾੜ

ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਕ, ਸਤਿੰਦਰ ਸਿੰਘ ਉਰਫ਼ ਗੋਲਡੀ ਬਰਾੜ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਮੰਨਿਆ ਜਾਂਦਾ ਹੈ।

ਗੋਲਡੀ ਇਸ ਸਮੇਂ ਕੈਨੇਡਾ ਵਿੱਚ ਰਹਿ ਰਹੇ ਹਨ ਅਤੇ ਉਨ੍ਹਾਂ ਨੇ ਹੀ ਫੇਸਬੁਕ ਰਾਹੀਂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ।

ਲੰਘੇ ਸਾਲ, ਫਰੀਦਕੋਟ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਯੂਥ ਕਾਂਗਰਸ ਦੇ ਆਗੂ ਗੁਰਲਾਲ ਸਿੰਘ ਪਹਿਲਵਾਨ ਦੇ ਕਤਲ ਦੇ ਮਾਮਲੇ 'ਚ ਗੋਲਡੀ ਖ਼ਿਲਾਫ਼ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ।

ਇਸ ਤੋਂ ਇਲਾਵਾ ਗੁਰੂਗ੍ਰਾਮ ਵਿੱਚ ਹੋਏ ਦੂਹਰੇ ਕਤਲ ਦੇ ਮਾਮਲੇ ਵਿੱਚ ਵੀ ਗੋਲਡੀ ਦਾ ਨਾਮ ਸਾਹਮਣੇ ਆਇਆ ਸੀ।

### ਲਾਰੈਂਸ ਬਿਸ਼ਨੋਈ




31 ਸਾਲਾ ਲਾਰੈਂਸ ਬਿਸ਼ਨੋਈ 'ਤੇ ਕਤਲ, ਲੁੱਟ ਅਤੇ ਮਾਰ-ਕੁੱਟ ਸਣੇ ਕਈ ਮਾਮਲਿਆਂ ਦੇ ਇਲਜ਼ਾਮ ਹਨ। ਬਿਸ਼ਨੋਈ ਖ਼ਿਲਾਫ਼ ਪੰਜਾਬ, ਦਿੱਲੀ ਅਤੇ ਰਾਜਸਥਾਨ ਵਿਖੇ ਕਈ ਮਾਮਲੇ ਦਰਜ ਹਨ।

ਲਾਰੈਂਸ਼ ਬਿਸ਼ਨੋਈ ਪਹਿਲਾਂ ਰਾਜਸਥਾਨ ਦੀ ਭਰਤਪੁਰ ਜੇਲ੍ਹ ਵਿੱਚ ਬੰਦ ਸੀ, ਪਰ ਅੱਜਕੱਲ ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ।

ਪੰਜਾਬ ਪੁਲਿਸ ਨੂੰ ਸ਼ੱਕ ਹੈ ਕਿ ਲਾਰੈਂਸ ਬਿਸ਼ਨੋਈ ਨੇ ਜੇਲ੍ਹ ਵਿਚ ਬੈਠੇ ਨੇ ਹੀ ਸਿੱਧੂ ਮੂਸੇਵਾਲਾ ਦੀ ਸਾਜ਼ਿਸ਼ ਘੜੀ ਅਤੇ ਇਸ ਨੂੰ ਅਮਲੀ ਜਾਮਾ ਉਸ ਦੇ ਕੈਨੇਡਾ ਰਹਿੰਦੇ ਸਾਥੀ ਗੋਲਡੀ ਬਰਾੜ ਨੇ ਸਿਰੇ ਚੜ੍ਹਾਇਆ।

ਇੰਡੀਆ ਟੂਡੇ ਦੀ ਰਿਪੋਰਟ ਮੁਤਾਬਕ, ਲਾਰੈਂਸ ਬਿਸ਼ਨੋਈ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐੱਲਐੱਲਬੀ ਕੀਤੀ ਹੈ ਅਤੇ ਇਸੇ ਦੌਰਾਨ ਉਸ ਨੇ ਗੈਰ ਕਾਨੂੰਨੀ ਕੰਮ ਕਰਨੇ ਵੀ ਸ਼ੁਰੂ ਕੀਤੇ ਸਨ।

ਸਾਲ 2009 ਵਿੱਚ ਬਿਸ਼ਨੋਈ ਦੀ ਮੁਲਾਕਾਤ ਉਸ ਸਮੇਂ ਦੇ ਸਟੂਡੈਂਟ ਪ੍ਰਧਾਨ ਗੋਲਡੀ ਨਾਲ ਹੋਈ ਅਤੇ ਉਸ ਤੋਂ ਬਾਅਦ ਹੀ ਬਿਸ਼ਨੋਈ ਯੂਨੀਵਰਸਿਟੀ ਪਾਲੀਟਿਕਸ 'ਚ ਹਿੱਸਾ ਲੈਣ ਲੱਗਾ।

ਦਿ ਕਵਿੰਟ ਦੀ ਰਿਪੋਰਟ ਅਨੁਸਾਰ, ਬਿਸ਼ਨੋਈ ਭਾਈਚਾਰੇ ਨਾਲ ਸਬੰਧਿਤ ਲਾਰੇਂਸ ਬਿਸ਼ਨੋਈ ਦਾ ਨਾਮ ਉਸ ਵੇਲੇ ਖਾਸਾ ਚਰਚਾ ਵਿੱਚ ਆਇਆ ਸੀ ਜਦੋਂ ਉਸ ਦੇ ਗੈਂਗ ਨਾਲ ਜੁੜੇ ਇੱਕ ਵਿਅਕਤੀ ਨੇ ਸਲਮਾਨ ਖਾਨ ਨੂੰ ਧਮਕੀ ਦੇਣ ਦੇ ਮਾਮਲੇ 'ਦਰਅਸਲ, ਬਿਸ਼ਨੋਈ ਭਾਈਚਾਰਾ ਕਾਲੇ ਹਿਰਨ (ਚਿੰਕਾਰੇ) ਨੂੰ ਪੂਜਨੀਕ ਮੰਨਦਾ ਹੈ ਅਤੇ ਸਲਮਾਨ ਖਾਨ ਦੁਆਰਾ ਕਾਲੇ ਹਿਰਨ ਦੇ ਸ਼ਿਕਾਰ ਕਰਨ ਵਾਲੇ ਮਾਮਲੇ ਵਿੱਚ ਲਾਰੈਂਸ ਗਰੁੱਪ ਦੇ ਇੱਕ ਮੈਂਬਰ ਸੰਪਤ ਨੇਹਰਾ ਨੇ ਅਦਾਕਾਰ ਨੂੰ ਮਾਰਨ ਦੀ ਧਮਕੀ ਦਿੱਤੀ ਸੀ।

ਟਾਈਮਜ਼ ਆਫ਼ ਇੰਡੀਆ ਦੀ ਖ਼ਬਰ ਮੁਤਾਬਕ, 1 ਮਈ ਨੂੰ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨਾਲ ਜੁੜੇ 3 ਵਿਅਕਤੀਆਂ ਨੂੰ ਬਠਿੰਡਾ ਤੋਂ ਗ੍ਰਿਫ਼ਤਾਰ ਕੀਤਾ ਸੀ। ਉਹ ਤਿੰਨੇ ਮਾਲਵਾ ਇਲਾਕੇ ਦੇ ਇੱਕ ਜਾਣੇ-ਪਛਾਣੇ ਕਾਰੋਬਾਰੀ 'ਤੇ ਹਮਲੇ ਦੀ ਤਿਆਰੀ ਕਰ ਰਹੇ ਸਨ ਤਾਂ ਜੋ ਉਸ ਕਾਰੋਬਾਰੀ ਤੋਂ ਪੈਸੇ ਵਸੂਲੇ ਜਾ ਸਕਣ।

## ਸਿਡਨੀ 'ਚ ਸਿੱਧੂ ਮੂਸੇਵਾਲਾ ਦੀ ਯਾਦ 'ਚ ਕੈਂਡਲ ਮਾਰਚ ਕੱਢਿਆ ਗਿਆ



ਸਿਡਨੀ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬ ਦੇ ਮਾਨਸਾ ਜ਼ਿਲ੍ਹੇ ਨਾਲ ਸੰਬੰਧਤ ਨੌਜਵਾਨ ਗਾਇਕ ਅਤੇ ਕਾਂਗਰਸ ਪਾਰਟੀ ਦੇ ਲੀਡਰ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਦਾ ਗੈਂਗਸਟਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਮੰਦਭਾਗੀ ਖ਼ਬਰ ਨੇ ਸਮੁੱਚੀ ਦੁਨੀਆਂ ਵਿੱਚ ਵੱਸਦੇ ਸਿੱਧੂ ਮੂਸੇਵਾਲਾ ਦੇ ਚਾਹੁਣ ਵਾਲਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਆਸਟ੍ਰੇਲੀਆ ਵਿੱਚ ਵੱਸਦੇ ਐੱਨ. ਆਰ. ਆਈ. ਭਾਈਚਾਰੇ ਨੇ ਵੀ ਇਸ ਕਤਲ ਦੀ ਨਿਖੇਧੀ ਕੀਤੀ ਹੈ। ਭਾਈਚਾਰੇ ਅਤੇ ਪੰਜਾਬ ਚਿੰਤਕ ਲੋਕਾਂ ਨੇ ਆਸਟ੍ਰੇਲੀਆ ਵਿੱਚ ਸਿਡਨੀ ਦੇ ਬਲੈਕਟਾਊਨ ਸ਼ੋਅ ਗਰਾਊਂਡ ਵਿੱਚ ਕੈਂਡਲ ਮਾਰਚ ਵਿੱਚ ਸਮੁੱਚੇ ਪੰਜਾਬੀਆਂ ਨੂੰ ਪਹੁੰਚਣ ਅਪੀਲ ਕੀਤੀ ਗਈ ਸੀ।

ਇਸ ਮੌਕੇ ਪੰਜਾਬ ਪ੍ਰਤੀ ਚਿੰਤਕ ਐੱਨ. ਆਰ. ਆਈਜ਼. ਨੇ ਗੱਲ-ਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਆਏ ਦਿਨ ਨੌਜਵਾਨ ਗੈਂਗਸਟਰਾਂ ਦੀ ਗੋਲੀ ਦੀ ਭੇਟ ਚੜ ਰਿਹਾ ਹੈ। ਸਿੱਧੂ ਮੂਸੇਵਾਲਾ, ਜਿਸ ਨੇ ਪੰਜਾਬ ਦਾ ਨਾਮ ਦੁਨੀਆਂ ਵਿੱਚ ਆਪਣੀ ਗਾਇਕੀ ਨਾਲ ਰੌਸ਼ਨ ਕੀਤਾ, ਦਾ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕਰਨ ਦੀ ਅਸੀਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸਿੱਧੂ ਮੂਸੇਵਾਲਾ ਦੇ ਕਾਤਲਾਂ ਨੂੰ ਜਲਦ ਤੋਂ ਜਲਦ ਫੜਿਆ ਜਾਵੇ ਅਤੇ ਉਨ੍ਹਾਂ 'ਤੇ ਕਾਰਵਾਈ ਕੀਤੀ ਜਾਵੇ। ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਕੈਂਡਲ ਮਾਰਚ ਸਿਡਨੀ ਦੇ ਬਲੈਕਟਾਊਨ ਇਲਾਕੇ ਦੇ ਸ਼ੋਅਗਰਾਊਂਡ ਵਿੱਚ ਕੱਢਿਆ ਗਿਆ, ਜਿਸ ਵਿੱਚ ਸਿੱਧੂ ਮੂਸੇਵਾਲਾ ਲਈ ਅਰਦਾਸ ਕੀਤੀ ਗਈ। ਦੱਸ ਦੇਈਏ ਕਿ ਪੰਜਾਬ ਦੇ ਮਾਨਸਾ 'ਚ ਅਣਪਛਾਤੇ ਹਮਲਾਵਰਾਂ ਨੇ ਸਿੱਧੂ ਮੂਸੇਵਾਲਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮਾਨਸਾ ਹਸਪਤਾਲ ਦੇ ਸਿਵਲ ਸਰਜਨ ਡਾ. ਰਣਜੀਤ ਰਾਏ ਨੇ ਦੱਸਿਆ ਕਿ ਜਦੋਂ ਮੂਸੇਵਾਲਾ ਨੂੰ ਹਸਪਤਾਲ ਲਿਆਂਦਾ ਗਿਆ, ਉਦੋਂ ਉਨ੍ਹਾਂ ਦੀ ਮੌਤ ਹੋ ਚੁੱਕੀ ਹੋਈ ਸੀ। ਇਹ ਘਟਨਾ ਪੰਜਾਬ ਪੁਲਿਸ ਵੱਲੋਂ 424 ਹੋਰਾਂ ਸਮੇਤ ਉਨ੍ਹਾਂ ਦੀ ਸੁਰੱਖਿਆ ਵਾਪਸ ਲੈਣ ਤੋਂ 1 ਦਿਨ ਬਾਅਦ ਵਾਪਰੀ।


ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, 780 417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com